# ਟੈਕਸੀਨਾਮਾ

(ਵਾਰਤਕ)

ਬਿਹਤਰ ਪੁਸਤਕਾਂ ਜ਼ਿੰਦਗੀ ਜਿਊਣਾ ਹੀ
ਨਹੀਂ, ਸਗੋਂ ਮਾਣਨਾ ਸਿਖਾਉਂਦੀਆਂ ਹਨ
ਪੀਪਲਜ਼ ਫੋਰਮ (ਰਜਿ:) ਬਰਗਾੜੀ
98729-89313, 98767-10809

# ਟੈਕਸੀਨਾਮਾ

(ਵਾਰਤਕ)

ਹਰਪ੍ਰੀਤ ਸਿੰਘ ਸੇਖਾ

PEOPLE'S FORUM
BARGARI PUNJAB
NGO Estd. 2000

ਪੀਪਲਜ਼ ਫ਼ੋਰਮ

ਬਰਗਾੜੀ, ਪੰਜਾਬ

www.peoplesforumpunjab.com

ਟੈਕਸੀਨਾਮਾ Texinama
(ਵਾਰਤਕ) (Fiction)

ਹਰਪ੍ਰੀਤ ਸਿੰਘ ਸੇਖਾ Harpreet Singh Sekha ©
ਸਰੀ, ਕੈਨੇਡਾ 14913-83A AVE
Ph. 604-599-4986 surrey, BC, V3S 7S2
CANADA
hsekha@hotmail.com

ਪਹਿਲੀ ਵਾਰ : 2012
ਦੂਜੀ ਵਾਰ : 2017

ਟਾਈਟਲ : ਹੈਰੀ ਖੀਪਲ

ਮੁੱਲ : 100/- (ਸੌ ਰੁਪਏ)

ਪੀਪਲਜ਼ ਫੋਰਮ
ਬਰਗਾੜੀ, ਪੰਜਾਬ
www.peoplesforumpunjab.com

ਪ੍ਰਕਾਸ਼ਕ : Publication :
ਪੀਪਲਜ਼ ਫੋਰਮ (ਰਜਿ:) People's Forum
ਬਰਗਾੜੀ, ਫ਼ਰੀਦਕੋਟ - 151 208 Bargari, Faridkot-151208
98729 89313, 98767 10809 01635-244053 9872989313
www.peoplesforumpunjab.com www.peoplesforumpunjab.com

ਪੀਪਲਜ਼ ਫ਼ੋਰਮ (ਰਜਿ.) ਸਿਹਤ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਰਚਾਉਣ ਲਈ ਪ੍ਰਤੀਬੱਧ ਸਮਾਜ-ਸੇਵੀ ਸੰਸਥਾ ਹੈ। ਇਸ ਵੱਲੋਂ ਪ੍ਰਕਾਸ਼ਤ ਪੁਸਤਕਾਂ, ਪੋਸਟਰ, ਕੈਲੰਡਰ ਅਤੇ ਸੀ. ਡੀਜ਼ ਨੌਜਵਾਨ ਵਰਗ ਅੰਦਰ ਚੇਤਨਾ ਪੈਦਾ ਕਰਨ ਹਿੱਤ ਹੈ।

Printed & Bound at:
Aarna Printing Solutions, Patiala
Ph. 9914840666

# ਸਮਰਪਣ

ਭੱਜੀ ਬਾਂਹ, ਗੋਲਡੀ ਦੇ ਨਾਮ

# ਤਤਕਰਾ


| | |
|---|---|
| ਕੁਝ ਸ਼ਬਦ | 7 |
| ਧੌਲਾ ਸਾਹਿਬ | 9 |
| ਨਵਾਂ ਜਨਮ | 13 |
| ਬਦਲਦੇ ਰੌਂ | 16 |
| ਸ਼ੀਸ਼ਾ | 18 |
| ਘਾਟੇ ਵਾਲਾ ਸੌਦਾ | 21 |
| ਪੇਸ਼ਾ | 24 |
| ਸ਼ਰਾਫਤ ਕਿ ਡਰ | 27 |
| ਆਪਣੀ ਪੀੜ | 30 |
| ਲੌਂਦਾ | 36 |
| ਨਵਾਂ ਸਾਲ | 41 |
| ਟਿੱਪ | 45 |
| ਸਿਆਸੀ ਸਵਾਰੀ | 49 |
| ਗਰੀਡੀ ਡੌਗ | 52 |
| ਇੱਕ ਬੇਰੰਗ-ਰਸ ਸ਼ਿਫਟ | 56 |
| ਦੁਖੀ ਡਰਾਈਵਰ | 67 |
| ਜੈਰੀ ਸਹੋਤਾ | 70 |
| ਇਕਬਾਲ ਸਿੰਘ ਅਟਵਾਲ | 74 |
| ਰਣਜੀਤ ਸਿੰਘ ਗਿੱਲ | 78 |
| ਹੰਕਾਰ ਸਿੰਘ | 83 |
| ਟੈਕਸੀ ਸਨਅਤ | 86 |
| ਹਵਾ ਆਉਣ ਦੇ | 93 |
| ਵੈਨਕੂਵਰ ਦੀ ਟੈਕਸੀ | 95 |

# ਕੁਝ ਸ਼ਬਦ

1990-91 'ਚ ਜਦੋਂ ਵੀ ਮੈਨੂੰ ਆਪਣੇ ਕੰਮ ਤੋਂ ਛੁੱਟੀ ਹੁੰਦੀ, ਮੈਂ ਟੈਕਸੀ ਚਲਾਉਣ ਭੱਜਦਾ। ਟੈਕਸੀ ਚ ਨਵੇਂ ਅਨੁਭਵ ਹੁੰਦੇ। ਹੋਰ ਡਰਾਈਵਰਾਂ ਦੇ ਅਨੁਭਵ ਸੁਣਦਾ। ਮੇਰਾ ਜੀਅ ਕਰਦਾ ਕਿ ਇਨ੍ਹਾਂ ਨੂੰ ਲਿਖਾਂ। ਪਰ ਕਦੇ ਫੇਰ ਸਹੀ 'ਤੇ ਛੱਡ ਦਿੰਦਾ। ਫੇਰ ਮੈਂ ਨਰੰਜਣ ਤਸਨੀਮ ਹੋਰਾਂ ਦਾ ਨਾਵਲ ਪੜ੍ਹਿਆ 'ਇੱਕ ਹੋਰ ਨਵਾਂ ਸਾਲ'। ਇਸ ਨਾਵਲ ਵਿਚ ਇਕ ਰਿਕਸ਼ੇ ਵਾਲੇ ਦੇ ਨਵੇਂ ਸਾਲ ਦੇ ਦਿਨ ਦੇ ਰੁਝੇਵਿਆਂ ਦਾ ਵਰਨਣ ਹੈ। ਮੇਰੇ ਚਿੱਤ 'ਚ ਆਈ ਕਿ ਇਸ ਤਰ੍ਹਾਂ ਦਾ ਨਾਵਲ ਲਿਖਾਂ, ਜਿਸ ਵਿਚ ਵੈਨਕੂਵਰ ਦੀ ਟੈਕਸੀ ਸਨਅਤ ਦਾ ਸਭਿਆਚਾਰ ਹੋਵੇ। ਕਈ ਦਿਨ ਸੋਚਦਾ ਵੀ ਰਿਹਾ ਪਰ ਇਹ ਕੰਮ ਵੱਡਾ ਸੀ ਤੇ ਮੈਂ ਨਵੀਂ ਧਰਤੀ 'ਤੇ ਆਪਣੇ ਪੈਰ ਜਮਾਉਣ ਵਿਚ ਜੁਟਿਆ ਹੋਇਆ ਸੀ ਤੇ ਗੱਲ ਕਦੇ ਫੇਰ ਸਹੀ 'ਤੇ ਪੈ ਗਈ। ਤਿੰਨ ਕੁ ਸਾਲ ਪਹਿਲਾਂ ਵਰਿਆਮ ਸਿੰਘ ਸੰਧੂ ਹੋਰਾਂ ਨੇ ਸੀਰਤ ਨਾਂ ਦਾ ਰਸਾਲਾ ਕੱਢਿਆ। ਉਨ੍ਹਾਂ ਨੇ ਰਸਾਲੇ ਲਈ ਕੁਝ ਲਿਖਣ ਦੀ ਜਿੰਮੇਵਾਰੀ ਲਾ ਦਿੱਤੀ। ਮੈਂ ਟੈਕਸੀਨਾਮਾ ਸ਼ੁਰੂ ਕਰ ਦਿੱਤਾ। ਕੁਝ ਗੱਲਾਂ ਚੇਤੇ 'ਚ ਸਨ ਤੇ ਕਈ ਭੁੱਲ-ਭਲਾ ਗਈਆਂ ਸਨ। ਮੈਂ ਟੈਕਸੀ ਚਲਾਉਣੀ ਛੱਡ ਦਿੱਤੀ ਸੀ। ਸੱਜਰੇ ਅਨੁਭਵ ਕਰਨ ਲਈ ਮੈਂ ਫਿਰ ਕਦੇ-ਕਦਾਈਂ ਟੈਕਸੀ ਚਲਾਉਣ ਲੱਗ ਪਿਆ। ਟੈਕਸੀਨਾਮਾ ਲਿਖਦਿਆਂ ਹੀ ਮੈਂ ਸੋਚਿਆ ਕਿ ਟੈਕਸੀ ਸਨਅਤ ਬਾਰੇ ਇੱਕ ਕਿਤਾਬ ਲਿਖਾਂ। ਇਸ ਖਾਤਰ ਮੈਂ ਕੁਝ ਪੁਰਾਣੇ ਟੈਕਸੀ ਡਰਾਈਵਰਾਂ ਨਾਲ ਮੁਲਾਕਾਤਾਂ ਕੀਤੀਆਂ। ਟੈਕਸੀ ਕਿੱਤੇ ਵਿਚ ਓਨ੍ਹਾਂ ਦੇ ਰਾਹ ਵਿਚ ਆਈਆਂ ਔਕੜਾਂ ਬਾਰੇ ਜਾਨਣ ਦੀ ਮੇਰੀ ਉਤਸੁਕਤਾ ਸੀ। ਮੁਲਾਕਾਤਾਂ ਦਾ ਟੇਪ ਤੋਂ ਉਤਾਰਾ ਕਰਦਿਆਂ ਮੈਂ ਸੋਚਿਆ ਕਿ ਕਿਓਂ ਨਾ ਇਨ੍ਹਾਂ ਨੂੰ ਇਵੇਂ ਹੀ ਪਿਆ ਰਹਿਣ ਦਿਆਂ 'ਤੇ ਫੇਰ ਵੇਹਲੇ ਸਮੇਂ ਨਾਵਲ ਲਿਖਾਂ। ਅੰਦਰਲਾ ਕਾਹਲਾ ਚਿੱਤ ਆਖਦਾ ਹੈ ਕਿ ਉਹ ਵੇਹਲਾ ਸਮਾਂ ਪਤਾ ਨਹੀਂ ਕਦੋਂ ਆਵੇਗਾ, ਏਹਨਾਂ ਨੂੰ ਇਕੱਠਿਆਂ ਕਰ।

ਇਸ ਕਿਤਾਬ ਵਿਚਲੇ ਅਨੁਭਵ ਕੁਝ ਹੱਡ -ਬੀਤੇ ਹਨ ਤੇ ਕੁਝ ਜੱਗ-ਬੀਤੇ। ਮੈਂ ਬਹੁਤ ਸਾਰੇ ਪੁਰਾਣੇ ਡਰਾਈਵਰਾਂ ਨਾਲ ਮੁਲਾਕਾਤਾਂ ਕੀਤੀਆਂ ਸਨ ਪਰ ਦੁਹਰਾਅ ਤੋਂ ਬਚਣ ਲਈ ਮੈਂ ਕੁਝ ਕੁ ਹੀ ਕਿਤਾਬ ਵਿਚ ਸ਼ਾਮਲ ਕਰ ਰਿਹਾ ਹਾਂ। ਮੇਰਾ ਮਨੋਰਥ ਇਸ ਕਿਤਾਬ ਰਾਹੀਂ ਟੈਕਸੀ ਸਭਿੱਆਚਾਰ 'ਤੇ ਝਾਤ ਪਵਾਉਣਾ ਹੈ।

ਇਸ ਕਿਤਾਬ ਲਈ ਸਮੱਗਰੀ ਇਕੱਠੀ ਕਰਨ ਲਈ ਬਹੁਤ ਸਾਰੇ ਦੋਸਤਾਂ ਨੇ ਸਹਿਯੋਗ ਦਿੱਤਾ ਮੈਂ ਉਨ੍ਹਾਂ ਸਭਨਾਂ ਦਾ ਧੰਨਵਾਦੀ ਹਾਂ। ਇਨ੍ਹਾ ਦੋਸਤਾਂ ਨੇ ਮੁਲਾਕਾਤਾਂ ਲਈ ਵਕਤ ਦਿੱਤਾ: ਜੈਰੀ ਸਹੋਤਾ, ਰਣਜੀਤ ਸਿੰਘ ਗਿੱਲ, ਮਹਿੰਦਰ ਸਿੰਘ ਮਾਨ, ਹੰਕਾਰ ਸਿੰਘ, ਪੀਟਰ ਬਰਾਇੰਟ, ਜੋਗਾ ਸਿੰਘ ਮਾਹੀ, ਅਜੀਤ ਸਿੰਘ ਥਾਂਦੀ, ਗੁਰਬਖ਼ਸ਼ ਸਿੰਘ ਤੂਰ, ਇਕਬਾਲ ਸਿੰਘ ਅਟਵਾਲ। ਮੈਂ ਇਨ੍ਹਾਂ ਸਭ ਦਾ ਸ਼ੁਕਰਗੁਜ਼ਾਰ ਹਾਂ। ਇਕ ਬਹੁਤ ਹੀ ਪੁਰਾਣਾ ਟੈਕਸੀ ਡਰਾਈਵਰ ਵਾਲਟਰ ਜਿਹੜਾ ਆਪਣੀ ਉਮਰ ਦਾ ਅੱਸੀਵਾਂ ਵਰ੍ਹਾ ਵੀ ਪਾਰ ਕਰ ਗਿਆ ਸੀ ਤੇ ਆਖਰੀ ਦਿਨਾਂ ਤੱਕ ਟੈਕਸੀ ਚਲਾਉਂਦਾ ਰਿਹਾ। ਮੈਂ ਉਸ ਨਾਲ ਮੁਲਾਕਾਤ ਦਾ ਸਮਾਂ ਮਿਥ ਲਿਆ ਪਰ ਮੁਲਾਕਾਤ ਤੋਂ ਇੱਕ ਦਿਨ ਪਹਿਲਾਂ ਉਸਦੀ ਘਰਵਾਲੀ ਦਾ ਫੋਨ ਆ ਗਿਆ ਕਿ ਵਾਲਟਰ ਬੀਮਾਰ ਹੈ। ਤੰਦਰੁਸਤ ਹੋਏ ਤੋਂ ਆਈਂ। ਪਰ ਉਹ ਮੁੜ ਤੰਦਰੁਸਤ ਨਾ ਹੋਇਆ ਤੇ ਚਲਾਣਾ ਕਰ ਗਿਆ। ਮੈਨੂੰ ਇਸਦਾ ਦੁੱਖ ਹੈ।

ਟੈਕਸੀ ਹੋਸਟ ਪ੍ਰੋਗਰਾਮ ਦੇ ਸੰਚਾਲਕ ਜਸਵੀਰ ਸਿੰਘ ਸੰਧੂ (ਐੱਮ ਪੀ) ਨੇ ਬਹੁਤ ਸਾਰੀ ਜਾਣਕਾਰੀ ਦਿੱਤੀ। ਮੈਂ ਉਨ੍ਹਾਂ ਦਾ ਆਭਾਰੀ ਹਾਂ। ਬਹੁਤ ਸਾਰੇ ਦੋਸਤਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ, ਜਿਨ੍ਹਾਂ ਵਿਚ ਗੋਲਡੀ, ਦਲਜੀਤ ਸਿੰਘ ਪੂਰਬਾ, ਹਰਜੀਤ ਜੱਸਲ, ਸੰਤੋਖ ਸਿੰਘ ਬਸਰਾ, ਜਸਵੀਰ ਪਰਮਾਰ, ਕੁਲਦੀਪ ਦੇਦ, ਭੋਲਾ, ਬੌਬ ਅਰਸ਼ੀ ਤੇ ਹੋਰ ਸ਼ਾਮਿਲ ਹਨ। ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਡਾ ਸਾਧੂ ਸਿੰਘ, ਵਰਿਆਮ ਸਿੰਘ ਸੰਧੂ, ਸੁਪਨ ਸੰਧੂ,ਸੁਖਵੰਤ ਹੁੰਦਲ, ਸਾਧੂ ਬਿਨਿੰਗ, ਸੁਕੀਰਤ ਤੇ ਬਲਵੀਰ ਪਰਵਾਨਾ ਹੋਰਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਵੱਖ-ਵੱਖ ਮੌਕਿਆਂ 'ਤੇ 'ਟੈਕਸੀਨਾਮਾ' ਲਈ ਕਿਸੇ ਨਾ ਕਿਸੇ ਤਰੀਕੇ ਨਾਲ ਸਹਿਯੋਗ ਦਿੱਤਾ।

# ਧੌਲ਼ਾ ਸਾਹਬ

'ਅਰਲੀ ਬਰਡ' ਸਟੈਂਡ 'ਤੇ ਪਹੁੰਚਿਆ ਤਾਂ ਧੌਲ਼ਾ ਸਾਹਬ ਦੀ ਟੈਕਸੀ ਪਹਿਲਾ ਨੰਬਰ ਲਈ ਮੂਹਰੇ ਖੜ੍ਹੀ ਸੀ। 'ਚੱਲ, ਟਾਈਮ ਛੇਤੀ ਲੰਘ ਜਾਊ,' ਮੈਂ ਸੋਚਿਆ। ਕੰਮ ਬਹੁਤ ਮੰਦਾ ਸੀ। ਰੇਡੀਓ ਡਿਸਪੈਚ ਦੀ ਇਹ ਮੌਜ ਸੀ ਕਿ ਮੰਦੇ ਕੰਮ ਵਾਲੇ ਦਿਨ ਗੱਲਾਂ ਮਾਰ ਕੇ ਟਾਈਮ ਸੌਖਾ ਲੰਘ ਜਾਂਦਾ। ਪਤਾ ਹੁੰਦਾ ਸੀ ਕਿ ਕਿਹੜੀ ਟੈਕਸੀ ਦਾ ਜ਼ੋਨ ਵਿੱਚ ਕਿਹੜਾ ਨੰਬਰ ਹੈ ਅਤੇ ਸਟੈਂਡ 'ਤੇ ਮੂਹਰੇ ਖੜ੍ਹੀ ਟੈਕਸੀ ਤੋਂ ਪਿੱਛੋਂ ਹੀ ਟ੍ਰਿੱਪ ਮਿਲੇਗਾ ਇਸ ਕਰ ਕੇ ਪਿਛਲੀਆਂ ਟੈਕਸੀਆਂ ਵਾਲੇ ਮੂਹਰਲੀ ਟੈਕਸੀ ਵਿੱਚ ਜਾ ਬੈਠਦੇ। ਹੁਣ ਕੰਮ ਕੰਪਿਊਟਰ ਡਿਸਪੈਚ 'ਤੇ ਹੋ ਗਿਆ ਹੈ। ਨਵੇਂ ਜ਼ੋਨ ਅਤੇ ਨਵੇਂ ਸਟੈਂਡ ਬਣ ਗਏ ਹਨ। ਆਪਣੀ-ਆਪਣੀ ਟੈਕਸੀ ਵਿੱਚ ਬੈਠ ਕੇ ਉਡੀਕ ਕਰਨੀ ਪੈਂਦੀ ਹੈ। ਖੈਰ, ਮੈਂ ਆਪਣੀ ਟੈਕਸੀ ਵਿੱਚੋਂ ਨਿਕਲ ਕੇ ਧੌਲ਼ਾ ਸਾਹਬ ਦੀ ਟੈਕਸੀ ਦਾ ਮਗਰਲਾ ਦਰਵਾਜ਼ਾ ਖੋਲ੍ਹ ਕੇ ਵਿੱਚ ਬੈਠਦੇ ਨੇ "ਮਾਰ੍ਹਾਜ, ਧੌਲ਼ਾ ਸਾਹਬ," ਕਿਹਾ। ਅੱਗੋਂ ਧੌਲ਼ਾ ਸਾਹਬ ਨੇ ਵੀ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਦੋਹੇਂ ਹੱਥ ਮੱਥੇ ਤੋਂ ਥੋੜ੍ਹਾ ਉੱਪਰ ਜੋੜ ਕੇ ਘਰੋੜਵੀਂ ਆਵਾਜ਼ ਵਿੱਚ ਕਿਹਾ, "ਮਾਰ੍ਹਾਜ, ਲਖਾਰੀ ਸਾਹਬ।"

ਅਸਲ ਵਿੱਚ 'ਧੌਲ਼ਾ ਸਾਹਬ' ਉਨ੍ਹਾਂ ਦਾ ਅਸਲੀ ਨਾਂ ਨਹੀਂ ਸੀ। ਇਹ ਉਨ੍ਹਾਂ ਦੀ ਪਛਾਣ ਸੀ। ਤੇ ਇਹ ਅੱਲ ਵੀ ਉਨ੍ਹਾਂ ਦੀ ਉਸ ਮੌਕੇ ਪਈ ਸੀ ਜਦ ਉਹ ਮੇਰੇ ਨਾਲ ਗੱਲ-ਬਾਤ ਕਰ ਰਹੇ ਸਨ। ਮੈਂ ਕਿਤੇ ਇਨ੍ਹਾਂ ਨੂੰ ਕਈ ਟੈਕਸੀ ਵਾਲਿਆਂ ਦੇ ਬੈਠਿਆਂ 'ਅੰਕਲ ਜੀ' ਆਖ ਦਿੱਤਾ। ਮੈਂ ਬਾਈ-ਤੇਈ ਸਾਲ ਦਾ ਸੀ ਤੇ ਇਨ੍ਹਾਂ ਦੀ ਉਮਰ ਮੈਨੂੰ ਪੰਜਾਹਾਂ ਦੇ ਗੇੜ 'ਚ ਲੱਗੀ। ਇਹ ਮੈਂ ਇੰਡੋ-ਕਨੇਡੀਅਨ ਰਿਵਾਜ ਮੁਤਾਬਿਕ ਹੀ ਕਿਹਾ ਸੀ ਪਰ ਇਹ ਸੰਬੋਧਨ ਸੁਣਦਿਆਂ ਹੀ ਇਹ ਭੜਕ ਕੇ ਬੋਲੇ, "ਗੱਲ ਸੁਣ ਓ ਮੁੰਡਿਆ, ਮੁੜ ਕੇ ਨਾ ਮੈਨੂੰ ਅੰਕਲ-ਊਂਕਲ ਕਹੀਂ। ਐਵੇਂ ਮੇਰੀ ਕੋਈ 'ਅੱਲ' ਪੁਆਏਂਗਾ, ਹੁਣ ਤਾਈਂ ਬਚੇ ਹੋਏ ਆਂ। ਨਾਲੇ ਮੈਂ ਕਿਧਰੋਂ ਤੈਨੂੰ ਅੰਕਲ ਲੱਗਦੈਂ? ਦਿਸਦਾ ਕੋਈ ਧੌਲ਼ਾ?" ਮੈਂ ਤਾਂ ਇਨ੍ਹਾਂ ਦੇ ਬੋਲਣ ਦੇ ਅੰਦਾਜ਼ ਤੋਂ ਸਹਿਮ ਜਿਹਾ ਗਿਆ। ਪਰ ਨਾਲ ਬੈਠਿਆਂ 'ਚੋਂ ਕਿਸੇ ਨੇ ਕਿਹਾ, "ਧੌਲ਼ਾ ਤੇਰੇ ਕਿੱਥੋਂ ਦਿਸੂ? ਮੂੰਹ ਸਿਰ ਤਾਂ ਜਵਾਂ ਰਗੜ ਕੇ ਰੱਖਦੈਂ।"

"ਜਿੱਥੋਂ ਰਗੜ ਕੇ ਨੀਂ ਰੱਖਦਾ, ਉੱਥੋਂ ਦਿਖਾ ਦਿੰਨੇ," ਇਨ੍ਹਾਂ ਦੇ ਇਹ ਕਹਿਣ ਸਾਰ ਹੀ ਹਾਸੜ ਮੱਚ ਗਈ। ਇਸ ਤਰ੍ਹਾਂ ਇਨ੍ਹਾਂ ਦਾ ਨਾਂ ਅੰਕਲ ਤਾਂ ਨਾ

ਪਿਆ ਪਰ 'ਧੌਲ਼ਾ ਸਾਹਬ' ਜ਼ਰੂਰ ਪੈ ਗਿਆ।

ਸਬੱਬ ਨਾਲ ਮੇਰਾ ਨਾਂ 'ਲਖਾਰੀ' ਵੀ ਧੌਲ਼ਾ ਸਾਹਬ ਦੀ ਬਦੌਲਤ ਹੀ ਪਿਆ ਸੀ। ਧੌਲ਼ਾ ਸਾਹਬ ਕੋਲ ਚਾਰ ਟੈਕਸੀਆਂ ਸਨ। ਇੱਕ ਟੈਕਸੀ ਮੈਂ ਹਰ ਸ਼ਨਿੱਚਰਵਾਰ ਨੂੰ ਚਲਾਉਂਦਾ ਸੀ। ਇਸੇ ਤਰ੍ਹਾਂ ਇੱਕ ਦਿਨ ਅਸੀਂ ਕਿਸੇ ਸਟੈਂਡ 'ਤੇ ਬੈਠੇ ਸੀ। ਧੌਲ਼ਾ ਸਾਹਬ ਮੈਨੂੰ ਕਹਿਣ ਲੱਗੇ, " ਕਿਓਂ ਬਈ ਮੁੰਡਿਆ, ਕੱਲ੍ਹ ਨੂੰ ਟੈਕਸੀ ਚਲਾ ਦੇਵੀਂ। ਸੰਡੇ ਆਲ਼ਾ ਡਰੈਵਰ ਸਾਲ਼ਾ ਛੁੱਟੀ ਕਰ ਗਿਆ।"

"ਸੰਡੇ ਤਾਂ ਮੈਂ ਛੁੱਟੀ ਕਰਦਾ ਹੁੰਨੈਂ।"

"ਮੁੰਡਾ-ਖੁੰਡੈਂ, ਐਸ ਉਮਰ 'ਚ ਨੀਂ ਛੁੱਟੀਆਂ ਕਰੀਦੀਆਂ ਹੁੰਦੀਆਂ। ਕੀ ਕਰਦਾ ਹੁੰਨੈਂ ਸਾਰਾ ਦਿਨ ਘਰੇ?"

"ਛੁੱਟੀ ਮਨਾਈਦੀ ਐ, ਪੜ੍ਹ-ਲਿਖ ਲਈਦੈ ਕੁਛ।" ਸੁਣ ਕੇ ਧੌਲ਼ਾ ਸਾਹਬ ਪਲ ਭਰ ਲਈ ਇੱਕ ਟੱਕ ਮੇਰੇ ਵੱਲ ਇਸ ਤਰ੍ਹਾਂ ਵੇਖਦੇ ਰਹੇ ਜਿਵੇਂ ਉਨ੍ਹਾਂ ਨੂੰ ਮੇਰੀ ਗੱਲ ਦਾ ਯਕੀਨ ਨਾ ਆਇਆ ਹੋਵੇ। ਫਿਰ ਬੋਲੇ, "ਆਹ ਜਿਹੜੀਆਂ ਕਦੇ-ਕਦੇ ਅਖਬਾਰ 'ਚ ਤੇਰੀਆਂ ਘਾਣੀਆਂ ਜੀਆਂ ਛਪਦੀਆਂ ਹੁੰਦੀਐਂ। ਇਹ ਲਿਖਦਾ ਹੁੰਨੈਂ?"

"ਹਾਂ।"

"ਕੁਛ ਦਿੰਦੇ-ਲੈਂਦੇ ਵੀ ਆ ਓਹ ਤੈਨੂੰ?"

"ਦੇਣਾ ਕੀ ਐ?"

"ਫੇਰ?"

"ਬੱਸ ਚੰਗਾ ਲੱਗਦੈ ਲਿਖ ਕੇ।" ਇਹ ਸੁਣ ਕੇ ਧੌਲ਼ਾ ਸਾਹਬ ਜ਼ੋਰ ਨਾਲ ਹੱਸੇ। ਫਿਰ ਬੋਲੇ, "ਅਖੇ ਚੰਗਾ ਲੱਗਦੈ, ਓਹ ਗੁਰੂਆ----," ਆਖ ਕੇ ਧੌਲ਼ਾ ਸਾਹਬ ਫਿਰ ਹੱਸ ਪਏ। ਉਨ੍ਹਾਂ ਵੱਲ ਵੇਖ ਕੇ ਹੋਰ ਬੈਠੇ ਬੰਦੇ ਵੀ ਹੱਸ ਪਏ। ਕੁਝ ਦੇਰ ਬਾਅਦ ਧੌਲ਼ਾ ਸਾਹਬ ਗੰਭੀਰ ਆਵਾਜ਼ ਵਿੱਚ ਬੋਲੇ, "ਬੰਦਾ ਬਣ ਕੇ ਕੰਮ ਕਰਿਆ ਕਰ। ਇਨ੍ਹਾਂ ਘਾਣੀਆਂ-ਘੂਣੀਆਂ ਨੇ ਕੁਛ ਨੀ ਦੇਣਾ ਤੈਨੂੰ, ਲਖਾਰੀ ਸਾਹਬ।" ਤੇ ਮੇਰਾ ਨਾਂ 'ਲਖਾਰੀ ਸਾਹਬ' ਪੈ ਗਿਆ। ਕਈ ਜਾੜ੍ਹ ਘੁੱਟ ਕੇ ਆਖਦੇ ਅਤੇ ਕਈ ਸੰਘ ਘਰੋੜ ਕੇ ਜਿਵੇਂ ਹੁਣੇ-ਹੁਣੇ ਧੌਲ਼ਾ ਸਾਹਬ ਨੇ ਕਿਹਾ ਸੀ।

"ਕਿਵੇਂ, ਅੱਜ ਕੰਮ ਬੜਾ ਸਲੋਅ ਕੀਤੈ?" ਮੈਂ ਸਵਾਰ ਕੇ ਬੈਠਦੇ ਨੇ ਕਿਹਾ।"ਜਵਾਂ ਭੱਠਾ ਬਹਿੰਦਾ ਜਾਂਦੈ ਦਿਨੋ-ਦਿਨ ਬਿਜਨਸ ਵਾਲਾ। ਜਦੋਂ ਦੇ ਆ ਬੂਝੇ ਆਉਣ ਲੱਗੇ ਆ ਨਾ ਇੰਡੀਆ ਤੋਂ, ਕੰਮ ਆਲ਼ਾ ਬੇੜਾ ਗਰਕ ਕਰ ਕੇ ਰੱਖਤਾ। ਇੱਕ ਸਾਲ਼ਾ ਹੋਰ ਆਇਐ ਨਵਾਂ।"

"ਕਿਹੜਾ?"

"ਹੈਗਾ ਇੱਕ ਕਿਸ਼ਤਾ ਮੱਲ।"

"ਇਹ ਕਿਹੜਾ ਹੋਇਆ?"

"ਮੀਨ੍ਹਾਂ ਕੁ ਹੋਇਐ ਨਵਾਂ ਟੈਕਸੀ ਚਲਾਉਣ ਲੱਗੈ। । ਸਾਲੇ ਨੇ ਨਾ ਕਦੇ ਗੱਡੀ ਵੈਕਿਊਮ ਕਰਨੀ ਨਾ ਕੁਛ ਹੋਰ। ਗੋਰੇ ਕਿਓਂ ਲੈਣ ਬਈ ਟੈਕਸੀਆਂ, ਜਦੋਂ

ਵਿਚ ਬੈਠੋ ਸਾਲਾ ਮੁਸ਼ਕ ਮਾਰਦੈ। ਦਿਨਾਂ 'ਚ ਇੰਜਣ ਬਠਾ ਕੇ ਰੱਖਤਾ।"

"ਕੀਹਦੇ ਆਲ਼ੀ ਟੈਕਸੀ ਚਲਾਉਂਦਾ ਸੀ?"

"ਘੋੜੇ ਦੀ।"

"ਓਹੀ ਐ ਨਾ ਘੋੜਾ ਜਿਹੜਾ ਕਹਿੰਦੇ ਘੋੜੇ ਆਂਗੂ ਟਪੂਸੀ ਮਾਰ ਕੇ ਇੱਕ ਜ਼ੋਨ 'ਚੋਂ ਦੂਜੇ ਜ਼ੋਨ 'ਚ ਜਾਣ ਨੂੰ ਮਿੰਟ ਈ ਲਾਉਂਦੈ। ਬਲੂਅ ਸੈਵਨ ਆਲਾ?"

"ਹੋਰ ਕਿਹੜਾ। ਏਸੇ ਕਰਕੇ ਤੈਨੂੰ ਕਹਿੰਨੈ ਬਈ ਪੱਕੀ ਚਲਾਉਣ ਲੱਗ ਜਾ, ਸਾਰਿਆਂ ਨੂੰ ਜਾਨਣ ਲੱਗ ਪਵੇਂਗਾ।" ਧੌਲ਼ਾ ਸਾਹਬ ਮੈਨੂੰ ਕਈ ਵਾਰ ਆਖ ਚੁੱਕੇ ਸਨ ਕਿ ਮੈਂ ਮਸ਼ੀਨ ਸ਼ਾਪ 'ਚੋਂ ਕੰਮ ਛੱਡ ਕੇ ਫੁੱਲ-ਟਾਈਮ ਟੈਕਸੀ ਚਲਾਉਣ ਲੱਗ ਜਾਵਾਂ ਪਰ ਮੈਂ ਟੈਕਸੀ ਚਲਾਉਣ ਦੇ ਕੰਮ ਨੂੰ ਸ਼ਨਿੱਚਰਵਾਰ ਤੱਕ ਹੀ ਸੀਮਤ ਰੱਖਣਾ ਚਾਹੁੰਦਾ ਸੀ। ਇਸ ਕਰ ਕੇ ਪਹਿਲਾਂ ਵਾਂਗ ਹੀ ਮੈਂ ਗੱਲ ਨੂੰ ਹੋਰ ਪਾਸੇ ਪਾਉਣ ਲਈ ਪੁੱਛ ਲਿਆ, "ਕਿਵੇਂ ਇੰਜਣ ਬਿਠਾਤਾ ਓਹਨੇ?"

"ਤੇਲ ਨੀ ਸੀ ਚੈੱਕ ਕਰਦਾ । ਬਿਨ੍ਹਾਂ ਤੇਲ ਤੋਂ ਹੀ ਦੱਬੀ ਫਿਰਦਾ ਰਿਹਾ। ਜਦੋਂ ਘੋੜੇ ਨੇ ਪੁੱਛਿਆ ਬਈ ਤੇਲ ਕਾਹਤੋਂ ਨੀ ਸੀ ਚੈੱਕ ਕਰਦਾ ਤਾਂ ਅੱਗੋਂ ਕਹਿੰਦਾ ਬਈ ਕਿਸ਼ਤੀ ਜੀ ਦਾ ਸਾਈਨ ਤਾਂ ਆਇਆ ਨੀ, ਮੈਂ ਕਿਹਾ ਠੀਕ ਈ ਹੋਊ।"

"ਕਿਹੜੀ ਕਿਸ਼ਤੀ?"

"ਓਹੀ ਯਾਰ ਜਿਹੜਾ ਇੰਜਣ-ਆਇਲ ਦੇ ਘਟੇ ਤੋਂ ਸਾਈਨ ਜਿਹਾ ਨੀ ਆਉਂਦਾ ਹੁੰਦਾ।"

"ਓ ਅੱਛਾ-ਅੱਛਾ, ਤਾਂ ਹੀ ਤੁਸੀਂ ਓਹਨੂੰ ਕਿਸ਼ਤਾ ਮੱਲ ਕਿਹਾ ਸੀ," ਮੈਂ ਹੱਸ ਕੇ ਕਿਹਾ।

"ਤੈਨੂੰ ਆਉਂਦੈ ਹਾਸਾ, ਘੋੜੇ ਨੂੰ ਪੁੱਛ ਕੇ ਵੇਖ, ਜੀਹਨੂੰ ਥੁੱਕ ਲੱਗੈ। ਹੁਣੇ ਤੇਰੇ ਮੂਹਰੇ-ਮੂਹਰੇ ਰੋਂਦਾ ਗਿਐ।"

ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਕਰ ਹੀ ਰਹੇ ਸੀ ਕਿ ਡਿਸਪੈਚ ਰੇਡੀਓ 'ਤੇ ਕਿਸੇ ਡਰਾਈਵਰ ਦੀ ਚੀਕਵੀਂ ਜਿਹੀ ਆਵਾਜ਼ ਸੁਣਾਈ ਦਿੱਤੀ। ਅਸੀਂ ਗੱਲਾਂ ਕਰਨੀਆਂ ਰੋਕ ਕੇ ਰੇਡੀਓ ਸੁਨਣ ਲੱਗੇ। ਡਰਾਈਵਰ ਆਖ ਰਿਹਾ ਸੀ, "ਮਾਈ ਟਾਇਰ ਪੰਚਰ, ਆਈ ਐਮ ਆਨ ਪਟਰੌਲ ਪੰਪ, ਨੋ ਸਟਿੱਪਨੀ ਐਂਡ ਟਾਇਰਪਾਨਾ ਇਨ ਡਿੱਕੀ----

ਅਸੀਂ ਦੋਹੇਂ ਹੀ ਹੱਸ ਪਏ। ਮੈਨੂੰ ਇੰਡੀਆ ਤੋਂ ਆਏ ਨੂੰ ਹਾਲੇ ਥੋੜ੍ਹਾ ਸਮਾਂ ਹੋਇਆ ਹੋਣ ਕਰ ਕੇ ਇਹ ਨਾਂ ਓਪਰੇ ਤਾਂ ਲੱਗੇ ਪਰ ਬਹੁਤੇ ਨਾ। ਇੱਥੇ ਟਾਇਰ ਪੈਂਚਰ ਦੀ ਥਾਂ ਫਲੈਟ ਟਾਇਰ ਆਖਦੇ ਹਨ, ਪੈਟਰੌਲ ਪੰਪ ਦੀ ਥਾਂ ਗੈਸ ਸਟੇਸ਼ਨ ਲਫ਼ਜ ਵਰਤਦੇ ਹਨ, ਟਾਇਰਪਾਨਾ ਨੂੰ ਰੈਂਚ ਆਖਿਆ ਜਾਂਦਾ ਹੈ ਤੇ ਡਿੱਕੀ ਨੂੰ ਟਰੰਕ। ਡਰਾਈਵਰ ਵੱਲੋਂ ਪੰਜਾਬੀ ਲਹਿਜ਼ੇ ਵਿੱਚ ਘੋਟ-ਘੋਟ ਕੇ ਬੋਲੀ ਜਾਂਦੀ ਅੰਗ੍ਰੇਜ਼ੀ ਸੁਣ ਕੇ ਧੌਲ਼ਾ ਸਾਹਬ ਦਾ ਹਾਸਾ ਰੁਕਣ 'ਚ ਨਾ ਆਵੇ। ਫਿਰ ਉਨ੍ਹਾਂ ਨੇ ਆਪਣਾ ਹਾਸਾ ਰੋਕ ਕੇ ਕਿਹਾ,"ਇਹ ਤਾਂ ਸੱਜਰਾ ਈ ਜਾਜ੍ਹ 'ਚੋਂ ਉੱਤਰਿਐ,"

ਅਤੇ ਉਹ ਫਿਰ ਹੱਸ ਪਏ ਤੇ ਮੈਂ ਵੀ। ਅਸੀਂ ਇਸ ਤਰ੍ਹਾਂ ਹੱਸ ਹੀ ਰਹੇ ਸੀ ਕਿ ਰੇਡੀਓ 'ਤੇ ਇੱਕ ਹੋਰ ਡਰਾਈਵਰ ਦੀ ਆਵਾਜ਼ ਸੁਣਾਈ ਦਿੱਤੀ। ਉਹ ਡਿਸਪੈਚਰ ਤੋਂ ਪੁੱਛ ਰਿਹਾ ਸੀ, "ਪਲੀਜ਼, ਆਸਕ ਮਿਸਟਰ 'ਟਾਇਰਪਾਨਾ' ਦੈਟ ਵੇਅਰ ਅਬਾਊਟ ਹੀ ਇਜ਼। ਸੋ ਆਈ ਕੈਨ ਹੈਲਪ ਹਿਮ।"

"ਲੈ ਇੱਕ ਹੋਰ ਡਰਾਈਵਰ ਦੀ ਪਛਾਣ ਬਣ ਗਈ। ਚੱਲ, ਚੇਤੇ ਰੱਖਣਾ ਸੌਖਾ ਰਹੂ। ਐਨੀ ਖਲਕਤ ਦੇ ਨਾਂ ਕਿਹੜਾ ਚੇਤੇ ਰੱਖਣੇ ਆਸਾਨ ਹੁੰਦੇ ਐ। 'ਟਾਇਰਪਾਨਾ'," ਆਖ ਕੇ ਧੌਲ਼ਾ ਸਾਹਬ ਫਿਰ ਹੱਸ ਪਏ ਤੇ ਮੈਂ ਵੀ।

# ਨਵਾਂ ਜਨਮ

ਮੈਂ 'ਰੌਇਲ ਓਕ' ਸਕਾਈਟ੍ਰੇਨ ਸਟੇਸ਼ਨ 'ਤੇ ਟ੍ਰਿੱਪ ਦੀ ਉਡੀਕ 'ਚ ਬੈਠਾ ਕਿਤਾਬ ਪੜ੍ਹ ਰਿਹਾ ਸੀ। ਜਦੋਂ ਮੇਰੇ ਕੰਨਾਂ ਨਾਲ ''ਆਈ ਸ਼ੁੱਡ ਹੈਵ ਕਿਲਡ ਦੈਟ ਫਕਿਨ ਮੈਨ'' ਬੋਲ ਟਕਰਾਏ ਤਾਂ ਮੈਂ ਆਪਣੀ ਨਿਗ੍ਹਾ ਕਿਤਾਬ ਤੋਂ ਪਾਸੇ ਕਰ ਕੇ ਉੱਧਰ ਵੇਖਿਆ। ਦੋ ਹੱਟੇ-ਕੱਟੇ ਆਦਮੀ ਉੱਚੀ ਆਵਾਜ਼ ਵਿੱਚ ਗੱਲਾਂ ਕਰਦੇ ਮੇਰੇ ਵੱਲ ਹੀ ਆ ਰਹੇ ਸਨ। ਉਨ੍ਹਾਂ ਵਿੱਚੋਂ ਇੱਕ ਗੰਜਾ ਸੀ ਅਤੇ ਦੂਸਰੇ ਨੇ ਠੋਡੀ ਉੱਪਰ ਦਾੜ੍ਹੀ ਰੱਖੀ ਹੋਈ ਸੀ। ਕੱਦ ਦੋਹਾਂ ਦੇ ਹੀ ਸਾਢੇ ਛੇ ਫੁੱਟ ਤੋਂ ਉੱਪਰ ਹੋਣਗੇ। ਭਾਰੀ-ਭਰਕਮ ਸਰੀਰ। ਉਹ ਹਾਲੇ ਕਾਫ਼ੀ ਵਿੱਥ 'ਤੇ ਸਨ। ਮੇਰੇ ਚਿੱਤ 'ਚ ਖਦਸ਼ਾ ਪੈਦਾ ਹੋਇਆ ਕਿ ਟੈਕਸੀ ਵਿੱਚ ਨਾ ਆ ਬੈਠਣ। ਐਹੋ-ਜਿਹੀਆਂ ਸਵਾਰੀਆਂ ਤੋਂ ਤਾਂ ਡਰ ਲਗਦਾ, ਜਿਹੜੀਆਂ ਪਹਿਲਾਂ ਹੀ ਗੁੱਸੇ ਨਾਲ ਭਰੀਆਂ ਪੀਤੀਆਂ ਹੋਣ। ਉਹ ਵੀ ਸਵੇਰ ਦੇ ਪੰਜ ਕੁ ਵਜੇ। ਫਿਰ ਸੋਚਿਆ ਕਿ ਹੋ ਸਕਦਾ ਹੈ ਕਿ ਉਨ੍ਹਾਂ ਨੇ ਅਗਾਂਹ ਕਿਤੇ ਜਾਣਾ ਹੋਵੇਗਾ। ਮੈਂ ਫਿਰ ਅੱਖ ਬਚਾਅ ਕੇ ਉੱਧਰ ਵੇਖਿਆ। ਮੈਨੂੰ ਲੱਗਾ ਕਿ ਉਹ ਜ਼ਰੂਰ ਹੀ ਟੈਕਸੀ 'ਚ ਆ ਕੇ ਬੈਠਣਗੇ। ਵਿਚਾਰ ਆਇਆ ਕਿ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ-ਪਹਿਲਾਂ ਟੈਕਸੀ ਭਜਾ ਕੇ ਲੈ ਜਾਵਾਂ। ਪਰ ਮੈਂ ਇਸ ਤਰ੍ਹਾਂ ਨਾ ਕਰ ਸਕਿਆ। ਚਾਰ ਵਜੇ ਦਾ ਸਟੈਂਡ 'ਤੇ ਪਹਿਲਾ ਨੰਬਰ ਲੈ ਕੇ ਬੈਠਾ ਸੀ। ਇਸ ਸਟੈਂਡ ਦੇ ਆਸੇ-ਪਾਸਿਓਂ, ਜਿਹੜਾ ਵੀ ਟ੍ਰਿੱਪ ਨਿਕਲਣਾ ਸੀ ਉਹ ਪਹਿਲਾਂ ਮੈਨੂੰ ਮਿਲਣਾ ਸੀ। ਜੇ ਮੈਂ ਇਸ ਸਟੈਂਡ ਤੋਂ ਪਾਸੇ ਹੋ ਜਾਂਦਾ ਤਾਂ ਕਿਸੇ ਹੋਰ ਟੈਕਸੀ ਨੇ ਆ ਕੇ ਇੱਥੇ ਪਹਿਲਾ ਨੰਬਰ ਲੈ ਲੈਣਾ ਸੀ। ਫਿਰ ਮੁੜ ਤੋਂ ਪਤਾ ਨਹੀਂ ਕਿੰਨਾਂ ਕੁ ਚਿਰ ਟ੍ਰਿੱਪ ਦੀ ਉਡੀਕ ਕਰਨੀ ਪੈਂਦੀ। 'ਹੋ ਸਕਦਾ ਹੈ ਕਿ ਇਹ ਟ੍ਰਿੱਪ ਵੀ ਚੰਗਾ ਈ ਹੋਵੇ। ਮਾੜੇ ਲਗਦੇ ਬੰਦੇ ਜ਼ਰੂਰੀ ਤਾਂ ਨਹੀਂ ਕਿ ਮਾੜੇ ਹੀ ਹੋਣ,' ਮੈਂ ਇਹ ਸੋਚ ਹੀ ਰਿਹਾ ਸੀ ਕਿ ਉਹ ਮੇਰੀ ਟੈਕਸੀ ਦੇ ਦੋਹੇਂ ਪਿਛਲੇ ਦਰਵਾਜ਼ੇ ਖੋਲ੍ਹ ਕੇ ਮੇਰੇ ਤੋਂ ਪੁੱਛੇ ਬਗੈਰ ਹੀ ਵਿੱਚ ਆ ਬੈਠੇ।

"ਨਿਊਵੈਸਟ," ਗੰਜੇ ਨੇ ਕਿਹਾ।

ਮੈਂ ਟੈਕਸੀ ਨੂੰ ਤੋਰ ਕੇ ਮੀਟਰ ਚਲਾ ਦਿੱਤਾ। "ਓਏ, ਕੀ ਗੱਲ ਐ? ਅਸੀਂ ਹਾਲੇ ਟੈਕਸੀ 'ਚ ਬੈਠੇ ਹੀ ਆਂ, ਤੇ ਇੱਕ ਡਾਲਰ ਅੱਸੀ ਸੈਂਟ ਕਿਵੇਂ ਬਣ ਗਏ?" ਗੰਜਾ ਗਰਜਿਆ।

"ਇਹ ਭਾੜੇ ਸਰਕਾਰ ਵੱਲੋਂ ਸੈੱਟ ਕੀਤੇ ਹੋਏ ਐ। ਮੈਂ ਤੁਹਾਡੇ ਸਾਹਮਣੇ ਮੀਟਰ ਚਲਾਇਐ।"

"ਬਕਵਾਸ ਨਾ ਕਰ ਤੇ ਸਿੱਧਾ ਹੋ ਕੇ ਟੈਕਸੀ ਨੂੰ ਤੇਜ਼ ਚਲਾ,ਅਸੀਂ ਮੂਰਖ ਨਹੀਂ," ਗੰਜਾ ਬੋਲਿਆ।

"ਤੁਸੀਂ ਸਾਰੇ ਹੀ ਹਰਾਮੀ ਹੁੰਨੇ ਆ," ਗੋਟੀ ਵਾਲਾ ਬੋਲਿਆ।

"ਤੁਸੀਂ ਤੋਂ ਤੇਰਾ ਕੀ ਮਤਲਬ ਐ" ਮੈਂ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖ ਕੇ ਕਿਹਾ। ਮੇਰਾ ਅੰਦਰ ਰਿੱਝਣ ਲੱਗਾ।

"ਜਵਾਬ ਬੋਲ ਕੇ ਦੱਸਾਂ ਜਾਂ ਘਸੁੰਨ ਨਾਲ," ਗੰਜਾ ਬੋਲਿਆ।

"ਤੁਸੀਂ ਈਸਟ ਇੰਡੀਅਨ। ਹੋਰ ਕੌਣ! ਹੁਣ ਆਪਣਾ ਮੂੰਹ ਬੰਦ ਰੱਖ ਤੇ ਸੜਕ ਵੱਲ ਧਿਆਨ ਕਰਕੇ ਟੈਕਸੀ ਚਲਾ," ਗੋਟੀ ਵਾਲਾ ਬੋਲਿਆ। ਉਸ ਦੀ ਅੱਖ ਸੁੱਜੀ ਹੋਈ ਸੀ। ਜਿਵੇਂ ਕਿਸੇ ਨੇ ਸੱਜਰਾ ਹੀ ਘਸੁੰਨ ਉਸ ਦੇ ਜੜਿਆ ਹੋਵੇ। ਉਸ ਦਾ ਭਾਰਾ ਚੇਹਰਾ ਮੈਨੂੰ ਬਹੁਤ ਭਿਆਨਕ ਲੱਗਾ। ਭਰੇ-ਪੀਤੇ ਨੇ ਮੈਂ ਉਸ ਵੱਲੋਂ ਆਪਣਾ ਧਿਆਨ ਹਟਾ ਕੇ ਸੜਕ ਵਲ ਕਰ ਲਿਆ। ਫਿਰ ਸ਼ੀਸ਼ੇ ਰਾਹੀਂ ਗੰਜੇ ਵੱਲ ਵੇਖਿਆ। ਉਹ ਆਪਣੀ ਠੋਡੀ ਖੁਰਕ ਰਿਹਾ ਸੀ। ਉਸ ਦੇ ਭਾਰੀ ਭਰਕਮ ਪੰਜੇ 'ਤੇ ਮੇਰੀ ਨਿਗ੍ਹਾ ਪਈ, ਜਿਸ ਦੀਆਂ ਚਾਰ ਉਂਗਲਾਂ ਵਿੱਚ ਉੱਭਰਵੇਂ ਨਗਾਂ ਵਾਲੀਆਂ ਛਾਪਾਂ ਸਨ। ਮੇਰੇ ਅੰਦਰ ਝੁਣਝੁਣੀ ਉੱਠੀ। ਉਨ੍ਹਾਂ ਨੇ ਸਿਗਰਟਾਂ ਸੁਲਗਾ ਲਈਆਂ। ਸਿਗਰਟਾਂ ਦੇ ਧੂੰਏ ਨਾਲ ਮੇਰਾ ਸਿਰ ਦੁਖਣ ਲਗ ਜਾਂਦਾ ਹੈ ਇਸ ਕਰਕੇ ਮੈਂ ਆਪਣੀ ਟੈਕਸੀ ਵਿਚ ਸਿਗਰਟ ਪੀਣ ਵਾਲਿਆਂ ਨੂੰ ਹਲੀਮੀ ਨਾਲ ਸਿਗਰਟ ਨਾ ਪੀਣ ਲਈ ਆਖ ਦਿੰਦਾ ਹਾਂ ਪਰ ਇਨ੍ਹਾਂ ਨੂੰ ਆਖ ਨਾ ਸਕਿਆ। "ਕੋਈ ਰੇਡੀਓ-ਰੂਡੀਓ ਹੈਗਾ ਤੇਰੇ ਇਸ ਛਕੜੇ 'ਚ," ਉਨ੍ਹਾਂ 'ਚੋਂ ਇਕ ਗਰਜਿਆ। ਮੈਂ ਰੇਡੀਓ ਚਲਾ ਦਿੱਤਾ। "ਉੱਚੀ"। ਮੈਂ ਆਵਾਜ਼ ਉੱਚੀ ਕਰ ਦਿੱਤੀ। ਇੱਕ ਨੇ ਖੰਘਾਰਕੇ ਬਾਹਰ ਥੁੱਕਿਆ। ਉਸਦਾ ਅੱਧਾ ਥੁੱਕ ਸ਼ੀਸੇ ਨਾਲ ਲੱਗ ਗਿਆ। ਮੈਨੂੰ ਕਚਿਆਣ ਆਈ। ਸਿਗਰਟ ਦਾ ਧੂੰਆਂ ਹੋਰ ਹੀ ਤਰ੍ਹਾਂ ਦਾ ਸੀ। ਸਾਹ ਘੁੱਟਵਾਂ। ਰੇਡੀਓ ਦੀ ਉੱਚੀ ਆਵਾਜ਼ ਦਾ ਸ਼ੋਰ, ਸਿਗਰਟ ਦੇ ਧੂੰਏਂ ਦਾ ਸੁੰਘੱਟ, ਕਚਿਆਣ ਤੇ ਡਰ ਕਾਰਣ ਮੇਰਾ ਚਿੱਤ ਕਾਹਲਾ ਪੈਣ ਲੱਗਾ। ਕਿੰਗਜ਼ਵੇਅ ਤੇ ਐਡਮੰਡਜ਼ 'ਤੇ ਟਰੈਫਿਕ ਦੀ ਬੱਤੀ ਲਾਲ ਸੀ। ਮੈਂ ਟੈਕਸੀ ਰੋਕਣ ਲਈ ਹੌਲੀ ਕਰ ਲਈ। "ਕੱਢਦੇ-ਕੱਢਦੇ, ਹੈਨੀ ਕੋਈ ਆਸੇ-ਪਾਸੇ," ਮਗਰਲੀ ਸੀਟ ਤੋਂ ਆਵਾਜ਼ ਆਈ। ਮੇਰਾ ਜੀਅ ਕੀਤਾ ਕਿ ਟੈਕਸੀ ਰੋਕ ਕੇ ਟੈਕਸੀ ਵਿਚੋਂ ਬਾਹਰ ਨਿਕਲ ਜਾਵਾਂ। ਪਰ ਬੱਤੀ ਹਰੀ ਹੋ ਗਈ ਅਤੇ ਮੈਂ ਟੈਕਸੀ ਦੀ ਸਪੀਡ ਵਧਾ ਦਿੱਤੀ। "ਤੁਸੀਂ ਨਿਊਵੈਸਟ ਕਿੱਥੇ ਜਾਣਾ ਹੈ," ਮੈਂ ਡਰਦੇ ਡਰਦੇ ਪੁੱਛਿਆ।

"ਬਹੁਤੇ ਸਵਾਲ ਨਾ ਕਰ ਤੇ ਟੈਕਸੀ ਨੂੰ ਦੱਬੀ ਚੱਲ।"

"ਮੈਨੂੰ ਪਤਾ ਤਾਂ ਹੋਣਾ ਚਾਹੀਦੈ ਕਿ ਤੁਸੀਂ ਕਿੱਥੇ ਜਾਣੈ।"

"ਜੇ ਤੂੰ ਦੁਬਾਰਾ ਪੁੱਛਿਆ ਤਾਂ ਘਸੁੰਨ ਮਾਰਕੇ ਸਿਰ ਫੇਹ ਦੇਊਂ।"

ਉਸਦੀਆਂ ਉਂਗਲਾਂ ਵਿਚ ਪਾਈਆਂ ਛਾਪਾਂ ਯਾਦ ਕਰਕੇ ਮੈਂ ਡਰ ਨਾਲ ਕੰਬ ਗਿਆ। 'ਅੱਜ ਤਾਂ ਗਏ,' ਮੇਰੇ ਚਿੱਤ 'ਚ ਆਈ। ਮੈਨੂੰ ਤ੍ਰੇਲੀ ਆ ਗਈ। ਮੈਂ ਪੈਰ ਨਾਲ ਆਮ ਤੌਰ 'ਤੇ ਬਰੇਕਾਂ ਦੇ ਨੇੜੇ ਲੱਗੀ ਐਮਰਜੈਂਸੀ ਸਵਿੱਚ ਟਟੋਲੀ। ਪਰ ਇਸ ਟੈਕਸੀ ਵਿਚ ਨਹੀਂ ਸੀ ਲੱਗੀ ਹੋਈ।

"ਅੱਠ ਐਵੀਨਿਊ ਤੋਂ ਖੱਬੇ।" ਟੈਕਸੀ ਦੇ ਬੱਤੀਆਂ ਦੇ ਨੇੜੇ ਪਹੁੰਚਦਿਆਂ ਉਨ੍ਹਾਂ 'ਚੋਂ ਇੱਕ ਨੇ ਕਿਹਾ। ਮੈਂ ਝੱਟ ਬੱਤੀਆਂ ਤੇ ਖੱਬੇ ਕੱਟ ਦਿੱਤੀ। ਸ਼ੁਕਰ ਸੀ ਕਿ ਉਹ ਅੱਠ ਐਵੀਨਿਊ ਹੀ ਸੀ। ਮੋੜ ਕੱਟਣ ਵੇਲੇ ਮੈਨੂੰ ਨਹੀਂ ਸੀ ਪਤਾ ਕਿ ਉਸ ਨੇ ਇਨ੍ਹਾ ਬੱਤੀਆਂ ਤੋਂ ਹੀ ਮੋੜ ਕੱਟਣ ਨੂੰ ਕਿਹਾ ਸੀ ਜਾਂ ਅਗਲੀਆਂ ਤੋਂ। ਮੈਂ ਤਾਂ ਝੱਟ ਪਟ ਹੁਕਮ ਦਾ ਪਾਲਣ ਕੀਤਾ ਸੀ। ਡਰ ਸੀ ਕਿ ਜੇ ਨਾ ਕਰਦਾ ਤਾਂ ਪਿੱਛੋਂ ਘਸੁੰਨ ਵੱਜੇਗਾ। ਹੋ ਸਕਦਾ ਹੈ ਕਿ ਇਸ ਤੋਂ ਅਗਾਂਹ ਵਾਲੀਆ ਬੱਤੀਆਂ ਹੁੰਦੀਆਂ ਅੱਠ ਐਵੀਨਿਊ ਦੀਆਂ। ਪਰ ਘਸੁੰਨ, ਜਿਹੜਾ ਰੱਬ ਤੋਂ ਕਿਤੇ ਨੇੜੇ ਸੀ, ਦਾ ਡਰ ਛੇਤੀ ਹੁਕਮ ਦਾ ਪਾਲਣ ਕਰਨ ਲਈ ਆਖ ਰਿਹਾ ਸੀ। "ਸੱਜੇ ਮੋੜ।" ਤੇ ਮੈਂ ਝੱਟ ਸੱਜੇ ਕੱਟ ਦਿੱਤੀ। ਮੈਂ ਜਿਵੇਂ ਤਾਰ 'ਤੇ ਤੁਰ ਰਿਹਾ ਹੋਵਾਂ। ਭੋਰਾ ਹੁਕਮ ਅਦੂਲੀ ਹੋਈ ਨਹੀਂ ਕਿ ਛਾਪਾਂ ਵਿਚਲੇ ਨਗਾਂ ਨੇ ਸਿਰ ਖੱਖੜੀਆਂ ਕੀਤਾ ਨਹੀਂ। "ਹੌਲੀ ਕਰ ਓਏ," ਤੇ ਮੈਂ ਬਰੇਕਾਂ 'ਤੇ ਪੈਰ ਰੱਖ ਦਿੱਤਾ। "ਰੋਕ।" ਅਗਲੇ ਹੀ ਛਿਣ ਮੈਂ ਬ੍ਰੇਕ ਠੋਕ ਦਿੱਤੇ। ਟੈਕਸੀ ਰੁਕ ਗਈ। ਦਿਮਾਗ ਵਿਚ ਕਈ ਖਿਆਲ ਬੜੀ ਹੀ ਤੇਜੀ ਨਾਲ ਆਏ; ਮੈਨੂੰ ਲੱਗਾ ਕਿ ਹੁਣ ਆਵਾਜ਼ ਆਵੇਗੀ, 'ਜਿਹੜਾ ਕੁਝ ਹੈ ਜੇਬ 'ਚ, ਸਾਡੇ ਹਵਾਲੇ ਕਰ।' ਹਾਲੇ ਕੋਈ ਵੀ ਟ੍ਰਿਪ ਨਹੀਂ ਸੀ ਲਾਇਆ। ਘਰੋਂ ਲਿਆਂਦੇ ਵੀਹ ਡਾਲਰਾਂ ਦੀ ਭਾਨ ਕੋਲ ਸੀ। ਉਹ ਮੈਂ ਉਨ੍ਹਾਂ ਦੇ ਹਵਾਲੇ ਕਰਨ ਲਈ ਹੁਕਮ ਦੀ ਉਡੀਕ ਵਿਚ ਸੀ। 'ਭਾਨ ਵੇਖ ਕੇ ਸਾਲੇ ਕੁੱਟਣਗੇ,' ਇਸ ਸੋਚ ਨੇ ਕੰਬਣੀ ਛੇੜ ਦਿੱਤੀ। ਚਿੱਤ 'ਚ ਆਈ ਕਿ ਫੁਰਤੀ ਨਾਲ ਟੈਕਸੀ ਛੱਡਕੇ ਸ਼ੂਟ ਵੱਟ ਲਵਾਂ। ਪਰ ਉਨ੍ਹਾਂ ਟੈਕਸੀ ਰੁਕਦਿਆਂ ਹੀ ਦਰਵਾਜ਼ੇ ਖੋਲ੍ਹ ਲਏ। 'ਪਾਸਿਓਂ ਆ ਕੇ ਗਲਮਿਓਂ ਨਾ ਫੜ ਲੈਣ,' ਮੈਂ ਇਕ ਦਮ ਸ਼ੀਸ਼ਾ ਉਪਰ ਕਰ ਦਿੱਤਾ ਅਤੇ ਹੈਂਡਲ ਨੂੰ ਘੁੱਟ ਕੇ ਫੜ ਲਿਆ। "ਗਿੱਟ ਲੌਸਟ ਨਾਓ," ਇੱਕ ਨੇ ਕਿਹਾ ਅਤੇ ਉਨ੍ਹਾਂ ਦਰਵਾਜ਼ੇ ਠਾਹ ਦੇਣੇ ਇਕੱਠੇ ਹੀ ਮਾਰੇ। ਜਿਵੇਂ ਬੰਦੂਕ ਚੱਲੀ ਹੋਵੇ। ਮੈਂ ਇਕਦਮ ਕੀਲੀ ਨੱਪ ਦਿੱਤੀ। ਸਰੀਰ ਝੂਠਾ ਹੋਇਆ ਪਿਆ ਸੀ। ਨਿਊਵੈਸਟਮਨਿਸਟਰ ਸ਼ਹਿਰ ਦੀ ਹੱਦ 'ਚੋਂ ਨਿਕਲਦਿਆਂ ਮੈਨੂੰ ਲੱਗਾ ਜਿਵੇਂ ਨਵਾਂ ਜਨਮ ਹੋਇਆ ਹੋਵੇ।

# ਬਦਲਦੇ ਰੌਂ

ਜ਼ੋਨ ਸੈਵਨ ਵਿਚ ਟੈਕਸੀ ਬੁੱਕ ਕਰਵਾਈ ਨੂੰ ਘੰਟਾ ਹੋ ਗਿਆ ਸੀ। ਵਾਰੀ ਆਉਣ ਵਿਚ ਹੀ ਨਹੀਂ ਸੀ ਆ ਰਹੀ। ਤੇ ਜਦੋਂ ਅੱਖਾਂ ਪਕਾ ਕੇ ਵਾਰੀ ਆਈ ਮੈਂ ਰੇਡੀਓ ਡਿਸਪੇਚ ਵਾਲੇ ਮਾਈਕ ਨੂੰ ਝਪੱਟਾ ਮਾਰ ਕੇ ਚੁੱਕਿਆ ਤੇ ਆਪਣੀ ਕਾਰ ਦਾ ਨੰਬਰ ਬੋਲਣ ਲੱਗੇ ਸਕਿੰਟ ਹੀ ਲਾਇਆ। ਜਦੋਂ ਡਿਸਪੈਚਰ ਟੈਕਸੀ ਦਾ ਨੰਬਰ ਬੋਲਦਾ ਹੈ ਤਾਂ ਸਕੂਲ ਵਿਚ ਹਾਜ਼ਰੀ ਲਵਾਉਣ ਵਾਂਗ ਟੈਕਸੀ ਦਾ ਨੰਬਰ ਬੋਲ ਕੇ ਦੱਸਣਾ ਪੈਂਦਾ ਹੈ ਕਿ ਹਾਜ਼ਰ ਹਾਂ। ਮੇਰੀ ਹਾਜ਼ਰੀ ਸੁਣਕੇ ਡਿਸਪੈਚਰ ਨੇ ਸਵਾਰੀ ਦਾ ਪਤਾ ਬੋਲਿਆ। ਐਡਰੈੱਸ ਸੁਣ ਕੇ ਮੇਰਾ ਜੀਅ ਕੀਤਾ ਕਿ ਕਾਰ ਦੀ ਵਿੰਡਸ਼ੀਲਡ 'ਚ ਘਸੁੰਨ ਮਾਰਾਂ। ਮੈਨੂੰ ਪਤਾ ਸੀ ਕਿ ਇਸ ਪਤੇ ਤੋਂ ਮਿਸਿਜ਼ ਸਮਾਲ ਨੇ ਦੋ ਬਲਾਕ ਦੀ ਵਿੱਥ 'ਤੇ ਆਪਣੇ ਵਾਲ ਕਟਵਾਉਣ ਜਾਂ ਸੰਵਾਰਨ ਜਾਣਾ ਸੀ। ਦੋ ਡਾਲਰ ਅੱਸੀ ਸੈਂਟ ਮੀਟਰ 'ਤੇ ਚੱਲਣੇ ਸਨ ਤੇ ਉਸਨੇ ਤਿੰਨ ਡਾਲਰ ਦੇਣੇ ਸਨ। ਮੈਂ ਤਾਂ ਇਹ ਉਮੀਦ ਲਾਈ ਬੈਠਾ ਸੀ ਕਿ ਯੂ ਬੀ ਸੀ ਨੂੰ ਜਾਣ ਵਾਲਾ ਲੰਮਾ ਟ੍ਰਿੱਪ ਮਿਲੇਗਾ। ਉਹ ਰੈਗੂਲਰ ਟ੍ਰਿੱਪ ਏਸ ਵੇਲੇ ਹੀ ਨਿਕਲਦਾ ਸੀ। ਮੇਰਾ ਜੀਅ ਕੀਤਾ ਕਿ ਮਿਸਿਜ਼ ਸਮਾਲ ਨੂੰ ਉਸਦੇ ਟਿਕਾਣੇ 'ਤੇ ਛੱਡ ਕੇ 'ਨੋ-ਟ੍ਰਿੱਪ' ਕਰ ਦੇਵਾਂ। ਇਸ ਤਰ੍ਹਾਂ ਕਰਨ ਨਾਲ ਜੋਨ ਵਿਚ ਪਹਿਲਾ ਨੰਬਰ ਹੀ ਰਹਿ ਜਾਣਾ ਸੀ ਤੇ ਅਗਲਾ ਟ੍ਰਿੱਪ ਫਿਰ ਮੈਨੂੰ ਹੀ ਮਿਲ ਜਾਣਾ ਸੀ। ਫਿਰ ਸੋਚਿਆ ਕਿ ਸਾਰੇ ਟੈਕਸੀ ਡਰਾਈਵਰਾਂ ਨੂੰ ਪਤਾ ਹੈ ਕਿ ਇਹ ਟ੍ਰਿੱਪ 'ਜਰਕ' ਹੈ ਤੇ ਦੂਜਿਆਂ ਨੇ ਸੋਚਣਾ ਹੈ ਕਿ ਮੈਂ ਜਾਣ-ਬੁੱਝ ਕੇ 'ਨੋ-ਟ੍ਰਿੱਪ' ਕੀਤਾ ਹੈ। ਅੱਜ ਦਾ ਦਿਨ ਚੰਗਾ ਨਾ ਲੱਗਣ 'ਤੇ ਝੂਰਦਾ ਮੈਂ ਮਿਸਿਜ਼ ਸਮਾਲ ਦੇ ਪਤੇ ਵੱਲ ਜਾ ਰਿਹਾ ਸੀ ਕਿ ਮੇਰੇ ਤੋਂ ਪਿਛਲੀ ਟੈਕਸੀ ਨੂੰ ਉਹ ਟ੍ਰਿੱਪ ਮਿਲ ਗਿਆ, ਜਿਸ ਦੀ ਮੈਂ ਉਮੀਦ ਲਾਈ ਬੈਠਾ ਸਾਂ। ਮੈਂ ਸੰਘ ਘਰੋੜ ਕੇ 'ਫੱਅਕ' ਕਿਹਾ ਤੇ ਠਾਹ ਕਰਕੇ ਹਥੇਲੀ ਸਟੇਰਿੰਗ 'ਤੇ ਮਾਰੀ। ਖਿੱਝਦਾ-ਕ੍ਰਿੱਝਦਾ ਮੈਂ ਟਿਕਾਣੇ 'ਤੇ ਜਾ ਪੁੱਜਾ। ਮਿਸਿਜ਼ ਸਮਾਲ ਵਾਕਰ ਦੇ ਸਹਾਰੇ ਤੁਰਦੀ ਹੈ। ਉਸਦਾ ਵਾਕਰ ਫੜਕੇ ਟਰੰਕ ਵਿਚ ਰੱਖਣਾ ਪੈਣਾ ਸੀ, ਫਿਰ ਉਸ ਨੂੰ ਸਹਾਰਾ ਦੇ ਕੇ ਕਾਰ ਵਿਚ ਬਠਾਉਣਾ ਪੈਣਾ ਸੀ। ਉਸ ਵਕਤ ਇਹ ਸਾਰਾ ਕੁਝ ਕਰਨ ਦੀ ਵੱਢੀ ਰੂਹ ਨਹੀਂ ਸੀ ਕਰਦੀ। ਮੈਂ 'ਹੈਲੋ' ਵੀ ਉਸ ਵੱਲ ਚਲਾਵੀਂ ਮਾਰੀ ਤੇ ਫਿਰ ਉਸ ਦੇ ਟਿਕਾਣੇ 'ਤੇ

ਲਿਜਾਕੇ ਉਸਦਾ ਵਾਕਰ ਟਰੰਕ ਵਿੱਚੋਂ ਕੱਢਿਆ ਅਤੇ ਉਸਦੇ ਮੂਹਰੇ ਪਟਕਾ ਮਾਰਿਆ। ਉਹ ਮੇਰੇ ਵੱਲ ਝਾਕੀ ਸੀ। ਬੋਲੀ ਕੁਝ ਨਹੀਂ। ਮੈਨੂੰ ਲੱਗਾ ਕਿ ਉਹ ਕੁਝ ਆਖਣਾ ਚਾਹੁੰਦੀ ਸੀ। ਪਰ ਮੈਂ ਉਸ ਵੱਲੋਂ ਨਜ਼ਰਾਂ ਹਟਾ ਕੇ ਠਾਹ ਦੇਣੇ ਦਰਵਾਜਾ ਬੰਦ ਕੀਤਾ ਤੇ ਟੈਕਸੀ ਵਿਚ ਬੈਠਕੇ ਵੱਡੀ ਸਾਰੀ ਗਾਲ੍ਹ ਕੱਢੀ, "ਡੂਢ ਸਾਲੀ ਦੇ ਵਾਲ ਐ, ਏਹਨਾਂ ਨੂੰ ਮੁਨਾਉਣ ਤੁਰ ਪੂ ਜਿਵੇਂ ਕਿਸੇ ਯਾਰ ਨੂੰ ਮਿਲਣ ਜਾਣਾ ਹੁੰਦੈ।"

ਤੇ ਪਿਛਲੇ ਸ਼ਨਿਚਰਵਾਰ ਵੀ ਮੈਨੂੰ ਮਿਸਿਜ਼ ਸਮਾਲ ਵਾਲਾ ਟ੍ਰਿਪ ਮਿਲਿਆ ਸੀ। ਉਸ ਦਿਨ ਮੇਰਾ ਪੂਰਾ 'ਸੂਤ' ਲੱਗਿਆ ਹੋਇਆ ਸੀ। ਇੱਕ ਟ੍ਰਿਪ ਤੋਂ ਵੇਹਲਾ ਹੁੰਦਾ ਤੇ ਝੱਟ ਦੂਜਾ ਮਿਲ ਜਾਂਦਾ। ਉਸ ਦਿਨ ਉਹ ਮੈਨੂੰ ਆਪਣੀ ਨਾਨੀ ਵਰਗੀ ਲੱਗੀ ਸੀ। ਪਟੋਲਾ ਜਿਹਾ। ਮੇਰਾ ਜੀਅ ਕੀਤਾ ਸੀ ਕਿ ਉਸ ਨੂੰ ਬਾਹਾਂ ਵਿਚ ਚੁੱਕ ਕੇ ਹੇਅਰ ਡ੍ਰੈੱਸਰ ਦੀ ਕੁਰਸੀ 'ਚ ਬਿਠਾ ਆਵਾਂ। ਸਗੋਂ ਮੈਂ ਉਸ ਨੂੰ ਪਿਆਰ ਨਾਲ ਮਸ਼ਕਰੀ ਵੀ ਕੀਤੀ ਸੀ। ਮੈਂ ਉਸ ਨੂੰ ਕਿਹਾ ਸੀ, "ਬਿਊਟੀ ਕੁਈਨ, ਤੂੰ ਤਾਂ ਵਾਲਾਂ ਨੂੰ ਸੰਵਾਰੇ ਤੋਂ ਬਿਨ੍ਹਾਂ ਹੀ ਬਥੇਰੀ ਸੋਹਣੀ ਐਂ। ਫਿਰ ਤੈਨੂੰ ਹਰ ਹਫ਼ਤੇ ਹੇਅਰ ਡ੍ਰੈੱਸਰ ਦੇ ਜਾਣ ਦੀ ਕੀ ਲੋੜ ਹੈ!" ਉਹ ਮੂਹਰੋਂ ਬੋਲੀ ਸੀ, " ਜਦੋਂ ਘਰੇ ਇਕੱਲਤਾ ਤੋਂ ਤੰਗ ਪੈ ਜਾਨੀ ਆਂ ਤਾਂ ਵਾਲ ਸੰਵਾਰਨ ਦੇ ਬਹਾਨੇ ਮੈਂ ਲੋਕਾਂ ਨੂੰ ਮਿਲ ਆਉਣੀ ਆਂ। ਕੁਝ ਗੱਲਾਂ ਬਾਤਾਂ ਕਰ ਆਉਣੀ ਆਂ।"

ਹੁਣ ਜਦੋਂ ਮੈਨੂੰ ਮਿਸਿਜ਼ ਸਮਾਲ ਦੀਆਂ ਕੁਝ ਆਖਣ ਲਈ ਲੋਚਦੀਆਂ ਅੱਖਾਂ ਯਾਦ ਆਉਂਦੀਆਂ ਹਨ ਤਾਂ ਆਪਣੇ ਬੇਰੁਖੀ ਵਾਲੇ ਵਤੀਰੇ 'ਤੇ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ।

# ਸ਼ੀਸ਼ਾ

ਜਦ ਉਹ ਨਿਊ ਵੈਸਟਮਿਨਿਸਟਰ ਦੇ ਛੋਟੇ ਜਿਹੇ ਘਰ 'ਚੋਂ ਟੈਕਸੀ ਵੱਲ ਆ ਰਹੀ ਸੀ ਤਾਂ ਮੈਨੂੰ ਲੱਗਾ ਕਿ ਉਸ ਨੂੰ ਕਿਤੇ ਦੇਖਿਆ ਹੋਇਆ ਹੈ। ਚੇਤੇ 'ਤੇ ਜ਼ੋਰ ਪਾਇਆਂ ਵੀ ਜਦ ਖਿਆਲ ਨਾ ਆਇਆ ਤਾਂ ਸੋਚਿਆ ਕਿ ਕਿਤੇ ਪਹਿਲਾਂ ਵੀ ਮੇਰੀ ਟੈਕਸੀ ਵਿੱਚ ਬੈਠੀ ਹੋਵੇਗੀ। 'ਏਅਰਪੋਰਟ' ਆਖ ਕੇ ਉਸ ਨੇ ਕੋਈ ਫਾਈਲ ਖੋਲ੍ਹ ਲਈ। ਮੈਂ ਸ਼ੀਸ਼ੇ ਵਿੱਚ ਦੀ ਪਿੱਛੇ ਦੇਖਿਆ, ਉਸ ਨੂੰ ਫਾਈਲ ਵਿੱਚ ਰੁੱਝੀ ਹੋਈ ਦੇਖ ਕੇ ਕੋਈ ਗੱਲ ਕਰਨੀ ਮੁਨਾਸਿਬ ਨਾ ਸਮਝੀ। ਥੋੜ੍ਹੀ ਦੇਰ ਬਾਅਦ ਉਹ ਆਪ ਹੀ ਬੋਲੀ, " ਤੇਰੇ ਬੱਚਿਆਂ ਦਾ ਸਕੂਲ ਕਿਵੇਂ ਚੱਲ ਰਿਹਾ ਹੈ?"

ਮੈਨੂੰ ਉਸ ਵੱਲੋਂ ਪੁੱਛੇ ਅਚਾਨਕ ਸਵਾਲ ਦੀ ਸਮਝ ਨਾ ਪਈ। ਮੇਰਾ ਹੱਥ ਆਪ ਮੁਹਾਰਾ ਹੀ ਅੱਧ-ਕੱਟੀ ਹੋਈ ਦਾਹੜੀ 'ਤੇ ਜਾ ਪਿਆ। 'ਕੀ ਮੈਂ ਸੱਚੀਂ ਹੀ ਐਨੀ ਉਮਰ ਦਾ ਲੱਗਦੈਂ?' ਮੈਂ ਸੋਚਿਆ। ਇਹ ਮੈਨੂੰ ਮੇਰੇ ਨਾਲ ਟੈਕਸੀ ਚਲਾਉਂਦੇ ਮਿੱਤਰ ਕਈ ਵਾਰ ਆਖ ਚੁੱਕੇ ਸਨ , "ਰਫੂਜੀਆਂ ਵਾਂਗ ਦਾੜ੍ਹੀ ਰੱਖੀ ਫਿਰਦੈਂ, ਸ਼ੇਵ ਕਰ ਲਿਆ ਕਰ।" ਪਰ ਮੈਨੂੰ ਆਪਣੀ ਬਾਹਰਲੀ ਦਿੱਖ ਦੀ ਬਹੁਤੀ ਪਰਵਾਹ ਨਹੀਂ ਸੀ ਹੁੰਦੀ। ਦੁਨੀਆਂ ਵਿੱਚ ਕੀ ਵਾਪਰ ਰਿਹਾ ਹੈ ਮੈਨੂੰ ਉਸ ਦੀ ਵੀ ਬਹੁਤੀ ਪਰਵਾਹ ਨਹੀਂ ਸੀ ਹੁੰਦੀ। ਬੱਸ ਪੈਸੇ ਬਣਾਉਣ ਦੀ ਹੀ ਧੁਨ ਲੱਗੀ ਰਹਿੰਦੀ ਕਿ ਛੇਤੀ ਕਿਰਾਏ ਦੀ ਬੇਸਮੈਂਟ 'ਚੋਂ ਨਿਕਲ ਕੇ ਆਪਣਾ ਮਕਾਨ ਖ੍ਰੀਦਾਂ।

ਖ਼ੈਰ, ਮੈਂ ਉਸ ਔਰਤ ਨੂੰ ਜਵਾਬ ਦਿੱਤਾ , "ਮੈਂ ਵਿਆਹਿਆ ਹੋਇਆ ਨਹੀਂ।"

"ਓ! ਕੋਈ ਭਤੀਜਾ-ਭਤੀਜੀ?"

"ਪਰ ਤੂੰ ਇਹ ਸਵਾਲ ਕਿਓਂ ਪੁੱਛ ਰਹੀ ਹੈਂ?"

" ਮੈਂ ਵਿੱਦਿਆ ਮਹਿਕਮੇ ਦੀ ਮੰਤਰੀ ਬਣੀ ਹਾਂ। ਇਸ ਕਰ ਕੇ ਮੈਂ ਜਾਣਨਾ ਚਾਹੁੰਦੀ ਹਾਂ ਕਿ ਲੋਕ ਸਾਡੇ ਸਕੂਲ ਪ੍ਰਬੰਧ ਬਾਰੇ ਕੀ ਸੋਚਦੇ ਹਨ।"

ਇੱਕ ਪਲ ਮੈਨੂੰ ਉਸ ਦੀ ਗੱਲ ਦਾ ਯਕੀਨ ਨਾ ਆਇਆ। ਚਿੱਤ 'ਚ ਆਈ ਕਿ ਮੰਤਰੀਆਂ ਦੀ ਐਨੀ ਬੇਕਦਰੀ? ਸਾਡੇ 'ਭਾਰਤ ਮਹਾਨ' 'ਚ ਤਾਂ ਮੰਤਰੀਆਂ ਦੇ ਅੱਗੇ-ਪਿੱਛੇ ਵਰਦੀ ਵਾਲਿਆਂ ਤੋਂ ਬਿਨਾਂ ਵੀ ਚਮਚੇ-ਕੜਛਿਆਂ ਦੀ ਕਤਾਰ ਲੱਗੀ ਹੁੰਦੀ ਹੈ ਤੇ ਐਥੇ ਕੱਲੀ-ਕਾਰੀ ਟੈਕਸੀ 'ਚ ਬੈਠੀ ਮੰਤਰੀ ਇੱਕ ਡਰਾਈਵਰ

ਨੂੰ ਦੱਸ ਰਹੀ ਹੈ ਕਿ ਉਹ ਸੂਬੇ ਦੀ ਮੰਤਰੀ ਹੈ। ਮੈਂ ਪਹਿਲਾਂ ਵੀ ਕਈ ਟੈਕਸੀ ਡਰਾਈਵਰਾਂ ਤੋਂ ਸੁਣਿਆ ਸੀ ਕਿ ਉਸ ਦੀ ਟੈਕਸੀ ਵਿੱਚ ਫਲਾਨਾ ਮੰਤਰੀ ਬੈਠਾ ਸੀ। ਉਦੋਂ ਮੈਂ ਸੋਚਦਾ ਹੁੰਦਾ ਕਿ ਐਵੇਂ ਯੱਕੜ ਮਾਰਦੇ ਆ, ਐਨੀ ਵੀ ਕੀ ਆਖ। ਭਾਰਤ 'ਚੋਂ ਨਵਾਂ-ਨਵਾਂ ਆਇਆ ਮੇਰੇ ਅੰਦਰਲਾ ਇਹ ਤਸਵੀਰ ਚਿਤਵ ਹੀ ਨਹੀਂ ਸੀ ਸਕਦਾ। ਪਰ ਹੁਣ ਮੇਰੇ ਆਪਣੇ ਨਾਲ ਇਹ ਵਾਪਰ ਰਿਹਾ ਸੀ। ਮੈਨੂੰ ਉਸ ਦਾ ਚੇਹਰਾ ਜਾਣਿਆ-ਪਛਾਣਿਆ ਲੱਗਣ ਦੀ ਸਮਝ ਆਉਣ ਲੱਗੀ। ਪਿਛਲੇ ਮਹੀਨਿਆਂ ਦੌਰਾਨ ਸੂਬਾਈ ਚੋਣਾਂ ਹੋਣ ਕਰ ਕੇ ਇਸ ਇਲਾਕੇ ਵਿੱਚ ਥਾਂ-ਥਾਂ ਇਸ ਦੇ ਪੋਸਟਰ ਲੱਗੇ ਹੋਏ ਸਨ। ਉਹਨੀਂ ਦਿਨੀ ਤਾਂ ਮੇਰੇ ਲਈ ਅਖਬਾਰ ਦਾ ਮਤਲਬ ਵੀ ਉਸ ਦਾ ਵਿਚਕਾਰਲਾ ਇਸ਼ਤਿਹਾਰਾਂ ਵਾਲਾ ਹਿੱਸਾ ਹੀ ਹੁੰਦਾ ਸੀ। ਕਿਸੇ ਬੇਹਤਰ ਨੌਕਰੀ ਲਈ ਜਾਂ ਕੋਈ ਪੁਰਾਣੀ ਤੇ ਸਸਤੀ ਚੀਜ਼ ਖ਼੍ਰੀਦਣ ਲਈ। ਕਨੇਡਾ ਦੀ ਸਿਆਸਤ ਵਿੱਚ ਮੇਰੀ ਕੋਈ ਦਿਲਚਸਪੀ ਨਹੀਂ ਸੀ। ਮੈਂ ਤਾਂ ਕੁਝ ਸਾਲ ਰਹਿਣਾ ਸੀ ਤੇ ਫਿਰ ਜਦੋਂ ਚਾਰ ਛਿੱਲੜ ਜੁੜ ਜਾਣੇ ਸਨ, ਮੈਂ ਆਪਣੇ 'ਭਾਰਤ ਮਹਾਨ' ਵੱਲ ਚਾਲੇ ਪਾ ਦੇਣੇ ਸਨ। ਪਰ ਉਸ ਮਨਿਸਟਰ ਦੇ ਟੈਕਸੀ ਵਿੱਚ ਬੈਠਿਆਂ ਮੈਨੂੰ ਆਪਣੀ ਅਗਿਆਨਤਾ 'ਤੇ ਸ਼ਰਮ ਮਹਿਸੂਸ ਹੋਈ ਕਿ ਮੈਂ ਆਪਣੇ ਆਲੇ-ਦੁਆਲੇ ਦੀ ਐਨੀ ਵੀ ਸਾਰ ਨਹੀਂ ਰੱਖਦਾ। ਆਪਣੀ ਝੇਂਪ ਨੂੰ ਲੁਕਾਉਂਦਿਆਂ ਮੈਂ ਕਿਹਾ, " ਮੁਆਫ਼ ਕਰਨਾ, ਇਸ ਮਾਮਲੇ 'ਚ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦਾ। ਮੇਰਾ ਸਕੂਲ ਸਿਸਟਮ ਨਾਲ ਸਿੱਧਾ ਜਾਂ ਅਸਿੱਧਾ ਕੋਈ ਵਾਸਤਾ ਨਹੀਂ ਹੈ।"

" ਚੱਲ ਕੋਈ ਨਹੀਂ, ਤੇਰਾ ਸਾਡੀ ਸਰਕਾਰ ਵੱਲੋਂ ਸੈਨੇਟ ਵਿੱਚ ਔਰਤਾਂ ਲਈ ਰਾਖਵੀਆਂ ਸੀਟਾਂ ਰੱਖਣ ਬਾਰੇ ਕੀ ਵਿਚਾਰ ਹੈ?"

ਇੱਕ ਵਾਰ ਫਿਰ ਮੈਨੂੰ ਆਪਣੀ ਅਗਿਆਨਤਾ 'ਤੇ ਸ਼ਰਮ ਆਈ ਪਰ ਮੈਂ ਉਸ ਦੇ ਸਵਾਲ ਤੋਂ ਹੀ ਅੰਦਾਜ਼ਾ ਲਾ ਕੇ ਕਿਹਾ, "ਤੁਸੀਂ ਇਸ ਤਰ੍ਹਾਂ ਕਿਓਂ ਨਹੀਂ ਸੋਚਦੇ ਕਿ ਸੈਨੇਟ ਵਿੱਚ ਸੀਟਾਂ ਰਾਖਵੀਆਂ ਰੱਖਣ ਦੀ ਜ਼ਰੂਰਤ ਕਿਓਂ ਪਈ? ਉਹ ਕਾਰਣ ਕਿਹੜੇ ਹਨ, ਜਿਸ ਕਰ ਕੇ ਔਰਤਾਂ ਅਗਾਂਹ ਨਹੀਂ ਆਉਂਦੀਆਂ ਅਤੇ ਉਨ੍ਹਾਂ ਲਈ ਸੀਟਾਂ ਰਾਖਵੀਆਂ ਰੱਖਣੀਆਂ ਪੈਂਦੀਆਂ ਹਨ?"

ਉਹ ਕੁਝ ਪਲ ਚੁੱਪ ਰਹੀ ਫਿਰ ਚਹਿਕ ਕੇ ਬੋਲੀ, " ਤੂੰ ਬਹੁਤ ਵਧੀਆ ਸਵਾਲ ਉਠਾਇਆ ਹੈ। ਮੈਂ ਇਸ ਬਾਰੇ ਪਾਰਲੀਮੈਂਟ 'ਚ ਗੱਲ ਕਰਾਂਗੀ। ਪਰ ਕਿਤੋਂ ਤਾਂ ਸ਼ੁਰੂਆਤ ਕਰਨੀ ਹੀ ਹੈ ਨਾ?" ਮੈਨੂੰ ਆਪਣਾ-ਆਪ ਚੰਗਾ-ਚੰਗਾ ਲੱਗਾ। ਇੱਕ ਵੱਖਰੀ ਕਿਸਮ ਦਾ ਮਾਣ ਜਿਹਾ ਮਹਿਸੂਸ ਹੋਇਆ ਮੈਨੂੰ।

"ਹਾਂ," ਮੈਂ ਉਸ ਨਾਲ ਸਹਿਮਤੀ ਪ੍ਰਗਟਾਈ। ਉਸ ਨੇ ਫਿਰ ਆਪਣਾ ਧਿਆਨ ਫਾਈਲ ਵੱਲ ਕਰ ਲਿਆ। ਮੇਰਾ ਜੀਅ ਕਰਦਾ ਸੀ ਕਿ ਉਹ ਮੇਰੇ ਨਾਲ ਗੱਲਾਂ ਕਰੇ। ਮੈਂ ਪੁੱਛ ਲਿਆ ਕਿ ਕੀ ਉਹ ਰੁੱਝੀ ਹੋਈ ਹੈ। ਉਹ ਬੋਲੀ, " ਹਾਂ, ਕੰਮ 'ਤੇ ਚੱਲੀ ਹਾਂ। ਕੋਸ਼ਿਸ਼ ਕਰ ਰਹੀ ਹਾਂ ਕਿ ਕੱਲ੍ਹ ਨੂੰ ਸ਼ੁਰੂ ਹੋਣ ਵਾਲੇ ਲੈਜਿਸਲੇਟਿਵ ਅਸੈਂਬਲੀ ਦੇ ਇਜਲਾਸ ਲਈ ਆਪਣੀ ਤਿਆਰੀ ਕਰ ਲਵਾਂ।"

"ਓ.ਕੇ" ਆਖ ਕੇ ਮੈਂ ਚੁੱਪ ਕਰ ਗਿਆ। ਮੇਰੀਆਂ ਸੋਚਾਂ ਵਿੱਚ ਭਾਰਤ ਦੇ

ਰਾਜਨੀਤੀਵਾਨਾਂ ਦੇ ਚੇਹਰੇ ਘੁੰਮਣ ਲੱਗੇ। 'ਕੀ ਉਹ ਵੀ ਪਾਰਲੀਮੈਂਟ ਜਾਂ ਅਸੈਂਬਲੀ 'ਚ ਜਾਣ ਨੂੰ ਕੰਮ 'ਤੇ ਜਾਣਾ ਸਮਝਦੇ ਹੋਣਗੇ?' 'ਕੀ ਉਹ ਵੀ ਆਮ ਲੋਕਾਂ ਦੀ ਗੱਲ ਇਸੇ ਤਰ੍ਹਾਂ ਸੁਣਦੇ ਹੋਣਗੇ?' ਮੈਂ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਚਿਤਵ ਹੀ ਨਹੀਂ ਸੀ ਸਕਦਾ। ਮੇਰੇ ਖਿਆਲਾਂ ਵਿੱਚ ਤਾਂ ਉਹ ਆਪਣੀਆਂ ਲੱਛੇਦਾਰ ਤਕਰੀਰਾਂ, ਪੁਲੀਸ ਗਾਰਦਾਂ ਵਿੱਚ ਘਿਰੇ ਹੋਏ, ਧੂੜਾਂ ਉਡਾਉਂਦੀਆਂ ਕਾਰਾਂ ਦੇ ਕਾਫਲਿਆਂ ਵਿੱਚ ਆਉਂਦੇ-ਜਾਂਦੇ ਆਮ ਆਦਮੀ ਲਈ ਅਪ੍ਹੁੰਚ ਹੀ ਲਗਦੇ ਸਨ। ਤੇ ਇਸ ਮੰਤਰੀ ਦੇ ਵਤੀਰੇ ਨੇ ਮੈਨੂੰ ਉਸੇ ਤਰ੍ਹਾਂ ਹੀ ਹੈਰਾਨ ਕਰ ਦਿੱਤਾ ਸੀ, ਜਿਸ ਤਰ੍ਹਾਂ ਕਿ ਮੈਂ ਕਨੇਡਾ ਪਹੁੰਚਣ ਵਾਲੀ ਰਾਤ ਹੈਰਾਨ ਹੋਇਆ ਸੀ। ਉਸ ਰਾਤ ਮੇਰੇ ਭਣੋਈਏ ਦੀ ਘਰ ਮੂਹਰੇ ਸੜਕ 'ਤੇ ਪਾਰਕ ਕੀਤੀ ਕਾਰ ਵਿੱਚ ਕਿਸੇ ਹੋਰ ਦੀ ਕਾਰ ਆ ਵੱਜੀ ਸੀ ਅਤੇ ਉਸ ਡਰਾਈਵਰ ਨੇ ਅੱਧੀਂ ਰਾਤੋਂ ਸਾਨੂੰ ਜਗਾ ਕੇ ਸਾਥੋਂ ਮੁਆਫ਼ੀ ਮੰਗੀ ਨਾਲੇ ਆਪਣਾ ਅਤਾ-ਪਤਾ ਦੇ ਗਿਆ ਤਾਂ ਕਿ ਇੰਸ਼ੋਰੈਂਸ ਰਾਹੀਂ ਅਸੀਂ ਆਪਣੀ ਕਾਰ ਠੀਕ ਕਰਵਾ ਲਈਏ। ਉਸ ਦਾ ਇਹ ਵਤੀਰਾ ਮੇਰੇ ਮੰਨਣ ਵਿੱਚ ਹੀ ਨਹੀਂ ਸੀ ਆ ਰਿਹਾ।

ਮੈਂ ਆਪਣੀਆਂ ਸੋਚਾਂ 'ਚ ਘਿਰਿਆ ਟੈਕਸੀ ਨੂੰ ਏਅਰਪੋਰਟ ਲੈ ਗਿਆ। ਮੀਟਰ ਉੱਪਰ ਛੱਬੀ ਡਾਲਰ ਕਿਰਾਇਆ ਬਣ ਗਿਆ ਸੀ। ਉਸ ਨੇ ਤੀਹ ਡਾਲਰ ਦੇ ਕੇ ਸਾਰੇ ਰੱਖਣ ਲਈ ਆਖ ਕੇ ਰਸੀਦ ਦੀ ਮੰਗ ਕੀਤੀ। ਮੈਂ ਉਸ ਨੂੰ ਛੱਬੀ ਡਾਲਰਾਂ ਦੀ ਰਸੀਦ ਬਣਾ ਕੇ ਦੇ ਦਿੱਤੀ। ਉਸ ਨੇ ਇੱਕ ਨਜ਼ਰ ਰਸੀਦ ਵੱਲ ਮਾਰੀ, ਫਿਰ ਬੋਲੀ, "ਮੈਂ ਤੈਨੂੰ ਤੀਹ ਡਾਲਰ ਦਿੱਤੇ ਆ ਨਾ?"

"ਹਾਂ, ਪਰ ਮੀਟਰ 'ਤੇ ਤਾਂ ਛੱਬੀ ਹੀ ਬਣੇ ਆ। ਟਿੱਪ ਤਾਂ ਤੂੰ ਆਪਣੀ ਇੱਛਾ ਨਾਲ ਦਿੱਤੀ ਹੈ। ਓਹਦਾ ਸਰਕਾਰੀ ਖਜ਼ਾਨੇ 'ਤੇ ਕਿਉਂ ਬੋਝ ਪਾਉਨੀ ਐਂ?"

"ਤੇਰੀ ਗੱਲ ਠੀਕ ਐ, ਮੈਂ ਇਸ ਬਾਰੇ ਸੋਚਿਆ ਹੀ ਨਹੀਂ ਸੀ। ਨਵੀਂ ਨਵੀਂ ਮਨਿਸਟਰ ਬਣੀ ਹਾਂ ਨਾ। ਯਾਦ ਕਰਾਉਣ ਲਈ ਸ਼ੁਕਰੀਆ," ਆਖ ਕੇ ਉਹ ਮੁਸਕਰਾਈ ਅਤੇ ਟੈਕਸੀ 'ਚੋਂ ਨਿਕਲ ਕੇ ਏਅਰਪੋਰਟ ਅੰਦਰ ਚਲੀ ਗਈ। ਏਅਰਪੋਰਟ ਤੋਂ ਵਾਪਸ ਮੁੜਦਾ ਮੈਂ ਸੋਚ ਰਿਹਾ ਸੀ ਕਿ ਆਸੇ-ਪਾਸੇ ਦੀ ਥੋੜ੍ਹੀ-ਬਹੁਤੀ ਜਾਣਕਾਰੀ ਤਾਂ ਰੱਖਣੀ ਹੀ ਚਾਹੀਦੀ ਹੈ।

# ਘਾਟੇ ਵਾਲਾ ਸੌਦਾ

ਹੈ ਕੋਈ ਕਿੱਤਾ ਐਹੋ-ਜਿਹਾ, ਜਿਸ ਵਿਚ ਕੰਮ ਕਰਨ ਗਏ ਕਾਮੇ ਨੂੰ ਪੱਲਿਓਂ ਪੈਸੇ ਦੇ ਕੇ ਘਰ ਮੁੜਣਾ ਪਵੇ?

ਟੈਕਸੀ ਚਲਾਉਂਦਿਆਂ ਹੁੰਦਾ ਹੈ ਏਦਾਂ ਕਦੇ-ਕਦੇ। ਇਸ ਤਰ੍ਹਾਂ ਦੇ ਕੁਝ ਦਿਨ ਮੇਰੇ ਚੇਤੇ ਵਿੱਚ ਧਸੇ ਪਏ ਹਨ।

ਪਹਿਲੀ ਵਾਰ ਤਾਂ ਟੈਕਸੀ ਚਲਾਉਣ ਦੇ ਪਹਿਲੇ ਦਿਨ ਹੀ ਅਜੇਹਾ ਮੇਰੇ ਨਾਲ ਵਾਪਰਿਆ। ਪਹਿਲੇ ਦਿਨ ਤਾਂ ਕਈਆਂ ਨਾਲ ਇਸ ਤਰ੍ਹਾਂ ਹੁੰਦਾ ਹੋਵੇਗਾ। ਉਨ੍ਹਾਂ ਵੇਲਿਆਂ 'ਚ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ। ਡਿਸਪੈਚਰ ਬਹੁਤ ਤੇਜ਼ੀ ਨਾਲ ਬੋਲਦਾ। ਨਵੇਂ ਬੰਦੇ ਨੂੰ ਘੱਟ ਸਮਝ ਲੱਗਦੀ। ਨਵਾਂ ਬੰਦਾ ਵਾਰ -ਵਾਰ ਕੋਡ ਆਰ*(ਰਪੀਟ) ਪੁੱਛਦਾ। ਡਿਸਪੈਚਰ ਇਕ ਵਾਰ ਤਾਂ ਦੁਬਾਰਾ ਦੱਸ ਦਿੰਦਾ ਦੂਜੀ ਵਾਰ ਪੁੱਛਣ 'ਤੇ ਟ੍ਰਿੱਪ ਅਗਾਂਹ ਵਾਲੀ ਟੈਕਸੀ ਨੂੰ ਡਿਸਪੈਚ ਕਰ ਦਿੰਦਾ। ਨਵੇਂ ਡਰਾਈਵਰ ਨੂੰ ਵਾਰ-ਵਾਰ ਇਸ ਤਰ੍ਹਾਂ ਪੁੱਛਦਿਆਂ ਸੁਣਕੇ ਪੁਰਾਣੇ ਪਾਪੀ ਸਮਝ ਜਾਂਦੇ ਕਿ 'ਪੰਛੀ' ਨਵਾਂ ਹੈ। ਉਹ ਨਵੇਂ ਡਰਾਈਵਰ ਦੇ ਲੱਭਦਿਆਂ-ਕਰਦਿਆਂ ਤੋਂ ਪਹਿਲਾਂ ਹੀ ਟ੍ਰਿੱਪ ਚੁੱਕ ਕੇ ਹਵਾ ਨੂੰ ਗੰਢਾਂ ਦੇ ਜਾਂਦੇ। ਡਿਸਪੈਚਰ ਮੈਨੂੰ ਬਾਰਕਰ ਸਟਰੀਟ ਦਾ ਪਤਾ ਦੱਸਦਾ ਤੇ ਮੈਂ ਪਾਰਕਰ ਸਟਰੀਟ 'ਤੇ ਲੱਭਦਾ ਫਿਰਦਾ। ਜਦੋਂ ਪਤਾ ਨਾ ਲੱਭਦਾ ਤਾਂ ਖੱਜਲ-ਖੁਆਰ ਹੋ ਕੇ ਡਿਸਪੈਚਰ ਨੂੰ ਟ੍ਰਿੱਪ ਅਗਾਂਹ ਪਾਸ ਕਰਨ ਨੂੰ ਆਖ ਦਿੰਦਾ। ਅੱਗੋਂ ਡਰਾਈਵਰ ਆਖਦਾ ਕਿ ਉਹ ਤਾਂ ਕਦੋਂ ਦਾ ਕਿਸੇ ਨੇ ਪਾਸ ਕਰ ਦਿੱਤਾ ਹੋਊ। ਖਿੱਚ-ਧੂਹ ਕੇ ਬਾਰ੍ਹਾਂ ਘੰਟਿਆਂ ਵਿੱਚ ਪੰਜਾਹ ਡਾਲਰ ਬਣਾਏ। ਪੰਜਾਹ ਡਾਲਰ ਟੈਕਸੀ ਦੀ ਲੀਜ਼ ਸੀ। ਟੈਕਸੀ ਵਿਚ ਮੈਂ ਗੈਸ ਆਪਣੇ ਪੱਲਿਓਂ ਪੁਆ ਕੇ ਆਇਆ। ਹਰ ਵਾਰ ਤਾਂ ਇਸ ਤਰ੍ਹਾਂ ਨਹੀਂ ਨਾ ਕਰ ਸਕਦਾ ਸੀ। ਮੈਂ ਇੱਕ ਛੋਟੀ ਜਿਹੀ ਟੇਪ ਰਿਕਾਰਡਰ ਲੈ ਲਈ । ਜਦੋਂ ਡਿਸਪੈਚਰ ਪਤਾ ਬੋਲਦਾ ਮੈਂ ਰਿਕਾਰਡ ਕਰ ਲੈਂਦਾ। ਫਿਰ ਵਾਰ ਵਾਰ ਸੁਣ ਕੇ ਪਤਾ ਲਿਖ ਲੈਂਦਾ ਤੇ ਨਕਸ਼ਾ ਦੇਖ ਕੇ ਪਹੁੰਚ ਜਾਂਦਾ।

ਟੇਪ ਲੈਣ ਨਾਲ ਕਿਤੇ ਮੈਂ ਪੱਲਿਓਂ ਨਾ ਦੇ ਕੇ ਮੁੜਣ ਲਈ ਸੁਰੱਖਿਅਤ ਥੋੜ੍ਹਾ ਹੋ ਗਿਆ ਸੀ। ਉਸ ਦਿਨ ਮੈਂ ਆਖਰੀ ਟ੍ਰਿੱਪ ਲਾ ਕੇ ਟੈਕਸੀ ਲਾਟ ( ਟੈਕਸੀ ਕੰਪਨੀ ਦੀ ਟੈਕਸੀ ਪਾਰਕਿੰਗ ਵਾਲੀ ਥਾਂ) ਵੱਲ ਮੁੜ ਰਿਹਾ ਸੀ। ਮੇਰੇ ਹਿਸਾਬ ਨਾਲ ਉਸ ਦਿਨ ਦਿਹਾੜੀ ਠੀਕ ਬਣ ਗਈ ਸੀ। ਟੈਕਸੀ ਵਿਚ ਗੈਸ ਪਵਾ ਕੇ(ਉਨ੍ਹਾਂ ਦਿਨਾਂ ਵਿਚ ਬਾਰ੍ਹਾਂ

ਘੰਟਿਆਂ ਦੀ ਸ਼ਿਫ਼ਟ ਤੋਂ ਬਾਅਦ ਦਸ-ਬਾਰਾਂ ਡਾਲਰ ਦੀ ਪਰੋਪੇਨ ਗੈਸ ਪੈਂਦੀ ਸੀ) ਅਤੇ ਲੀਜ਼ ਦੇ ਪੰਜਾਹ ਡਾਲਰ ਦੇ ਕੇ ਮੈਨੂੰ ਸੌ ਕੁ ਡਾਲਰ ਬਚਣ ਦੀ ਉਮੀਦ ਸੀ, ਜਿਹੜੀ ਕਿ ਉਨ੍ਹਾਂ ਦਿਨਾਂ 'ਚ ਔਸਤ ਸੀ। ਮੈਂ ਟੈਕਸੀ ਰਾਤ ਦੀ ਸ਼ਿਫਟ ਵਾਲੇ ਦੇ ਹਵਾਲੇ ਚਾਰ ਵਜੇ ਕਰਨੀ ਸੀ। ਹਾਲੇ ਗੈਸ ਪਵਾਉਣਾ ਸੀ। ਮੈਨੂੰ ਲਗਦਾ ਸੀ ਕਿ ਮੈਂ ਪੰਜ-ਦਸ ਮਿੰਟ ਲੇਟ ਹੋ ਜਾਵਾਂਗਾ। ਟੈਕਸੀ ਲੇਟ ਦੇਣੀ ਮੈਨੂੰ ਚੰਗੀ ਨਹੀਂ ਸੀ ਲੱਗਦੀ। ਜੇ ਲੇਟ ਹੋ ਜਾਵਾਂ ਤਾਂ ਰਾਤ ਵਾਲੇ ਡਰਾਈਵਰ ਨੂੰ ਲੇਟ ਦੇ ਹਿਸਾਬ ਨਾਲ ਪੰਜ-ਦਸ ਡਾਲਰ ਦੇਣੇ ਪੈਂਦੇ ਸਨ। ਬਹੁਤੀ ਵਾਰ ਅਗਲਾ ਇਹ ਲੈਂਦਾ ਨਹੀਂ ਸੀ। ਕਦੇ ਬੰਦਾ ਆਪ ਵੀ ਤਾਂ ਲੇਟ ਹੋ ਹੀ ਸਕਦਾ ਸੀ। ਖਾਸ ਕਰਕੇ ਪੰਜਾਬੀ ਬੰਦੇ ਮੂੰਹ -ਮੁਲਾਹਜੇ ਕਰਕੇ ਇਹ ਲੇਟ ਚਾਰਜ ਘੱਟ ਹੀ ਕਰਦੇ। ਸ਼ਰਮਿੰਦੇ ਹੋਣ ਨਾਲੋਂ ਵੇਲੇ ਸਿਰ ਪਹੁੰਚਣ ਨੂੰ ਮੈਂ ਤਰਜੀਹ ਦਿੰਦਾ। ਉਸ ਦਿਨ ਲੇਟ ਹੁੰਦਾ ਦੇਖ ਮੈਂ ਸਪੀਡ ਵਧਾ ਦਿੱਤੀ। ਅੱਗੋਂ ਪੂਲਸ ਵਾਲਾ ਸਪੀਡ ਚੈੱਕ ਕਰਨ ਵਾਲਾ ਰੇਡਾਰ ਫਿੱਟ ਕਰੀ ਬੈਠਾ ਸੀ। ਉਸ ਨੇ ਮੈਨੂੰ ਇਕ ਸੌ ਵੀਹ ਡਾਲਰ ਜ਼ੁਰਮਾਨਾ ਕਰ ਦਿੱਤਾ। ਤੇ ਮੇਰੀ ਦਿਹਾੜੀ ਘਾਟੇ ਵਿਚ ਚਲੀ ਗਈ।

ਇਸੇ ਤਰ੍ਹਾਂ ਘਾਟੇ ਵਾਲਾ ਇਕ ਹੋਰ ਦਿਨ ਚੇਤੇ ਆਉਂਦਾ ਹੈ। ਉਦੋਂ ਵੀ ਮੈਂ ਬਰਨਬੀ ਵਿਚ ਪੰਜਾਹ ਡਾਲਰ ਦਿਹਾੜੀ ਦੀ ਲੀਜ਼ 'ਤੇ ਟੈਕਸੀ ਚਲਾਉਂਦਾ ਸੀ। ਸਵੇਰ ਦੇ ਚਾਰ ਵਜੇ ਕੰਮ ਸ਼ੁਰੂ ਕੀਤਾ ਸੀ ਤੇ ਛੇਤੀ ਹੀ ਟ੍ਰਿਪ ਮਿਲ ਗਿਆ। ਟ੍ਰਿਪ ਵੀ ਲੰਮਾ ਸੀ। ਸਵਾਰੀ ਨੇ ਸਰੀ ਜਾਣਾ ਸੀ। ਉਸ ਨੇ ਪਤਾ ਦੱਸ ਕੇ ਪਿੱਛੇ ਵੱਲ ਸਿਰ ਸੁੱਟ ਲਿਆ ਅਤੇ ਅੱਖਾਂ ਮੀਚ ਲਈਆਂ। 'ਸੌਣਾ ਚਾਹੁੰਦਾ ਹੋਵੇਗਾ,' ਸੋਚ ਕੇ ਮੈਂ ਕੋਈ ਗੱਲ ਨਾ ਕੀਤੀ। ਟੈਕਸੀ ਪਟੱਲੋ ਬਰਿੱਜ ਦੇ ਅੱਧ-ਵਿਚਕਾਰ ਸੀ ਜਦੋਂ ਮੈਨੂੰ ਉਵੱਤਣ ਦੀ ਆਵਾਜ਼ ਸੁਣੀ। ਉਹ ਪਿਛਲੇ ਦਰਵਾਜ਼ੇ ਦਾ ਸ਼ੀਸ਼ਾ ਹੇਠ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ। "ਕੁਝ ਸਕਿੰਟ ਰੋਕ ਲਾ ਆਪਣੇ ਆਪ ਨੂੰ ਪਲੀਅਅਅਜ਼," ਮੈਂ ਕਿਹਾ। ਪਰ ਉਹ ਆਪਣੇ-ਆਪ ਨੂੰ ਨਹੀਂ ਰੋਕ ਸਕਿਆ ਹੋਵੇਗਾ। ਤੇ ਨਾ ਹੀ ਉਸ ਕੋਲੋਂ ਪੂਰੀ ਤਰ੍ਹਾਂ ਸ਼ੀਸ਼ਾ ਥੱਲੇ ਹੋਇਆ। ਉਸ ਨੇ ਉੱਥੇ ਹੀ ਉਲਟੀ ਕਰ ਦਿੱਤੀ। ਟੈਕਸੀ ਸੜ੍ਹਿਆਂਧ ਨਾਲ ਭਰ ਗਈ। ਟੈਕਸੀ ਪੁਲ ਦੇ ਵਿਚਕਾਰ ਮੈਂ ਕਿੱਥੇ ਰੋਕਦਾ। ਜਦੋਂ ਪੁਲ ਪਾਰ ਕਰਕੇ ਮੈਂ ਟੈਕਸੀ ਰੋਕੀ ਉਹ ਕਹਿੰਦਾ ਕਿ ਉਹ ਠੀਕ ਸੀ। 'ਸੌਰੀ ਮੈਨ, ਸੌਰੀ ਮੈਨ' ਆਖਦੇ ਨੇ ਉਸ ਫਿਰ ਅੱਖਾਂ ਮੀਚ ਲਈਆਂ। ਮੈਂ ਘੁੱਟ-ਵੱਟ ਕੇ ਟੈਕਸੀ ਚਲਾਈ ਗਿਆ। ਇੱਕ ਵਾਰ ਉਹ ਫਿਰ ਉਵੱਤਿਆ ਤੇ ਉਸ ਨੇ ਸੀਟ ਵਾਲੇ ਪਾਸੇ ਢੇਰੀ ਲਾ ਦਿੱਤੀ। ਉਸਦਾ ਟਿਕਾਣਾ ਬਿਲਕੁਲ ਨੇੜੇ ਹੀ ਸੀ। ਮੈਂ ਸਪੀਡ ਵਧਾ ਕੇ ਟੈਕਸੀ ਉੱਥੇ ਲਾ ਦਿੱਤੀ। ਉਸ ਨੇ ਵੀਹ ਡਾਲਰ ਦਾ ਨੋਟ ਫੜਾਉਂਦਿਆਂ ਫਿਰ 'ਸੌਰੀ' ਕਿਹਾ। ਮੈਂ ਉਸ ਨੂੰ ਕਿਹਾ ਵੀ ਕਿ ਟੈਕਸੀ ਸੈਂਪੂ ਕਰਵਾਉਣੀ ਪਵੇਗੀ ਇਸ ਲਈ ਹੋਰ ਪੈਸੇ ਦੇਵੇ ਪਰ ਉਹ "ਸੌਰੀ ਹੋਰ ਨਹੀਂ ਹਨ," ਆਖਕੇ ਤੁਰਦਾ ਬਣਿਆ। ਮੈਂ ਨੇੜੇ ਦੇ ਗੈਸ ਸਟੇਸ਼ਨ 'ਤੇ ਜਾ ਕੇ ਖਿਝਦੇ-

ਕ੍ਰਿੜਦੇ ਨੇ ਟਾਵਲ ਪੇਪਰਾਂ ਨਾਲ ਪਿਛਲੀ ਸੀਟ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ। ਪੇਪਰ ਨਾਲ ਗੰਦ ਤਾਂ ਚੁੱਕਿਆ ਗਿਆ ਸੀ ਪਰ ਸੀਟ ਸਾਫ਼ ਨਹੀਂ ਸੀ ਹੋਈ। ਕਾਰ ਦੇ ਟਰੰਕ ਵਿਚ ਰੈਗ ਪਿਆ ਸੀ। ਉਸ ਨੂੰ ਭਿਓਂ ਕੇ ਮੈਂ ਸੀਟ 'ਤੇ ਰਗੜਦਾ ਤੇ ਫਿਰ ਪੇਪਰ ਨਾਲ ਪਾਣੀ ਸੋਖਦਾ। ਪਿਛਲੀ ਸੀਟ ਭਿੱਜੀ ਪਈ ਸੀ। ਉਸ ਨੇ ਛੇਤੀ ਸੁੱਕਣਾ ਨਹੀਂ ਸੀ। ਇੱਕ ਵਿਚਾਰ ਇਹ ਵੀ ਆਇਆ ਕਿ ਘਰੋਂ ਹੇਅਰ ਡਰਾਇਰ ਲਿਆ ਕੇ ਸੀਟ ਸੁਕਾ ਕੇ ਇਸੇ ਤਰ੍ਹਾਂ ਦਿਹਾੜੀ ਲਾ ਦੇਵਾਂ ਪਰ ਟੈਕਸੀ ਵਿੱਚੋਂ ਮੁਸ਼ਕ ਆ ਰਿਹਾ ਸੀ। ਜੇ ਗਰਮੀਆਂ ਦੀ ਰੁੱਤ ਹੁੰਦੀ ਤਾਂ ਸ਼ਾਇਦ ਸ਼ੀਸ਼ੇ ਥੱਲੇ ਲਾਹ ਕੇ ਸਰ ਜਾਂਦਾ ਪਰ ਰੁੱਤ ਵੀ ਸਰਦੀਆਂ ਦੀ ਸੀ। 'ਹੋਗੀ ਦਿਹਾੜੀ ਗੁੱਲ ਸੋਚ ਕੇ', ਮੈਂ ਟੈਕਸੀ-ਮਾਲਕ ਦੇ ਘਰ ਵੱਲ ਟੈਕਸੀ ਦਾ ਰੁਖ ਕਰ ਦਿੱਤਾ। ਹਾਲੇ ਬਹੁਤ ਸਵੱਖਤਾ ਸੀ। ਮਾਲਕ ਨੂੰ ਜਗਾਉਣਾ ਮੁਨਾਸਿਬ ਨਹੀਂ ਸੀ। ਵੀਹਾਂ ਦਾ ਨੋਟ, ਜਿਹੜਾ ਅੱਜ ਕਮਾਇਆ ਸੀ ਉਹ ਮੈਂ ਮਾਲਕ ਦੇ ਘਰ ਮੂਹਰੇ ਲੱਗੇ ਚਿੱਠੀਆਂ ਵਾਲੇ ਡੱਬੇ ਵਿਚ ਰੱਖ ਆਇਆ। ਸੋਚਿਆ ਕਿ ਥੋਹੜਾ ਦਿਨ ਚੜ੍ਹੇ ਤੋਂ ਟੈਕਸੀ ਮਾਲਕ ਨੂੰ ਫੋਨ ਕਰ ਕੇ ਦੱਸ ਦੇਵਾਂਗਾ। ਪਰ ਉਸਦਾ ਆਪਣਾ ਹੀ ਅੱਠ ਕੁ ਵਜੇ ਫੋਨ ਆ ਗਿਆ। ਮੈਂ ਉਸ ਨੂੰ ਸਾਰੀ ਹੋਈ-ਬੀਤੀ ਦੱਸ ਦਿੱਤੀ। ਸੁਣ ਕੇ ਉਹ ਬੋਲਿਆ, "ਵੀਰਿਆ, ਏਹਦੇ 'ਚ ਮੇਰਾ ਤਾਂ ਕਸੂਰ ਨੀ ਨਾ। ਮੇਰਾ ਤਾਂ ਸਗੋਂ ਖਰਚਾ ਵਧ ਗਿਆ। ਹੁਣ ਸ਼ੈਂਪੂ ਕਰਾਏ ਬਿਨ੍ਹਾਂ ਮੁਸ਼ਕ ਨੀ ਜਾਣਾ। ਲੀਜ਼ ਤਾਂ ਪੂਰੀ ਪਾ ਜਾਂਦਾ।" ਇਹ ਮੈਂ ਸੋਚਿਆ ਵੀ ਨਹੀਂ ਸੀ ਕਿ ਮਾਲਕ ਪੂਰੀ ਲੀਜ਼ ਦੀ ਮੰਗ ਕਰੂਗਾ। ਮੈਨੂੰ ਲਗਦਾ ਸੀ ਕਿ ਉਹ ਹਾਲਾਤ ਨੂੰ ਸਮਝ ਲਵੇਗਾ। ਮੈਂ ਉਸ ਨੂੰ ਆਖਣਾ ਚਾਹੁੰਦਾ ਸੀ, 'ਵੀਰਿਆ, ਮੇਰਾ ਦੱਸ ਫਿਰ ਕੀ ਕਸੂਰ ਸੀ?' ਪਰ ਮੈਂ ਆਖ ਨਾ ਸਕਿਆ। ਉਸ ਵੱਲੋਂ ਕੀਤੀ ਮੰਗ ਸੁਣ ਕੇ ਮੈਂ ਨਮੋਸ਼ੀ ਮੰਨ ਗਿਆ ਤੇ ਉਸ ਨੂੰ ਆਖ ਦਿੱਤਾ ਕਿ ਬਾਕੀ ਤੀਹ ਡਾਲਰ ਫੇਰ ਦੇ ਦਿਆਂਗਾ।

# ਪੇਸ਼ਾ

"ਕਿਵੇਂ ਰਹੀ ਤੇਰੀ ਰਾਤ?" ਉਸ ਨੇ ਆਪਣੀ ਮੰਜ਼ਿਲ ਦੱਸ ਕੇ ਟੈਕਸੀ ਵਿੱਚ ਸੈੱਟ ਹੋ ਕੇ ਬੈਠਦਿਆਂ ਪੁੱਛਿਆ। ਮੈਂ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ। ਉਹ ਆਪਣੀ ਆਵਾਜ਼ ਵਾਂਗ ਹੀ ਦਿਲਕਸ਼ ਤੇ ਨਰਮ ਜਿਹੀ ਸੀ।

"ਮੈਂ ਹਾਲੇ ਹੁਣੇ ਹੀ ਕੰਮ ਸ਼ੁਰੂ ਕੀਤਾ ਹੈ, ਇਹ ਪਹਿਲਾ ਹੀ ਟ੍ਰਿੱਪ ਹੈ।"

"ਘਬਰਾ ਨਾ, ਮੈਂ ਤੈਨੂੰ ਲੁੱਟਣ ਨਹੀਂ ਲੱਗੀ। ਤੁਸੀਂ ਟੈਕਸੀਆਂ ਵਾਲੇ ਹਮੇਸ਼ਾ ਇਹ ਹੀ ਜਵਾਬ ਦਿੰਦੇ ਹੋ।"

ਮੈਂ ਫਿਰ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ। ਉਹ ਮੁਸਕਰਾ ਪਈ। ਮੈਨੂੰ ਉਸ ਦੀ ਮੁਸਕਰਾਹਟ ਮਾਸੂਮ ਜਿਹੀ ਲੱਗੀ। ਮੈਂ ਸੋਚਿਆ, 'ਕੋਈ ਖ਼ਤਰੇ ਵਾਲੀ ਗੱਲ ਨਹੀਂ, ਆਰਾਮ ਨਾਲ ਟੈਕਸੀ ਚਲਾਵਾਂ। ਕਿਰਾਇਆ ਨਾ ਦੇਣ ਵਾਲੀ ਤਾਂ ਲੱਗਦੀ ਨੀ।' ਸਵੇਰੇ-ਸਵੇਰੇ ਇਹ ਖਤਰਾ ਬਣਿਆ ਹੀ ਰਹਿੰਦਾ ਹੈ। ਖਾਸ ਕਰ ਕੇ ਜਿਹੜੇ ਸੜਕਾਂ 'ਤੇ ਖੜ੍ਹੇ (ਫਲੈਗ) ਟ੍ਰਿੱਪ ਮਿਲਦੇ ਹਨ।

"ਮੈਂ ਸੱਚ ਆਖ ਰਿਹਾ ਹਾਂ। ਮੈਂ ਦਸ ਮਿੰਟ ਪਹਿਲਾਂ ਹੀ ਚਾਰ ਵਜੇ ਵਾਲੀ ਸ਼ਿਫਟ ਸ਼ੁਰੂ ਕੀਤੀ ਹੈ," ਮੈਂ ਦੱਸਿਆ। ਉਹ ਠੀਕ ਹੀ ਆਖ ਰਹੀ ਸੀ ਕਿ ਅਸੀਂ ਟੈਕਸੀਆਂ ਵਾਲੇ ਕਦੇ ਵੀ ਸਵਾਰੀਆਂ ਅੱਗੇ ਨਹੀਂ ਕਬੂਲਦੇ ਕਿ ਅੱਜ ਸਾਡਾ ਕੰਮ ਬਹੁਤ ਤੇਜ਼ ਹੈ। ਟੈਕਸੀ ਚਲਾਉਣ ਦੀ ਟ੍ਰੇਨਿੰਗ ਦੇਣ ਵੇਲੇ ਸਾਨੂੰ ਸਿਖਾਇਆ ਜਾਂਦਾ ਹੈ ਕਿ ਗਾਹਕ ਦੇ ਸਾਹਮਣੇ ਆਪਣੀ ਟ੍ਰਿੱਪ ਸ਼ੀਟ ਨਾ ਰੱਖੋ, ਜਿਸ ਤੋਂ ਉਹ ਅੰਦਾਜ਼ਾ ਲਾ ਸਕੇ ਕਿ ਤੁਸੀਂ ਕਿੰਨੇ ਕੁ ਡਾਲਰ ਕਮਾਏ ਹਨ ਜਾਂ ਆਪਣੀ ਜੇਬ ਵਿੱਚ ਬਹੁਤੇ ਡਾਲਰ ਨਾ ਰੱਖੋ। ਹੋ ਸਕਦਾ ਹੈ ਕਿ ਗਾਹਕ ਕੋਈ ਲੁਟੇਰਾ ਹੀ ਹੋਵੇ। ਪਰ ਮੈਂ ਤਾਂ ਸੱਚ-ਮੁੱਚ ਹੀ ਸਵੇਰੇ ਚਾਰ ਵਜੇ ਕੰਮ ਸ਼ੁਰੂ ਕੀਤਾ ਸੀ।

"ਮੈਂ ਤੇਰਾ ਯਕੀਨ ਕਰਦੀ ਹਾਂ। ਚਲ ਚੰਗਾ ਤੂੰ ਰਾਤ ਟੈਕਸੀ ਨਹੀਂ ਚਲਾਈ। ਰਾਤ ਤਾਂ ਕੰਮ ਬਿਲਕੁਲ ਹੀ ਮੰਦਾ ਸੀ। ਜਿਵੇਂ ਸਾਰਾ ਸ਼ਹਿਰ ਮਰ ਗਿਆ ਹੋਵੇ," ਉਸ ਨੇ ਕਿਹਾ।

"ਤੈਨੂੰ ਕਿਵੇਂ ਪਤੈ?"

"ਮੈਂ ਵੀ ਕੰਮ ਕਰਦੀ ਸੀ।"

"ਅੱਛਾ, ਤੂੰ ਵੀ ਟੈਕਸੀ ਚਲਾਉਂਦੀ ਐਂ?"

"ਤੈਨੂੰ ਲੱਗਦਾ ਹੈ ਕਿ ਮੈਂ ਟੈਕਸੀ ਚਲਾਉਂਦੀ ਹੋਵਾਂਗੀ?" ਆਖ ਕੇ ਉਹ ਹੱਸੀ। ਮੈਂ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ ਅਤੇ ਪੁੱਛਿਆ, "ਫੇਰ?"

"ਮੈਂ 'ਵਰਕਿੰਗ ਗਰਲ' ਹਾਂ।" ਸੁਣ ਕੇ ਮੈਂ ਫਿਰ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ, ਉਸ ਨੇ ਹੇਠਲੇ ਬੁੱਲ੍ਹ ਦੀ ਇੱਕ ਨੁੱਕਰ ਘੁੱਟ ਕੇ ਮੇਰੇ ਨਾਲ ਅੱਖ ਮਿਲਾਈ। ਮੈਂ ਆਪਣੀ ਨਿਗ੍ਹਾ ਸ਼ੀਸ਼ੇ ਤੋਂ ਪਾਸੇ ਕਰ ਲਈ।

"ਰਾਤ ਤਾਂ ਬਹੁਤ ਹੀ ਮੰਦਾ ਸੀ ਕੰਮ, ਪਿਆਰੇ," ਉਸ ਨੇ ਬਹੁਤ ਹੀ ਪਿਆਰੀ ਆਵਾਜ਼ ਵਿੱਚ ਕਿਹਾ।

ਮੈਨੂੰ ਸਮਝ ਨਾ ਲੱਗੀ ਕਿ ਉਸ ਨਾਲ ਹੋਰ ਕੀ ਗੱਲ ਕਰਾਂ। ਮੈਂ ਚੁੱਪ ਕਰ ਗਿਆ। ਉਹ ਵੀ ਦੋ ਕੁ ਮਿੰਟ ਚੁੱਪ ਰਹੀ। ਇਸ ਦੌਰਾਨ ਮੈਂ ਇੱਕ-ਦੋ ਵਾਰ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ। ਹਰ ਵਾਰ ਉਹ ਮੁਸਕਰਾ ਪੈਂਦੀ। ਮੈਨੂੰ ਉਸ ਦੀ ਮੁਸਕਰਾਹਟ ਚੰਗੀ-ਚੰਗੀ ਲੱਗਦੀ। ਫਿਰ ਉਹ ਬੋਲੀ, "ਤੂੰ ਆਨੰਦ ਮਾਨਣਾ ਚਾਹੁੰਨੈ?"

ਮੈਂ ਇਸ ਪ੍ਰਸ਼ਨ ਲਈ ਬਿਲਕੁਲ ਵੀ ਤਿਆਰ ਨਹੀਂ ਸੀ। ਇਸ ਦਾ ਝੱਟ ਦੇ ਕੇ ਮੇਰੇ ਕੋਲੋਂ ਕੋਈ ਜਵਾਬ ਨਾ ਦਿੱਤਾ ਗਿਆ। ਉਹ ਫਿਰ ਬੋਲੀ, "ਮੈਂ ਤੈਨੂੰ ਬਹੁਤ ਚੰਗੀ ਡੀਲ ਦੇਊਂਗੀ, ਪਿਆਰੇ" ਮੈਨੂੰ ਉਸ ਦੀ ਆਵਾਜ਼ ਵਿੱਚ ਓਪਰਾਪਨ ਬਿਲਕੁਲ ਹੀ ਨਾ ਲੱਗਾ। ਜਿਵੇਂ 'ਪਿਆਰੇ' ਸ਼ਬਦ ਉਸ ਨੇ ਧੁਰ-ਅੰਦਰੋਂ ਕਿਹਾ ਹੋਵੇ। ਉਸ ਦੀ ਆਵਾਜ਼ ਨੇ ਮੇਰੇ ਅੰਦਰ ਕੁਝ ਹਲਚਲ ਤਾਂ ਕੀਤੀ ਪਰ ਮੈਨੂੰ ਉਹ ਪਹਿਲਾਂ ਹੀ ਦੱਸ ਚੁੱਕੀ ਸੀ ਕਿ ਉਹ ਵੇਸਵਾ ਸੀ। ਮੇਰੇ ਚਿੱਤ 'ਚ ਤਾਂ ਸੀ ਕਿ ਵੇਸਵਾਵਾਂ ਬਹੁਤ ਚੁਸਤ-ਚਲਾਕ ਤੇ ਫਰੇਬਬਾਜ਼ ਹੁੰਦੀਆਂ ਹਨ ਜਿਵੇਂ ਕਿ ਹਿੰਦੀ ਫਿਲਮਾਂ ਵਿੱਚ ਦਿਖਾਇਆ ਜਾਂਦਾ ਹੈ ਪਰ ਉਹ ਤਾਂ ਬਿਲਕੁਲ ਆਮ ਜਿਹੀ ਭੋਲੀ-ਭਾਲੀ ਕੁੜੀ ਸੀ। ਮੈਨੂੰ ਲੱਗਾ ਕਿ ਉਹ ਜ਼ਰੂਰ ਹੀ ਕਿਸੇ ਦੇ ਚੁੰਗਲ ਵਿੱਚ ਫਸੀ ਹੋਈ ਸੀ ਤੇ ਮਜਬੂਰੀ ਵੱਸ ਇਹ ਸਭ ਕੁਝ ਕਰ ਰਹੀ ਸੀ। ਮੇਰੇ ਚਿੱਤ 'ਚ ਆਈ ਕਿ ਆਖਾਂ , 'ਮੈਂ ਵੇਸਵਾਗਮਨੀ ਨਹੀਂ ਕਰਦਾ।' ਫਿਰ ਸੋਚਿਆ ਕਿ ਇਹ ਜਵਾਬ ਕੁੜੀ ਨੂੰ ਚੁੱਭੇ ਨਾ। ਮੈਂ ਥੋੜ੍ਹਾ ਜਿਹਾ ਰੁਕ ਕੇ ਬੋਲਿਆ, "ਤੈਨੂੰ ਦੱਸਿਆ ਤਾਂ ਸੀ ਕਿ ਮੈਂ ਹਾਲੇ ਹੁਣੇ ਕੰਮ ਸ਼ੁਰੂ ਕੀਤੈ। ਹਾਲੇ ਕੁਝ ਕਮਾਇਆ ਨਹੀਂ।"

"ਤੇਰੀ ਮਰਜ਼ੀ," ਆਖ ਕੇ ਉਹ ਚੁੱਪ ਹੋ ਗਈ। ਮੈਂ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ, ਉਸ ਨੇ ਢੋਅ ਲਾ ਕੇ ਅੱਖਾਂ ਮੀਚ ਲਈਆਂ ਸਨ। ਉਸ ਦੇ ਟਿਕਾਣੇ ਦੇ ਨੇੜੇ ਪਹੁੰਚ ਕੇ ਜਦ ਮੈਂ ਲਾਲ ਬੱਤੀ 'ਤੇ ਟੈਕਸੀ ਰੋਕੀ ਤਾਂ ਇੱਕ ਦਮ ਖਿਆਲ ਆਇਆ ਕਿ ਵੇਸਵਾ ਹੈ, ਕਿਤੇ ਕਿਰਾਇਆ ਦੇਣ ਦੀ ਮਾਰੀ ਖੜ੍ਹੀ ਕਾਰ ਵਿੱਚੋਂ ਬਾਹਰ ਨਾ ਨਿਕਲ ਜਾਵੇ। ਮੇਰਾ ਧਿਆਨ ਇੱਕ ਦਮ ਪਿੱਛੇ ਵਲ ਗਿਆ। ਪਰ ਉਹ ਤਾਂ ਆਰਾਮ ਨਾਲ ਉਸੇ ਤਰ੍ਹਾਂ ਹੀ ਬੈਠੀ ਸੀ। ਮੈਨੂੰ ਲੱਗਾ ਕਿ ਮੈਂ ਐਵੇਂ ਹੀ ਸ਼ੱਕ ਕੀਤੀ, ਇਹ ਵਿਚਾਰੀ ਤਾਂ ਐਹੋ-ਜਿਹੀ ਨਹੀਂ ਲੱਗਦੀ। ਮੇਰੇ ਅੰਦਰ ਉਸ ਦੀ ਮਜਬੂਰੀ ਦਾ ਭੇਦ ਜਾਨਣ ਲਈ ਉਤਸੁਕਤਾ ਪੈਦਾ ਹੋਈ। ਮੈਂ ਉਸ ਨੂੰ ਬਹੁਤ ਹੀ

ਨਿੱਜੀ ਸਵਾਲ ਕਰ ਦਿੱਤਾ। ਭਾਵੇਂ ਪਿੱਛੋਂ ਮੈਂ ਸੋਚਿਆ ਕਿ ਮੈਨੂੰ ਇਸ ਤਰ੍ਹਾਂ ਨਹੀਂ ਸੀ ਪੁੱਛਣਾ ਚਾਹੀਦਾ। ਮੈਂ ਪੁੱਛਿਆ, "ਤੂੰ
ਇਹ ਕੰਮ ਕਿਉਂ ਕਰਦੀ ਐਂ?"

"ਕੀ?"

ਮੈਂ ਆਪਣਾ ਪ੍ਰਸ਼ਨ ਦੁਹਰਾਇਆ।

"ਤੂੰ ਟੈਕਸੀ ਕਿਉਂ ਚਲਾਉਨੈ?" ਉਸ ਨੇ ਮੋੜਵਾਂ ਪ੍ਰਸ਼ਨ ਕੀਤਾ। ਮੈਨੂੰ ਲੱਗਾ ਕਿ ਇਹ ਆਵਾਜ਼ ਕਿਸੇ ਹੋਰ ਦੀ ਸੀ।

"ਜੇ ਮੈਂ ਟੈਕਸੀ ਨਾ ਚਲਾਵਾਂ ਤਾਂ ਤੈਨੂੰ ਆਪਣੇ ਟਿਕਾਣੇ 'ਤੇ ਕੌਣ ਪਹੁੰਚਾਊ," ਮੈਂ ਉਸ ਦੀ ਆਵਾਜ਼ ਵਿਚਲੇ ਰੁੱਖੇਪਨ ਨੂੰ ਮਹਿਸੂਸ ਕਰ ਕੇ ਮਾਹੌਲ ਸਾਵਾਂ ਕਰਨ ਲਈ ਮੁਸਕਰਾ ਕੇ ਕਿਹਾ।

"ਤੇ ਜੇ ਮੈਂ ਧੰਦਾ ਨਾ ਕਰਾਂ ਤਾਂ ਇਸ ਸਮਾਜ ਵਿੱਚ ਬਲਾਤਕਾਰਾਂ ਦਾ ਹੜ੍ਹ ਆ ਜਾਵੇ।" ਉਸ ਦੇ ਇਸ ਜਵਾਬ ਨਾਲ ਮੈਨੂੰ ਤਲਖ਼ੀ ਮਹਿਸੂਸ ਹੋਈ।

"ਤੂੰ ਮੇਰੇ ਕਿੱਤੇ ਨਾਲ ਆਪਣੇ ਧੰਦੇ ਦਾ ਕਿਵੇਂ ਮੁਕਾਬਲਾ ਕਰ ਸਕਦੀ ਹੈਂ?"

"ਕਿਉਂ ਨਹੀਂ?"

ਇੱਕ ਪਲ ਮੈਨੂੰ ਉਸ ਦਾ ਕੋਈ ਜਵਾਬ ਨਾ ਅਹੁੜਿਆ। ਫਿਰ ਮੈਂ ਸੋਚ ਕੇ ਕਿਹਾ, "ਮੈਂ ਜਿਉਣ ਲਈ ਮੇਹਨਤ ਕਰਦਾਂ। ਆਪਣੇ-ਆਪ ਨੂੰ ਵੇਚਦਾ ਨਹੀਂ।"

"ਮੈਂ ਵੀ ਜਿਉਣ ਲਈ ਹੀ ਇਹ ਕਰਦੀ ਹਾਂ। ਤੂੰ ਵੀ ਆਪਣੀਆਂ ਸੇਵਾਵਾਂ ਲੋਕਾਂ ਨੂੰ ਦਿੰਨੈਂ ਤੇ ਮੈਂ ਵੀ।"

ਟੈਕਸੀ ਉਸ ਦੇ ਟਿਕਾਣੇ 'ਤੇ ਪਹੁੰਚ ਚੁੱਕੀ ਸੀ। ਟੈਕਸੀ ਰੋਕ ਕੇ ਮੈਂ ਕਿਹਾ," ਆਪਣੀਆਂ ਸੇਵਾਵਾਂ ਵਿੱਚ ਮੈਂ ਆਪਣਾ ਸਰੀਰ ਜਾਂ ਆਪਣੀ ਜ਼ਮੀਰ ਨਹੀਂ ਵੇਚਦਾ।"

"ਕਿਹੜੀ ਜ਼ਮੀਰ ਦੀ ਗੱਲ ਕਰਦੈਂ ਤੂੰ? ਮੇਰਾ ਵਾਹ ਨਿੱਤ ਤੁਹਾਡੇ ਨਾਲ ਹੀ ਪੈਂਦਾ ਹੈ। ਬਟੂਏ ਵਿੱਚ ਘਰਵਾਲੀ ਤੇ ਬੱਚੇ ਦੀ ਤਸਵੀਰ ਹੋਵੇਗੀ ਤੇ ਮੇਰੇ ਨਾਲ ਸੌਣ ਲਈ ਝੱਟ ਤਿਆਰ ਹੋ ਜਾਣਗੇ। ਮੈਂ ਕਿਸੇ ਨਾਲ ਵਿਆਹੀ ਹੋਈ ਨਹੀਂ। ਜਦੋਂ ਵਿਆਹੀ ਗਈ, ਫਿਰ ਨੀ ਕਿਸੇ ਨਾਲ ਸੌਂਦੀ। ਐਨੀ ਕੁ ਜ਼ਮੀਰ ਹੈਗੀ ਆ। ਤੁਹਾਡੇ ਲੋਕਾਂ ਵਾਂਗ ਮਰੀ ਹੋਈ ਨਹੀਂ।"

"ਤੇਰਾ 'ਤੁਹਾਡੇ ਲੋਕਾਂ' ਤੋਂ ਕੀ ਮਤਲਬ ਐ?"

"ਤੁਸੀਂ ਟੈਕਸੀਆਂ ਵਾਲੇ, ਦੋਗਲੇ," ਆਖ ਕੇ ਉਹ ਬਣਦਾ ਭਾੜਾ ਮੇਰੇ ਵੱਲ ਸੁੱਟ ਕੇ ਟੈਕਸੀ ਵਿੱਚੋਂ ਬਾਹਰ ਨਿਕਲ ਗਈ। ਮੈਨੂੰ ਲੱਗਾ ਜਿਵੇਂ ਉਸ ਨੇ ਮੇਰੇ ਵੱਲ ਕੋਈ ਬਹੁਤ ਹੀ ਭਾਰੀ ਚੀਜ਼ ਸੁੱਟੀ ਹੋਵੇ।

# ਸ਼ਰਾਫਤ ਕਿ ਡਰ ?

ਸਵੇਰ ਦੇ ਸਵਾ ਕੁ ਚਾਰ ਵੱਜੇ ਸਨ। ਅਗਸਤ ਦਾ ਅਖੀਰਲਾ ਪੱਖ ਸੀ। ਪਹੁ-ਫੁਟਾਲ਼ਾ ਹੋਣ 'ਚ ਹਾਲੇ ਘੰਟਾ ਕੁ ਰਹਿੰਦਾ ਸੀ। ਉਸ ਦੇ ਚਿੱਟਾ ਟੈਂਕ ਟੌਪ ਅਤੇ ਜੀਨ ਦੀ ਨਿੱਕਰ ਪਾਈ ਹੋਈ ਸੀ, ਜਿਸ ਦੇ ਪਾਉਂਚੇ ਉੱਧੜੇ ਹੋਏ ਸਨ। ਉਸ ਨੇ ਨਾਲ ਖੜ੍ਹੇ ਇੱਕ ਅਧੇੜ ਉਮਰ ਦੇ ਬਦਮਾਸ਼ ਲੱਗਦੇ ਬੰਦੇ ਦੇ ਮੋਢੇ ਦਾ ਸਹਾਰਾ ਲਿਆ ਹੋਇਆ ਸੀ। ਆਪ ਉਹ ਛਮਕ ਜਿਹੀ ਮੁਟਿਆਰ ਸੀ। ਐਡਮੰਡਸ ਸਟਰੀਟ 'ਤੇ ਚੱਲ ਰਹੇ ਨਜਾਇਜ਼ ਪਾਰਟੀ ਹਾਊਸ ਦੇ ਮੂਹਰੇ ਟੈਕਸੀ ਰੋਕਦਿਆਂ ਹੀ ਟੈਕਸੀ ਦਾ ਮੂਹਰਲਾ ਦਰਵਾਜ਼ਾ ਖੋਲ੍ਹ ਕੇ, ਉਸ ਬੰਦੇ ਨੇ ਖਰ੍ਹਵੀ ਆਵਾਜ਼ ਵਿੱਚ ਕਿਹਾ, "ਏਹਨੂੰ ਠੀਕ-ਠਾਕ ਇਸ ਦੇ ਟਿਕਾਣੇ 'ਤੇ ਲੈ ਕੇ ਜਾਵੀਂ।" ਮੈਨੂੰ ਉਸ ਦਾ ਇਸ ਤਰ੍ਹਾਂ ਆਖਣਾ ਚੁੱਭਿਆ। ਚਿੱਤ 'ਚ ਆਈ ਕਿ ਆਖਾਂ ਬਈ ਅਸੀਂ, ਟੈਕਸੀਆਂ 'ਕੱਲੀਆਂ-ਕਾਰੀਆਂ ਜਨਾਨੀਆਂ ਦੇਖ ਕੇ ਰੇਪ ਕਰਨ ਲਈ ਨਹੀਂ ਚਲਾਉਂਦੇ। ਪਰ ਮੈਂ ਉਸ ਬੰਦੇ ਦੀ ਦਿੱਖ ਵੇਖ ਕੇ ਕੌੜਾ ਘੁੱਟ ਅੰਦਰ ਲੰਘਾ ਲਿਆ। ਕੁੜੀ ਨੇ ਮੇਰੇ ਨਾਲ ਵਾਲੀ ਸੀਟ 'ਤੇ ਬੈਠਦਿਆਂ ਹੀ ਕਿਹਾ, " ਮੌਸਕਰੌਪ ਤੇ ਸਮਿੱਥ।" ਮੈਨੂੰ ਉਸਦੀ ਆਵਾਜ਼ ਤੋਂ ਲੱਗਾ ਕਿ ਉਹ ਸ਼ਰਾਬਣ ਸੀ। ਉਸ ਬੰਦੇ ਨੇ ਟੈਕਸੀ ਦਾ ਦਰਵਾਜ਼ਾ ਬੰਦ ਕਰ ਕੇ ਮੇਰੇ ਵੱਲ ਵੇਖਿਆ ਜਿਵੇਂ ਮੈਨੂੰ ਯਾਦ ਕਰਾ ਰਿਹਾ ਹੋਵੇ। ਟੈਕਸੀ ਤੋਰ ਕੇ ਮੈਂ ਉਸ ਪਾਸੇ ਬੰਦੇ ਵੱਲ ਵੇਖਿਆ, ਉਹ ਪਾਰਟੀ ਹਾਊਸ ਵੱਲ ਜਾ ਰਿਹਾ ਸੀ। ਕੁੜੀ ਨੇ ਸੀਟ 'ਤੇ ਢੋਅ ਲਾ ਕੇ ਅੱਖਾਂ ਮੀਚ ਲਈਆਂ। ਮੈਂ ਸ਼ੁਕਰ ਕੀਤਾ ਕਿ ਉਹ ਆਰਾਮ ਕਰਨਾ ਚਾਹੁੰਦੀ ਸੀ, ਨਹੀਂ ਤਾਂ ਪਾਰਟੀਆਂ 'ਚੋਂ ਸ਼ਰਾਬੀ ਹੋ ਕੇ ਨਿਕਲੀਆਂ ਸਵਾਰੀਆਂ ਰੇਡੀਓ 'ਤੇ ਉੱਚੀ ਆਵਾਜ਼ ਵਿੱਚ ਸੰਗੀਤ ਸੁਣਨ ਦੀ ਫ਼ਰਮਾਇਸ਼ ਕਰ ਦਿੰਦੀਆਂ ਹਨ, ਜਿਸ ਨੂੰ ਸੁਣ ਕੇ ਚਿੱਤ ਕਾਹਲਾ ਪੈਣ ਲੱਗ ਜਾਂਦਾ।

ਮੇਰੇ ਚਿੱਤ 'ਚ ਆਈ ਕਿ ਕੈਸੇ ਕੁੱਤੇ ਕੰਮ 'ਚ ਫਸ ਗਿਆ ਹਾਂ, ਅਗਲਾ ਮਿੰਟ 'ਚ ਥੋਡੀ ਬੇਇੱਜ਼ਤੀ ਕਰ ਜਾਂਦੈ। ਆਪਣੀਆਂ ਸੋਚਾਂ ਵਿੱਚ ਟੈਕਸੀ ਨੂੰ ਚਲਾਉਂਦਾ ਟਿਕਾਣੇ ਵੱਲ ਵਧਣ ਲੱਗਾ ਕਦੇ ਕਦੇ ਮੈਂ ਕੁੜੀ ਵੱਲ ਵੀ ਨਿਗ੍ਹਾ ਮਾਰ ਲੈਂਦਾ, ਇਹ ਪਤਾ ਕਰਨ ਲਈ ਕਿ ਉਹ ਸ਼ਰਾਬਣ ਸੀ ਜਾਂ ਉਨੀਂਦਰੀ। ਚਿੱਤ 'ਚ ਇਹ ਵੀ ਡਰ ਉਪਜਿਆ ਕਿ ਜੇ ਸ਼ਰਾਬਣ ਹੋਈ ਤਾਂ ਕਿਰਾਏ ਜੋਗੇ ਪੈਸੇ ਵੀ ਹੋਣਗੇ ਓਹਦੇ ਕੋਲ

ਕਿ ਅੱਜ ਦੀ 'ਬੋਹਣੀ' ਹੀ ਮਾੜੀ ਹੋਣੀ ਹੈ। 'ਮੌਸਕਰੌਪ ਤੇ ਸਮਿੱਥ' ਦੇ ਚੁਰਾਹੇ ਕੋਲ ਪਹੁੰਚ ਕੇ ਮੈਂ ਪੂਰਾ ਪਤਾ ਜਾਨਣ ਲਈ ਉੱਚੀ ਆਵਾਜ਼ ਵਿਚ "ਹੈਲੋ" ਕਿਹਾ। ਪਰ ਕੁੜੀ 'ਤੇ ਕੋਈ ਅਸਰ ਨਾ ਹੋਇਆ। ਮੈਂ ਫਿਰ ਉੱਚੀ ਆਵਾਜ਼ ਵਿੱਚ ਕਿਹਾ ਕਿ ਅਸੀਂ 'ਮੌਸਕਰੌਪ ਤੇ ਸਮਿੱਥ' ਦੇ ਚੁਰਾਹੇ 'ਤੇ ਪਹੁੰਚ ਗਏ ਹਾਂ। ਪਰ ਕੁੜੀ ਟੱਸ ਤੋਂ ਮੱਸ ਨਾ ਹੋਈ। 'ਕਸੂਤੇ ਈ ਫਸਗੇ ਅੱਜ ਤਾਂ,' ਮੈਂ ਸੋਚਿਆ। ਇਸ ਸੋਚ ਨਾਲ ਮੇਰਾ ਚਿੱਤ ਕਾਹਲਾ ਪੈਣ ਲੱਗਾ। ਮੈਂ ਕਾਰ ਤੋਰ ਕੇ ਜ਼ੋਰ ਨਾਲ ਬ੍ਰੇਕ ਮਾਰੇ। ਕਾਰ ਹੁੜਕੇ ਨਾਲ ਰੁਕੀ। ਕੁੜੀ ਥੋੜ੍ਹਾ ਜਿਹਾ ਬਾਰੀ ਵੱਲ ਲੁੜ੍ਹਕ ਗਈ। 'ਮਾਰੇ ਗਏ, ਕਿਤੇ ਮਰ-ਮੁਰ ਈ ਨਾ ਗਈ ਹੋਵੇ,' ਮੇਰਾ ਅੰਦਰ ਡਰ ਨਾਲ ਕੰਬ ਗਿਆ। ਮੈਂ ਆਪਣਾ ਹੱਥ ਕੁੜੀ ਦੇ ਨੱਕ ਮੂਹਰੇ ਕੀਤਾ। ਉਸ ਦਾ ਨੱਕ ਤਾਂ ਇੰਜਣ ਵਾਂਗ ਸੂਕ ਰਿਹਾ ਸੀ। ਮੇਰਾ ਚਿੱਤ ਥੋੜ੍ਹਾ ਜਿਹਾ ਟਿਕਾਣੇ ਸਿਰ ਹੋ ਗਿਆ। ਇੱਕ ਜੀਅ ਕੀਤਾ ਕਿ ਮੋਢੇ ਤੋਂ ਫੜ੍ਹ ਕੇ ਝੰਜੋੜਾਂ ਪਰ ਮੇਰੀ ਹਿੰਮਤ ਨਾ ਪਈ। ਹਾਰ ਕੇ ਹਾਲਾਤ ਬਾਰੇ ਡਿਸਪੈਚਰ ਨੂੰ ਦੱਸਿਆ। ਉਸ ਨੇ ਸਲਾਹ ਦਿੱਤੀ ਕਿ ਕੁੜੀ ਨੂੰ ਮੋਢੇ ਤੋਂ ਫੜ ਕੇ ਹਿਲਾਵਾਂ। ਪਰ ਮੈਂ ਜਵਾਬ ਦਿੰਦਿਆਂ ਆਪਣਾ ਖਦਸ਼ਾ ਜ਼ਾਹਿਰ ਕੀਤਾ ਕਿ ਹੋ ਸਕਦਾ ਹੈ ਕਿ ਕੁੜੀ ਹੋਸ਼ ਵਿੱਚ ਆ ਕੇ ਉਸ ਨੂੰ ਹੱਥ ਲਾਉਣਾ ਪਸੰਦ ਨਾ ਕਰੇ, ਇਸ ਲਈ ਮੈਂ ਕਿਸੇ ਸੰਭਾਵੀ ਖਤਰੇ ਨੂੰ ਮੁੱਲ ਨਹੀਂ ਲੈਣਾ ਚਾਹੁੰਦਾ। ਡਿਸਪੈਚਰ ਨੇ ਮੇਰੀ ਇਸ ਗੱਲ ਦੀ ਪ੍ਰੌੜਤਾ ਕਰਦਿਆਂ ਸਲਾਹ ਦਿੱਤੀ ਕਿ ਮੈਂ ਉਸ ਚੁਰਾਹੇ ਵਿੱਚ ਐਮਰਜੈਂਸੀ ਬੱਤੀਆਂ ਚਲਾ ਕੇ ਕਾਰ ਪਾਰਕ ਕਰ ਦੇਵਾਂ ਅਤੇ ਉਹ ਐਂਬੂਲੈਂਸ ਨੂੰ ਉਸ ਥਾਂ ਭੇਜ ਦੇਵੇਗਾ।

ਕਾਰ ਪਾਰਕ ਕਰ ਕੇ ਮੈਂ ਐਂਬੂਲੈਂਸ ਦੀ ਉਡੀਕ ਕਰਨ ਲੱਗਾ। ਮੇਰਾ ਧਿਆਨ ਕੁੜੀ ਦੇ ਉੱਚੇ ਉੱਠੇ ਟੈਂਕ ਟਾਪ 'ਚੋਂ ਝਾਕ ਰਹੇ ਅੰਗਾਂ 'ਤੇ ਪਿਆ। ਮੇਰਾ ਚੜ੍ਹਦੀ ਜਵਾਨੀ ਵਾਲਾ ਮਨ ਮਚਲਣ ਲੱਗਾ। ਚਿੱਤ 'ਚ ਆਈ ਕਿ ਸਿਰਫ਼ ਤਸਵੀਰਾਂ 'ਚ ਦੇਖੇ ਅੰਗਾਂ ਨੂੰ ਟੋਹ ਕੇ ਤਾਂ ਦੇਖਾਂ। ਇਸ ਨੂੰ ਕਿਹੜਾ ਪਤਾ ਲੱਗਣਾ ਹੈ। ਆਪਣੇ ਇਸ ਵਿਚਾਰ 'ਤੇ ਮੈਨੂੰ ਆਪਣੇ-ਆਪ 'ਤੇ ਸ਼ਰਮ ਵੀ ਮਹਿਸੂਸ ਹੋਈ। ਮੈਂ ਆਪਣੀ ਨਿਗ੍ਹਾ ਉਸ ਪਾਸਿਓਂ ਮੋੜ ਲਈ ਪਰ ਧਿਆਨ ਉੱਥੇ ਹੀ ਰਿਹਾ। ਮੈਂ ਫਿਰ ਲਲਚਾਈਆਂ ਅੱਖਾਂ ਨਾਲ ਉੱਧਰ ਟਿਕਟਿਕੀ ਲਗਾ ਲਈ। ਮੇਰੇ ਚਿੱਤ 'ਚ ਆਈ ਕਿ ਸਵਾਦ ਲੈ ਹੀ ਲੈਣਾ ਚਾਹੀਦਾ ਹੈ। ਪਰ ਅਗਲੇ ਹੀ ਪਲ ਮੈਨੂੰ ਕੁਝ ਦਿਨ ਵਾਪਰੀ ਘਟਨਾ ਚੇਤੇ ਆ ਗਈ ਅਤੇ ਮੈਂ ਡਰ ਕੇ ਆਪਣਾ ਧਿਆਨ ਪਾਸੇ ਕਰ ਕੇ ਐਂਬੂਲੈਂਸ ਨੂੰ ਉਡੀਕਣ ਲੱਗਾ।

ਉਹ ਘਟਨਾ ਇਸ ਤਰ੍ਹਾਂ ਹੋਈ ਕਿ ਇੱਕ ਡਰਾਈਵਰ ਨੂੰ ਕੁਝ ਦਿਨ ਪਹਿਲਾਂ ਬੀਅਰ ਦੀ ਡਿਲਵਿਰੀ ਮਿਲੀ। ਜਦ ਉਹ ਬੀਅਰ ਦੇਣ ਉਸ ਅਪਾਰਟਮੈਂਟ ਵਿੱਚ ਪਹੁੰਚਿਆ ਤਾਂ ਔਰਤ ਨਿਰਵਸਤਰ ਖੜ੍ਹੀ ਸੀ। ਡਰਾਈਵਰ ਨੂੰ ਉਸ ਨੇ ਬੀਅਰ ਵਿੱਚ ਸਾਥ ਦੇਣ ਦਾ ਸੱਦਾ ਦਿੱਤਾ ਅਤੇ ਫਿਰ ਜਦ ਉਹ ਵੇਹਲਾ ਹੋ ਕੇ ਜਾਣ ਲੱਗਾ ਤਾਂ ਔਰਤ ਨੇ ਉਸ 'ਤੇ ਰੇਪ ਕਰਨ ਦਾ ਇਲਜ਼ਾਮ ਲਾ ਦਿੱਤਾ ਅਤੇ ਉਹ ਪੁਲੀਸ ਨੂੰ ਸੱਦਣ ਅਤੇ ਟੈਕਸੀ ਕੰਪਨੀ ਨੂੰ ਦੱਸਣ ਦੀ ਧਮਕੀ ਦੇਣ ਲੱਗੀ। ਬਾਅਦ

ਵਿੱਚ ਉਸ ਡਰਾਈਵਰ ਨੇ ਦੋ ਹਜ਼ਾਰ ਡਾਲਰ ਦੇ ਕੇ ਗੱਲ ਰਫ਼ਾ-ਦਫ਼ਾ ਕਰਵਾਈ।

ਮੈਨੂੰ ਲੱਗਾ ਕਿ ਹੋ ਸਕਦਾ ਹੈ ਕਿ ਇਹ ਕੁੜੀ ਵੀ ਮਚਲੀ ਪਈ ਹੋਵੇ ਅਤੇ ਮੇਰੇ ਕੋਈ ਅਜੇਹੀ ਹਰਕਤ ਕਰਦਿਆਂ ਹੀ ਉਹ ਝੱਟ ਅੱਖਾਂ ਖੋਲ੍ਹ ਦੇਵੇਗੀ ਅਤੇ ਉਹੀ ਹਾਲਤ ਮੇਰੀ ਹੋਵੇਗੀ ਜਿਹੜੀ ਉਸ ਡਰਾਈਵਰ ਦੀ ਹੋਈ ਸੀ। ਇਹ ਸੋਚਦਿਆਂ ਹੀ ਮੈਂ ਟੈਕਸੀ 'ਚੋਂ ਬਾਹਰ ਨਿਕਲ ਕੇ ਖੜ੍ਹ ਗਿਆ। ਪੰਜਾਂ ਮਿੰਟਾਂ ਵਿੱਚ ਹੀ ਐਂਬੂਲੈਂਸ ਉੱਥੇ ਆ ਗਈ। ਉਨ੍ਹਾਂ ਨੇ ਕੁੜੀ ਨੂੰ ਹਿਲਾ -ਜੁਲਾ ਕੇ ਜਗਾਇਆ ਅਤੇ ਬਾਹਾਂ ਤੋਂ ਫੜ ਕੇ ਲੜਖੜਾਂਉਦੀਂ ਨੂੰ ਐਂਬੂਲੈਂਸ ਵਿੱਚ ਪਾ ਲਿਆ। ਫਿਰ ਕੁੜੀ ਦਾ ਪਰਸ ਫਰੋਲ ਕੇ ਉਨ੍ਹਾਂ ਨੇ ਮੈਨੂੰ ਕਿਰਾਇਆ ਦਿੱਤਾ। ਵਾਪਸ ਮੁੜਦੇ ਹੋਏ ਮੇਰੀ ਸੁਰਤ 'ਚੋਂ ਕੁੜੀ ਦੇ ਝਾਤੀਆਂ ਮਾਰਦੇ  ਅੰਗ ਪਾਸੇ ਨਹੀਂ ਸੀ ਹੋ ਰਹੇ। ਮਨ ਵਿੱਚ ਇੱਕ ਪਛਤਾਵਾ ਜਿਹਾ ਵੀ ਸੀ ਕਿ ਉਹ ਤਾਂ ਸੱਚੀਂ ਹੀ ਗੂੜ੍ਹੀ ਨੀਂਦ ਸੁੱਤੀ ਹੋਈ ਸੀ। ਇਨ੍ਹਾਂ ਸੋਚਾਂ 'ਚ ਹੀ ਮੈਂ 'ਓਲਡ ਔਰਚਰਡ' ਸਟੈਂਡ 'ਤੇ ਪਹੁੰਚ ਗਿਆ। ਆਪਣੀ ਕਾਰ 'ਚੋਂ ਨਿਕਲ ਕੇ ਮੈਂ 'ਮਾਸਟਰ' ਦੀ ਕਾਰ ਵਿੱਚ ਬੈਠਣ ਲਈ ਦਰਵਾਜ਼ਾ ਖੋਹਲਿਆ ਹੀ ਸੀ ਕਿ ਉੱਥੇ ਬੈਠਾ 'ਬਲੂਅ ਸਿਕਸਟੀਨ' ਬੋਲਿਆ, " ਓਹ ਲਖਾਰੀਆ, ਐਨੀ ਵੀ ਸ਼ਰੀਫੀ ਨੀ ਚੰਗੀ ਹੁੰਦੀ। ਐਹੋ ਜਿਆ ਮੌਕਾ ਵਾਰ-ਵਾਰ ਨੀ ਆਉਂਦਾ ਹੁੰਦਾ।  ਦੋ ਮਿੰਟ ਖੇਡ ਲੈਂਦਾ।"

ਫਿਰ ਉਹ ਮੇਰੀ ਰੀਸ ਲਾਉਂਦਾ ਬੋਲਿਆ, "ਆਈ ਡੋਂਟ ਵਾਂਟ ਟੂ ਟੱਚ ਹਰ।" ਮੈਂ ਇਸੇ ਤਰ੍ਹਾਂ ਹੀ ਡਿਸਪੈਚਰ ਨੂੰ ਕਿਹਾ ਸੀ। 'ਬਲੂਅ ਸਿਕਸਟੀਨ' ਤਾੜੀ ਮਾਰ ਕੇ ਹੱਸਿਆ। ਫਿਰ ਬੋਲਿਆ, "ਕੰਜਰ ਦਿਆ, ਓਹਨੂੰ ਛਪਾਕੀ ਨਿਕਲੀ ਸੀ, ਓਏ?"

"ਕਿਓਂ ਐਵੇਂ ਮੁੰਡੇ ਨੂੰ ਮਖੌਲ ਕਰਦੈਂ? ਇਹ ਕਿੱਧਰਲੀ ਬਹਾਦਰੀ ਐ ਬਈ ਬੇਸੁਰਤ ਜਨਾਨੀ ਦਾ ਫਾਇਦਾ ਉਠਾਓ। ਨਾਲੇ ਇਹ ਭਾਈ ਸਾਹਬ,  ਕਿੱਤੇ ਨਾਲ ਵਿਸ਼ਵਾਸ਼ਘਾਤ ਐ। ਸਾਡੇ 'ਤੇ ਵਿਸ਼ਵਾਸ਼ ਕਰ ਕੇ ਹੀ 'ਕੱਲੀਆਂ ਕਾਰੀਆਂ ਜਨਾਨੀਆਂ ਸਾਡੇ ਨਾਲ ਬਹਿੰਦੀਐਂ," ਮਾਸਟਰ ਬੋਲਿਆ।

ਮਾਸਟਰ ਦੀ ਇਹ ਗੱਲ ਸੁਣ ਕੇ ਮੈਂ ਅੰਦਰੇ ਅੰਦਰ ਪਾਣੀਓਂ-ਪਾਣੀ ਹੋ ਗਿਆ।

# ਆਪਣੀ ਪੀੜ

"ਆਓ-ਆਓ ਮਾਰ੍ਹਾਜ, ਕਦੇ ਦਰਸ਼ਨ-------?"

"ਸੁਣਾ ਸੋਹਣਿਆ ਕਿਵੇਂ ਐਂ ?" 'ਥਰਟੀ ਟੂ' ਨੇ ਮੇਰੀ ਮਾਰ੍ਹਾਜ ਅਣਸੁਣੀ ਕਰ ਟੈਕਸੀ ਦਾ ਪਿਛਲਾ ਦਰਵਾਜ਼ਾ ਖੋਲ੍ਹ ਕੇ ਵਿੱਚ ਬੈਠਦੇ ਨੇ ਪੁੱਛਿਆ।

"ਬਸ ਠੀਕ ਐ, ਤੁਸੀਂ ਸੁਣਾਓ ਕਿਤੇ ਦਰਸ਼ਨ ਹੀ ਨਹੀਂ ਹੁੰਦੇ?"

"ਸਾਡੇ ਦਰਸ਼ਨ ਕਰਨੇ ਹੁੰਦੇ ਐ ਤਾਂ ਰਾਤਾਂ ਨੂੰ ਆਇਆ ਕਰ," ਥਰਟੀ ਟੂ ਨੇ ਥੋੜ੍ਹਾ-ਥੋੜ੍ਹਾ ਹੱਸਦੇ ਹੋਏ ਕਿਹਾ ।

"ਰਾਤਾਂ ਨੂੰ ਮਾਰ੍ਹਾਜ ਡਰ ਲਗਦੈ ਸ਼ਰਾਬੀਆਂ ਤੋਂ।"

"ਸ਼ਰਾਬੀਆਂ ਤੋਂ ਨਹੀਂ, ਸ਼ਰਾਬਣਾਂ ਤੋਂ ਕਹਿ," ਆਖ ਕੇ 'ਥਰਟੀ ਟੂ' ਹੱਸਿਆ, ਫਿਰ ਕਹਿਣ ਲੱਗਾ , "ਕਿਓਂ ਬਈ, ਸ਼ਰਾਬਣਾਂ ਐਨੀਆਂ ਵੀ ਨਹੀਂ ਹਲ਼ਕੀਆਂ ਫਿਰਦੀਆਂ ਕਿ ਤੇਰੇ ਵਰਗੇ ਨੂੰ ਰੇਪ ਕਰ ਦੇਣ," ਉਹ ਫਿਰ ਹੱਸਿਆ ।

ਮੈਂ ਵੀ ਹੱਸ ਪਿਆ। ਮੈਨੂੰ ਕੋਈ ਜਵਾਬ ਹੀ ਨਾ ਸੁੱਝਿਆ ।

ਥਰਟੀ ਟੂ ਉਸਦੀ ਟੈਕਸੀ ਦਾ ਨੰਬਰ ਸੀ, ਉਸਦੇ ਅਸਲ ਨਾਮ ਦਾ ਮੈਨੂੰ ਨਹੀਂ ਪਤਾ। ਟੈਕਸੀਆਂ ਵਾਲੇ ਇੱਕ ਦੂਜੇ ਨੂੰ ਟੈਕਸੀ ਦੇ ਨੰਬਰ ਨਾਲ ਹੀ ਬਲਾਉਂਦੇ। ਅਸਲ ਨਾਮ ਕੋਈ ਘੱਟ ਹੀ ਪੁੱਛਦਾ।

'ਥਰਟੀ ਟੂ' ਦਾ ਗੱਲ ਸੁਣਾਉਣ ਦਾ ਢੰਗ ਬਹੁਤ ਦਿਲਚਸਪ ਹੁੰਦਾ। ਪਰ ਉਸਦੀਆਂ ਗੱਲਾਂ ਕਦੇ-ਕਦੇ ਹੀ ਸੁਣਨ ਨੂੰ ਮਿਲਦੀਆਂ। ਉਹ ਲੌਂਗ-ਸ਼ਿਫ਼ਟ ਟੈਕਸੀ ਚਲਾਉਂਦਾ। ਚੌਵੀ ਘੰਟੇ ਟੈਕਸੀ ਉਸ ਕੋਲ ਹੀ ਰਹਿੰਦੀ। ਉਂਝ ਟੈਕਸੀ ਦੀਆਂ ਦੋ ਸ਼ਿਫ਼ਟਾਂ ਹੁੰਦੀਆਂ, ਬਾਰਾਂ-ਬਾਰਾਂ ਘੰਟੇ ਦੀਆਂ। ਪਰ ਕਈ ਡਰਾਈਵਰ ਦੋਨੋਂ ਸ਼ਿਫ਼ਟਾਂ ਦੀ ਟੈਕਸੀ ਹੀ ਲੈ ਲੈਂਦੇ। ਉਸਨੂੰ ਉਹ 'ਲੌਂਗ ਸ਼ਿਫ਼ਟ' ਆਖਦੇ। ਇੱਕ ਸ਼ਿਫ਼ਟ ਨਾਲੋਂ ਡੇਢ ਗੁਣਾਂ ਜ਼ਿਆਦਾ ਲੀਜ਼ ਦੇ ਕੇ ਟੈਕਸੀ ਆਪਣੇ ਕੋਲ ਹੀ ਰੱਖਦੇ। ਜਦ ਦਿਲ ਕਰਦਾ ਟੈਕਸੀ ਚਲਾਉਣ ਲੱਗ ਪੈਂਦੇ, ਜਦ ਦਿਲ ਕਰਦਾ ਘਰ ਜਾਕੇ ਥੋੜ੍ਹੇ ਚਿਰ ਲਈ ਆਰਾਮ ਕਰ ਆਉਦੇਂ। ਇਸ ਤਰ੍ਹਾਂ ਕਈ ਡਰਾਈਵਰ ਪੰਦਰਾਂ-ਪੰਦਰਾਂ, ਸੋਲਾਂ-ਸੋਲਾਂ ਘੰਟੇ ਟੈਕਸੀ ਚਲਾਉਂਦੇ ।

'ਥਰਟੀ ਟੂ' ਆਮ ਤੌਰ 'ਤੇ ਦਿਨ ਦੇ ਇੱਕ ਦੋ ਵਜੇ ਟੈਕਸੀ ਚਲਾਉਣੀ ਸ਼ੁਰੂ ਕਰਦਾ ਅਤੇ ਅਗਲੀ ਸਵੇਰ ਦੇ ਤਿੰਨ-ਚਾਰ ਵਜੇ ਤੱਕ ਚਲਾਉਂਦਾ ਰਹਿੰਦਾ। ਮੈਂ ਵੀਕਐਂਡ 'ਤੇ ਟੈਕਸੀ ਚਲਾਉਂਦਾ, ਦਿਨ ਦੀ ਬਾਰਾਂ ਘੰਟੇ ਦੀ ਸ਼ਿਫ਼ਟ। ਸਵੇਰੇ ਚਾਰ ਵਜੇ ਸ਼ੁਰੂ ਕਰਕੇ ਸ਼ਾਮ ਦੇ ਚਾਰ ਵਜੇ ਤੱਕ ਚਲਾਉਦਾ ਰਹਿੰਦਾ। ਇਸ ਸਮੇਂ

ਦੌਰਾਨ ਕਦੇ ਰੱਬ-ਸਬੱਬੀਂ 'ਥਰਟੀ ਟੂ' ਨੂੰ ਕਿਸੇ ਸਟੈਂਡ 'ਤੇ ਮਿਲ ਜਾਣਾ ਤਾਂ ਗੱਲ-ਬਾਤ ਹੋ ਜਾਣੀ। ਕੰਮ ਮੰਦਾ ਹੋਣਾ ਤਾਂ ਗੱਲਾਂ-ਬਾਤਾਂ ਵੱਧ ਵੀ ਹੋ ਜਾਂਦੀਆਂ, ਤੇਜ਼ ਹੋਣਾ ਤਾਂ ਦੂਰੋਂ ਹੀ 'ਮਾਰ੍ਹਾਜ-ਮਾਰ੍ਹਾਜ' ਹੋ ਜਾਂਦੀ।

ਜਦੋਂ ਗੱਲ-ਬਾਤ ਹੋਣੀ, ਉਹ ਮੇਰੇ ਨਾਲ ਅਕਸਰ ਕੁੜੀਆਂ ਦੀਆਂ ਗੱਲਾਂ ਹੀ ਕਰਦਾ, ਹੋਰ ਵੀ ਕਰਦਾ ਪਰ ਬਹੁਤੀਆਂ ਕੁੜੀਆਂ ਦੀਆਂ ਹੀ ਹੁੰਦੀਆਂ। ਭਾਵੇਂ ਉਹ ਮੇਰੇ ਨਾਲੋਂ ਦੋ-ਚਾਰ ਸਾਲ ਹੀ ਵੱਡਾ ਹੋਵੇਗਾ, ਸਤਾਈ-ਅਠਾਈ ਵਰ੍ਹਿਆਂ ਦੇ ਗੇੜ 'ਚ। ਪਰ ਉਹ ਮੈਨੂੰ ਅਲੂੰਆਂ ਜਿਹਾ ਮੁੰਡਾ ਹੀ ਸਮਝਦਾ, ਜਿਸ ਨਾਲ ਸਿਰਫ਼ ਕੁੜੀਆਂ ਦੀਆਂ ਹੀ ਗੱਲਾਂ ਕੀਤੀਆਂ ਜਾ ਸਕਦੀਆਂ ਸਨ। ਮੇਰਾ ਵਿਆਹ ਨਾ ਹੋਇਆ ਹੋਣ ਕਰਕੇ ਸ਼ਾਇਦ ਉਹ ਅਜੇਹਾ ਸਮਝਦਾ ਸੀ। ਆਪ ਉਹ ਵਿਆਹਿਆ ਹੋਇਆ ਸੀ, ਦੋ ਸਾਲਾਂ ਦੀ ਧੀ ਦਾ ਪਿਓ।

ਇੱਕ ਦਿਨ ਮਿਲਿਆ, ਕਹਿੰਦਾ, "ਬਈ ਰਾਤ ਤਾਂ ਸਵਾਦ ਆ ਗਿਆ 'ਕੇਰਾਂ, ਇੱਕ ਅੱਧਖੜ ਜਿਹੀ ਗੋਰੀ ਟੱਕਰ ਗਈ, ਸ਼ਰਾਬਣ ----"

"ਅੱਛਾ?" ਮੈਂ ਉਸਦੀ ਗੱਲ ਸੁਣਨ ਲਈ ਠੀਕ ਜਿਹਾ ਹੋ ਕੇ ਬੈਠਦੇ ਨੇ ਕਿਹਾ।

ਉਸ ਗੱਲ ਜਾਰੀ ਰੱਖਦੇ ਹੋਏ ਕਿਹਾ, "------ਕਹਿੰਦੀ ਅੱਜ ਮੇਰਾ ਬਰਥਡੇ ਐ, ਅਖੇ ਮੈਂ ਇਕੱਲੀ-ਇਕੱਲੀ ਮਹਿਸੂਸ ਕਰ ਰਹੀ ਆਂ। ਮੈਂ ਪੁਛਿੱਆ ਤੇਰਾ ਕੋਈ ਪੁੱਤ-ਧੀ, ਤੇਰਾ ਹਸਬੈਂਡ? ਕਹਿੰਦੀ 'ਮੈਂ ਵਿਆਹ ਹੀ ਨਹੀਂ ਕਰਾਇਆ। ਬੁਆਏ ਫਰੈਂਡ ਸੀ, ਉਹਦੇ ਨਾਲ ਟੁੱਟ ਗਈ।' ਮੈਂ ਸੋਚਿਆ ਇਹ ਤਾਂ ਆਪ ਈ ਸੁਰ 'ਚ ਐ। ਉਂਝ ਉਹ ਬਹੁਤੀ ਸੁਨੱਖੀ ਨਹੀਂ ਸੀ, ਪਰ ਸੀ ਤਾਂ ਸਾਲੀ ਗੋਰੀ। ਮੈਂ ਕਿਹਾ, 'ਹੇ ਲੈਟਸ ਸੈਲੀਬਰੇਟ, ਲੈਟਸ ਹੈਵ ਸਮ ਡਰਿੰਕਸ, ਆਈ ਐਮ ਯੂਅਰ ਫਰੈਂਡ, ਕਮ ਆਨ। ਕਹਿੰਦੀ , 'ਆਰ ਯੂ ?' ਮੈਂ ਕਿਹਾ, 'ਓ ਜਿਆ, ਮੇਰੇ ਕੋਲ ਵਿਸਕੀ ਹੈਗੀ ਐ, ਚੱਲ ਤੇਰੇ ਘਰ ਚੱਲਦੇ ਆਂ'। ਗੋਰੀ ਮਿੱਤਰਾ ਖੁਸ਼ ਹੋਗੀ। ਮੇਰੇ ਕੋਲ ਕੁੰਡੇ ਆਲੀ (1.75 ਲੀਟਰ ਦੀ ਬੋਤਲ) ਪਿੱਛੇ ਟਰੰਕ 'ਚ ਪਈ ਸੀ। ਉਹਦੀ ਅਪਾਰਟਮੈਂਟ 'ਚ ਚਲੇ ਗਏ। ਗੋਰੀ ਪਹਿਲਾਂ ਹੀ ਸ਼ਰਾਬਣ ਸੀ, ਮੈਂ ਉਸਨੂੰ ਇੱਕ ਹੋਰ ਲੰਡੂ ਜਾ ਡਰਾਮ ਬਣਾ ਦਿੱਤਾ, ਇੱਕ ਗੱਦਰਗੱਫਾ ਜਿਹਾ ਮੈਂ ਆਵਦੇ ਅੰਦਰ ਸੁੱਟਿਆ ਬੱਸ ਫੇਰ ਨਾ ਪੁੱਛ, ਗੋਰੀ ਮੁੜ-ਮੁੜ ਜੱਫੀਆਂ ਪਾਵੇ, ਆਖੀ ਜਾਵੇ 'ਯੂ ਆਰ ਸੋ ਨਾਈਸ'। ਅਸੀਂ ਆਪਣਾ ਕੰਮ ਨਬੇੜ ਕੇ ਤੁਰਨ ਨੂੰ ਹੋਏ, ਪਰ ਉਹ ਆਉਣ ਨਾ ਦੇਵੇ, ਕਹੇ ਹਾਲੇ ਹੋਰ ਰਹਿ 'ਯੂ ਆਰ ਸਵੀਟ, ਹਨੀ-ਹਨੀ ਕਹੇ, ਕਦੇ ਲਵ-ਲਵ ਕਹੇ। ਮੈਂ ਕਿਹਾ ' ਹੁਣ ਬਿਜ਼ੀ ਟਾਈਮ ਐ ਕਦੇ ਫੇਰ ਸਹੀ 'ਤੇ ਆਪਾਂ ਡੰਡੀ ਪਏ।"

ਫੇਰ ਇੱਕ ਦਿਨ ਮਿਲਿਆ ਕਹਿੰਦਾ, "ਗੋਰੀ ਕੌਮ ਤਾਂ ਬੱਸ ਤਬਾਹ ਹੋਈ ਸਮਝ।"

"ਕਿਵੇਂ?" ਮੈਂ ਹੈਰਾਨੀ ਨਾਲ ਪੁੱਛਿਆ।

"ਕਿਵੇਂ ਕੀ, ਡਰੱਗਾਂ ਨੇ ਮਾਰ ਲੈਣੀ ਐਂ। ਥੋੜ੍ਹੇ ਜੇ ਦਿਨਾਂ ਦੀ ਗੱਲ ਐ, ਇੱਕ ਬਾਰਾਂ-ਤੇਰਾਂ ਸਾਲਾਂ ਦੀ ਗੋਰੀ ਟੱਕਰੀ, ਮੈਂ ਮੈਟਰੋਟਾਊਨ ਬੈਠਾ ਸੀ ਰਾਤ ਦੇ ਗਿਆਰਾਂ ਕੁ ਵੱਜੇ ਹੋਣੇ ਐਂ, ਪੁੱਛਣ ਲੱਗੀ ਕਿ ਤੇਰੇ ਕੋਲ ਕੋਈ ਡਰੱਗ ਵਗੈਰਾ ਹੈਗੀ ਐ, ਮੈਂ ਕਿਹਾ, 'ਨਹੀਂ'। ਫੇਰ ਕਹਿੰਦੀ , 'ਆਰ ਯੂ ਬਿਜ਼ੀ ?' ਮੈਂ ਕਿਹਾ, 'ਨਾਟ ਰੀਅਲੀ'। ਮੋਹਰਲੀ ਡੋਰ ਖੋਹਲ ਕੇ ਨਾਲ ਬੈਠ ਗਈ ਕਹਿੰਦੀ, 'ਲੈਟਸ ਗੋ, ਮੈਨੂੰ ਡਰੱਗ ਵਾਸਤੇ ਪੱਚੀ ਡਾਲਰ ਚਾਹੀਦੇ ਐ, ਡਰੱਗ ਬਿਨ੍ਹਾਂ ਜਾਨ ਨਿਕਲੀ ਜਾਂਦੀ ਐ।' ਮੁੜ-ਮੁੜ ਪੱਟਾਂ 'ਤੇ ਡਿੱਗੇ। ਮਲੂਕ ਜੇਹੀ, ਜਿਵੇਂ ਕੱਚਾ ਅੰਬ ਹੋਵੇ ਅਚਾਰੀ। ਮੈਂ ਬਈ ਉਹਨੂੰ ਆਵਦੇ ਫਰੈਂਡ ਦੀ ਅਪਾਰਟਮੈਂਟ 'ਚ ਲੈ ਗਿਆ। ਡਾਲਰ ਤਾਂ ਪੱਚੀਆਂ ਦੀ ਥਾਂ ਤੀਹ ਦੇ ਦਿੱਤੇ ਪਰ ਡੰਝਾਂ ਲਈਆਂ ਲਾਹ। ਅਗਲੀਆਂ ਪਿਛਲੀਆਂ ਸਾਰੀਆਂ ਕਸਰਾਂ ਕੱਢ ਲਈਆਂ।"

ਇੱਕ ਹੋਰ ਦਿਨ ਮਿਲਿਆ ਕਹਿੰਦਾ, "ਅੱਜ ਇੱਕ ਗੋਰੀ ਦੀਆਂ ਲੱਤਾਂ ਦੇਖੀਆਂ, ਬਸ ਪੁੱਛ ਕੁਝ ਨਾ, ਧਰਮ ਨਾਲ ਐਨੀਆਂ ਸੋਹਣੀਆਂ ਲੱਤਾਂ, ਲੰਮੀਆਂ, ਗੋਲ-ਗੋਲ ਪਿੰਝਣੀਆਂ, ਮੱਲਾਂ ਵਰਗੇ ਪੱਟ, ਪੂਰੇ ਸਖਤ, ਕੂਲੇ-ਕੂਲੇ। ਤੰਗ ਸਕਰਟ ਪਾਈ ਹੋਈ। ਮੈਂ ਜਦੋਂ ਘਰੋਂ ਨਿਕਲਦੀ ਦੇਖੀ ਪਹਿਲਾਂ ਹੀ ਉੱਠ ਕੇ ਟੈਕਸੀ ਦੀ ਮੋਹਰਲੀ ਡੋਰ ਖੋਲ੍ਹ ਦਿੱਤੀ, ਸੋਚਿਆ ਕਿਤੇ ਮਗਰਲੀ ਸੀਟ 'ਤੇ ਨਾ ਬੈਠ ਜਾਵੇ। ਕਹਿੰਦੀ ਨਿਊਵੈਸਟ ਜਾਣੈ ਦਸਾਂ ਡਾਲਰਾਂ 'ਚ। ਮੈਂ ਕਿਹਾ 'ਨੋ ਪ੍ਰਾਬਲਮ, 'ਉਂਝ ਵੀ ਮੀਟਰ 'ਤੇ ਬਾਰਾਂ-ਤੇਰਾਂ ਡਾਲਰ ਮਸਾਂ ਚੱਲਣੇ ਸੀ ਮੈਟਰੋਟਾਊਨ ਏਰੀਏ ਤੋਂ। ਮੇਰਾ ਚਿੱਤ ਹੋਰੂੰ-ਹੋਰੂੰ ਹੋਈ ਜਾਵੇ ਉਹਦੇ ਪੱਟ ਦੇਖਕੇ। ਅਖੀਰ ਮੈਂ ਹੌਸਲਾ ਜਿਹਾ ਕਰਕੇ ਓਹਦੇ ਪੱਟਾਂ 'ਤੇ ਹੱਥ ਫੇਰ ਦਿੱਤਾ, ਸੋਚਿਆ ਕੀ ਐ, ਸ਼ਾਇਦ ਲੋਟ ਸਿਰ ਆ ਹੀ ਜਾਵੇ, ਨਾਲ ਹੀ ਆਖ ਦਿੱਤਾ, 'ਬਿਊਟੀਫੁੱਲ ਲੈਗਜ਼।' ਉਹਨੇ ਜੀ ਮੇਰਾ ਹੱਥ ਚੁੱਕ ਕੇ ਪਾਸੇ ਰੱਖਤਾ।"

ਉਹਦੀ ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ, "ਕੀ ਰਿਹਾ ਫਿਰ?"

"ਮੇਰਾ ਗਿਆ ਵੀ ਦੱਸ ਕੀ? ਤੂੰ ਤਾਂ ਯਾਰ ਬੁੜ੍ਹੀਆਂ ਆਲੀਆਂ ਗੱਲਾਂ ਕਰਦੈਂ।"

"ਮਾਰ੍ਹਾਜ ਵਿਆਹੇ-ਵਰੇ ਬੰਦੇ ਐਂ ਤੁਸੀਂ, ਹਾਲੇ ਵੀ ਨਹੀਂ ਹਟਦੇ ਪੁੱਠੇ ਪੰਗਿਆਂ ਤੋਂ," ਮੈਂ ਕਿਹਾ।

"ਫੇਰ ਉਹੀ ਗੱਲ, ਜੇ ਵਿਆਹੇ-ਵਰੇ ਐਂ ਤਾਂ ਕੀ ਹੋ ਗਿਆ, ਘਰਵਾਲੀਆਂ ਨਾਲ ਉਹ ਸਵਾਦ ਨਹੀਂ ਜਿਹੜੀਆਂ ਲੱਜਤਾਂ ਗੋਰੀਆਂ ਨਾਲ ਐ। ਘਰਵਾਲੀਆਂ ਤਾਂ ਜਵਾਕ ਸੰਭਾਲੀ ਜਾਣ ਬਹੁਤ ਐ। ਨਾਲੇ ਯਾਰ ਉਹ ਪੰਜਾਬੀ ਬੰਦਾ ਹੀ ਕਾਹਦਾ ਜੀਹਨੇ ਬਿਗਾਨੀ ਖੁਰਲੀ 'ਚ ਮੂੰਹ ਨਾ ਮਾਰਿਆ ਹੋਵੇ," ਆਖ ਉਹ ਮੇਰੇ ਮੋਢੇ 'ਤੇ ਹੱਥ ਮਾਰ ਕੇ ਹੱਸਿਆ।

ਉਸ ਦਿਨ ਵੀ ਜਦ ਉਸ ਟੈਕਸੀ 'ਚ ਬੈਠਦੇ ਨੇ ਹੀ 'ਸ਼ਰਾਬਣਾਂ' ਦਾ ਜ਼ਿਕਰ ਕਰ ਦਿੱਤਾ ਤਾਂ ਮੈਨੂੰ ਲੱਗਿਆ ਕਿ ਉਹ ਕੋਈ ਇਹੋ ਜਿਹੀ ਹੀ ਗੱਲ

ਸੁਣਾਏਗਾ। ਇਸ ਲਈ ਮੈਂ ਗੱਲ ਸ਼ੁਰੂ ਕਰਨ ਲਈ ਉਸਤੋਂ ਪੁੱਛ ਲਿਆ, "ਕਿਓਂ ਕੋਈ ਟੱਕਰੀ ਨਹੀਂ
ਗੋਰੀ-ਗਾਰੀ ?"

"ਗੋਰੀਆਂ-ਗਾਰੀਆਂ ਕਾਹਦੀਆਂ ਯਾਰ, ਬੇਸ਼ਰਮ ਕੌਮ। ਸਗੋਂ ਇਨ੍ਹਾਂ ਨੇ ਤਾਂ ਆਪਣੀਆਂ ਕੁੜੀਆਂ ਵੀ ਖਰਾਬ ਕਰਤੀਆਂ," ਉਸ ਦੀ ਸੁਰ ਧੀਮੀ ਸੀ।

ਮੈਂ ਸੋਚਿਆ ਸ਼ਾਇਦ ਉਹ ਗੱਲ ਸੁਣਾਉਣ ਲਈ ਭੂਮਿਕਾ ਬੰਨ੍ਹ ਰਿਹਾ ਹੈ। 'ਆਪਣੀਆਂ ਕੁੜੀਆਂ' ਦਾ ਜ਼ਿਕਰ ਸੁਣ ਮੈਨੂੰ ਲੱਗਿਆ ਕਿ ਗੱਲ ਜ਼ਰੂਰ ਹੀ ਬਹੁਤ ਦਿਲਚਸਪ ਹੋਵੇਗੀ। ਮੈਂ ਠੀਕ ਜਿਹਾ ਹੋ ਕੇ ਬੈਠਦੇ ਨੇ ਪੁੱਛਿਆ, "ਕਿਓਂ ਕੀ ਗੱਲ ਹੋਗੀ, ਮਾਰ੍ਹਾਜ?"

"ਗੱਲ ਕਾਹਦੀ ਯਾਰ, ਦੋ ਕੁ ਦਿਨ ਹੋਗੇ, ਰਾਤ ਦੇ ਕੋਈ ਦੋ ਕੁ ਵੱਜੇ ਹੋਣਗੇ, ਆਪਣੀਆਂ ਦੋ ਕੁੜੀਆਂ, ਅਠਾਰਾਂ-ਉੱਨੀਂ ਸਾਲਾਂ ਦੇ ਗੇੜ 'ਚ, ਆ ਕੇ ਬੈਠ ਗਈਆਂ ਟੈਕਸੀ 'ਚ। ਅਖੇ ਸਾਸਰੀਕਾਲ-ਸਾਸਰੀਕਾਲ। ਮੈਂ ਹੈਰਾਨ 'ਆਪਣੇ ਲੋਕ ਕਿੱਥੇ ਟੈਕਸੀਆਂ ਲੈਂਦੇ ਐ ' ਕਹਿੰਦੀਆਂ, 'ਚੱਲ'। ਮੈਂ ਪੁੱਛ ਲਿਆ 'ਜਾਣਾ ਕਿੱਥੇ ਐ?' ਕਹਿੰਦੀਆਂ 'ਦੱਸਾਂਗੀਆਂ ਪਹਿਲਾਂ ਤੁਰ ਤਾਂ ਸਹੀ।' ਮੈਂ ਟੈਕਸੀ ਤੋਰ ਲਈ। ਕਹਿੰਦੀਆਂ 'ਅਸੀਂ ਕਿਸੇ ਦੇ ਵਿਆਹ ਦੀ ਪਾਰਟੀ 'ਤੇ ਗਈਆਂ ਸੀ ਉਥੋਂ ਟਲ ਕੇ ਆ ਗਈਆਂ। ਸਾਨੂੰ ਸ਼ਰਾਬ ਚਾਹੀਦੀ ਐ। ਅਖੇ ਸਾਡੀ ਪੀਤੀ ਵੀ ਹੈਗੀ ਐ, ਹੋਰ ਵੀ ਪੀਣੀ ਐ-----------"

"ਹਟ ਪਿੱਛੇ," ਮੇਰੇ ਮੂੰਹੋਂ ਹੈਰਾਨੀ ਜਿਹੀ 'ਚ ਨਿਕਲ ਗਿਆ।

"---ਸ਼ਰਾਬ ਮੇਰੇ ਕੋਲ ਸੀ, ਕੁੰਡੇ ਆਲੀ ਟਰੰਕ 'ਚ ਪਈ ਸੀ------"

"ਕੁੰਡੇ ਆਲੀ ਨਾਲ ਈ ਰੱਖਦੇ ਐਂ ਫਿਰ?" ਮੈਂ ਵਿੱਚੋਂ ਹੀ ਟੋਕਿਆ।

"ਇਹਦੇ ਬਿਨਾਂ ਕਿੱਥੇ ਸਰਦੈ। ਵੇਲੇ-ਕਵੇਲੇ ਲੋੜ ਪੈ ਜਾਂਦੀ ਐ। ਅੱਛਾ ਤੇ ਮੇਰਾ ਚਿੱਤ ਨਹੀਂ ਮੰਨਿਆ ਉਨ੍ਹਾਂ ਨੂੰ ਸ਼ਰਾਬ ਦੇਣ ਲਈ। ਸੋ ਮੈਂ ਟਾਲਣ ਦੇ ਮਾਰੇ ਨੇ ਆਖ ਦਿੱਤਾ ਬਈ ਐਸ ਵੇਲੇ ਸਾਰੇ ਲੀਕਰ ਸਟੋਰ ਤੇ ਪੱਬ ਬੰਦ ਐ, ਸ਼ਰਾਬ ਨਹੀਂ ਮਿਲਣੀ। ਕਹਿੰਦੀਆਂ 'ਨਹੀਂ ਸਾਨੂੰ ਸ਼ਰਾਬ ਚਾਹੀਦੀ ਜ਼ਰੂਰ ਐ ਜਿੱਥੋਂ ਮਰਜ਼ੀ ਲਿਆ ਕੇ ਦੇ, ਸਾਡੇ ਕੋਲ ਤੀਹ ਡਾਲਰ ਹੈਗੇ ਐ---'

"ਪੰਜਾਬੀ ਬੋਲਦੀਆਂ ਸੀ ?" ਮੈਂ ਜਿਗਿਆਸਾ ਵੱਸ ਵਿੱਚੋਂ ਹੀ ਪੁੱਛ ਲਿਆ।

"ਓਹ ਜਿਆ, ਜਿਵੇਂ ਐਥੋਂ ਦੇ ਜੰਮੇ-ਪਲੇ ਰੁਕ-ਰੁਕ ਕੇ ਬੋਲਦੇ ਹੁੰਦੇ ਐ। ਪਹਿਲਾਂ ਮੈਂ ਸੋਚਿਆ ਬਈ ਇਨ੍ਹਾਂ ਨੂੰ ਸਮਝਾਵਾਂ ਕਿ ਆਪਣਾ ਕਲਚਰ ਕੁੜੀਆਂ ਦਾ ਸ਼ਰਾਬ ਪੀਣਾ ਤੇ ਰਾਤ ਨੂੰ ਬਾਹਰ ਤੁਰੇ ਫਿਰਨਾ ਚੰਗਾ ਨਹੀਂ ਸਮਝਦਾ। ਫੇਰ ਸੋਚਿਆ ਮਨਾਂ ਇਹ ਸਮਝਣ ਦੇ ਮੂਡ 'ਚ ਕਿੱਥੇ ਐ ? ਊਂ ਟਾਲੋ, ਜੇ ਟਲ ਜਾਣ ਤਾਂ। ਮੈਂ ਕਿਹਾ ਬਈ ਤੀਹ ਡਾਲਰਾਂ ਨਾਲ ਨਹੀਂ ਸਰਨਾ ਥੋਡਾ, ਸ਼ਰਾਬ ਵੀ ਲਿਆਉਣੀ

ਐ ਤੇ ਟੈਕਸੀ ਦਾ ਕਿਰਾਇਆ ਵੀ, ਥੋਡੇ ਪੰਜਾਹ-ਸੱਠ ਡਾਲਰ ਲੱਗ ਜਾਣੇ ਐ। ਪਰ ਉਹ ਟਲਣ ਵਾਲੀਆਂ ਕਿੱਥੇ ਸੀ। ਇੱਕ ਕਹਿੰਦੀ , 'ਫੇਰ ਦੇ ਦੇਵਾਂਗੀਆਂ ਜਾਂ ਗੁੱਡ ਟਾਈਮ ਕਰ ਲੈਨੇ ਐ ।' ਜਦੋਂ ਉਹਨੇ ਗੁੱਡ ਟਾਈਮ ਕਰ ਲੈਨੇ ਐ ਕਿਹਾ ਮੈਨੂੰ ਸਾਲੀ ਅੱਗ ਲੱਗ ਗਈ। ਚਿੱਤ 'ਚ ਆਇਆ ਬਈ ਮਾਂ-ਪਿਓ ਨੇ ਜਵਾਕਾਂ ਦਾ ਅੱਗਾ ਸੰਵਾਰਨ ਲਈ ਦੋ-ਦੋ ਸ਼ਿਫਟਾਂ ਕੰਮ ਕਰਕੇ ਆਪਣੀ ਸਾਰੀ ਉਮਰ ਖਰਾਬ ਕਰ ਲਈ ਹੋਵੇਗੀ ਤੇ ਜਵਾਕ ਬੰਨ੍ਹਵਾਈ ਜਾਂਦੇ ਐ ਪੱਗ ਬੁੜ੍ਹੇ ਦੇ । ਮੈਂ ਸੋਚਿਆ ਜੇ ਟਾਲ਼ੀਆਂ ਤਾਂ ਕੀ ਪਤਾ ਅੰਗੂਠਾ ਚੁੱਕ ਕੇ ਸੜਕ 'ਤੇ ਨਾ ਖੜ੍ਹ ਜਾਣ, ਫੇਰ ਕੀ ਪਤਾ ਕਿਹੋ-ਜਿਹੋ ਦੇ ਅੜਿੱਕੇ ਚੜ੍ਹਨ, ਤਲਬ ਇਨ੍ਹਾਂ ਨੂੰ ਹੈਗੀ ਐ । ਮੈਂ ਕਿਹਾ 'ਬਈ ਗੁੱਡ ਟਾਈਮ ਕਰਨ ਦਾ ਮੌਕਾ ਨਹੀਂ, ਬਿਜ਼ੀ ਟਾਈਮ ਐ, ਤੁਸੀਂ ਆਵਦਾ ਫੋਨ ਨੰਬਰ ਦਿਓ, ਬਾਕੀ ਡਾਲਰ ਫੇਰ ਲੈ ਲਵਾਂਗਾ, ਸ਼ਰਾਬ ਥੋਨੂੰ ਲਿਆ ਦਿੰਨੈ, ਪਰ ਨੰਬਰ ਆਵਦਾ ਠੀਕ ਦਿਓ, ਪਹਿਲਾਂ ਡਰੈਕਟਰੀ 'ਚੋਂ ਨੰਬਰ ਚੈੱਕ ਕਰਕੇ ਫੇਰ ਸ਼ਰਾਬ ਲਿਆ ਕੇ ਦੇਵਾਂਗਾ।' ਫ਼ੋਨ ਨੰਬਰ ਇੱਕ ਨੇ ਦੇ ਦਿੱਤਾ ਕਹਿੰਦੀ, 'ਵੀਕਡੇਜ਼ ਵਿੱਚ ਸ਼ਾਮ ਦੇ ਚਾਰ ਤੋਂ ਅੱਠ ਦੇ ਵਿਚਕਾਰ ਫ਼ੋਨ ਕਰੀਂ ਉਦੋਂ ਮੇਰਾ ਡੈਡ ਤੇ ਭਰਾ ਘਰ ਨਹੀਂ ਹੁੰਦੇ । ਇੰਗਲਿਸ਼ 'ਚ ਗੱਲ ਕਰੀਂ ਮੇਰਾ ਨਾਂ ਰਾਜਦੀਪ ਐ।' ਕਹਿ ਕੇ ਉਹ ਹੱਸ ਪਈ। ਮੈਂ ਕਿਹਾ 'ਇਹਦੀ ਤੁਸੀਂ ਵਰੀ ਨਾ ਕਰੋ।' ਤੇ ਮੈਂ ਫ਼ੋਨ ਬੂਥ ਕੋਲ ਟੈਕਸੀ ਰੋਕ ਲਈ। ਉਨ੍ਹਾਂ ਨੂੰ ਕਿਹਾ ਬਈ ਫਰੈਂਡ ਨੂੰ ਫ਼ੋਨ ਕਰਕੇ ਸ਼ਰਾਬ ਬਾਰੇ ਪੁੱਛਦੈਂ। ਮੈਂ ਬੂਥ ਤੋਂ ਜਿਹੜਾ ਨੰਬਰ ਉਨ੍ਹਾਂ ਨੇ ਦਿੱਤਾ ਸੀ ਘੁਮਾਇਆ। ਅੱਗੋਂ ਬੰਦੇ ਨੇ ਫ਼ੋਨ ਚੁੱਕਿਆ ਮੈਂ ਪੁੱਛਿਆ ਬਈ ਰਾਜਦੀਪ ਨਾਂ ਦੀ ਤੁਹਾਡੇ ਕੋਈ ਕੁੜੀ ਹੈਗੀ ਐ, ਕਹਿੰਦਾ 'ਹਾਂ' ਫੇਰ ਮੈਂ ਉਹਨੂੰ ਸਾਰੀ ਗੱਲ ਦੱਸੀ ਕਿ ਉਹ ਐਦਾਂ ਕਰਕੇ ਸ਼ਰਾਬ ਭਾਲਦੀਐਂ, ਮੇਰੀ ਟੈਕਸੀ 'ਚ ਬੈਠੀਐਂ। ਦੱਸੋ ਕਿੱਥੇ ਮਿਲੋਂਗੇ ਤੁਹਾਡੇ ਹਵਾਲੇ ਕਰ ਜਾਨੈਂ। ਬੰਦਾ ਪਹਿਲਾਂ ਚੁੱਪ ਜਿਹਾ ਕਰ ਗਿਆ, ਨਮੋਸ਼ੀ ਮੰਨ ਗਿਆ ਹੋਣੈ। ਫੇਰ ਰੋਣਹਾਕੀ ਜਿਹੀ ਆਵਾਜ਼ 'ਚ ਕਹਿੰਦਾ, 'ਵੈਨਕੂਵਰ ਫਰੇਜ਼ਰ ਤੇ ਫੋਰਟੀਫਸਟ ਦੇ ਕੌਰਨਰ 'ਤੇ ਆਜਾ, ਉੱਥੇ ਮੈਂ ਪਹੁੰਚ ਜਾਨੈਂ, ਮੇਰੇ ਕੋਲ ਟਿਉਟਾ ਦੀ ਲਾਲ ਜਿਹੀ ਵੈਨ ਹੋਵੇਗੀ।' ਮੈਂ ਉਸਨੂੰ ਪੰਦਰਾਂ ਮਿੰਟਾਂ 'ਚ ਉੱਥੇ ਪਹੁੰਚਣ ਦੀ ਤਸੱਲੀ ਦਵਾ ਕੇ ਟੈਕਸੀ 'ਚ ਮੁੜ ਆਇਆ । ਕੁੜੀਆਂ ਨੂੰ ਦੱਸਿਆ ਬਈ ਸ਼ਰਾਬ ਮੁੰਡੇ ਕੋਲ ਹੈਗੀ ਐ, ਉਹਦਾ ਘਰ ਫਰੇਜ਼ਰ ਫੋਰਟੀਫਸਟ ਵੱਲ ਹੈ । ਕਹਿੰਦੀਆਂ 'ਜਿੱਥੇ ਮਰਜ਼ੀ ਹੋਵੇ, ਬੱਸ ਲੈ ਚੱਲ ।' ਰਾਹ 'ਚ ਮੈਂ ਉਨ੍ਹਾਂ ਤੋਂ ਉਨ੍ਹਾਂ ਦੇ ਘਰਦਿਆਂ ਬਾਰੇ ਪੁੱਛਣ ਲੱਗ ਪਿਆ । ਇੱਕ ਦੱਸਣ ਲੱਗ ਪਈ ਕਿ ਉਹ ਦੋਵੇਂ ਭੈਣਾਂ ਹਨ, ਉਨ੍ਹਾਂ ਦਾ ਡੈਡੀ ਪੁਰਾਣਾ ਇੰਡੀਆ ਤੋਂ ਆਇਆ ਹੋਇਆ ਹੈ ਉਸ ਕੋਲ ਧਨ ਬਹੁਤ ਹੈ ਪਰ ਉਹ ਖਰਚ ਕਰਕੇ ਰਾਜ਼ੀ ਨਹੀਂ, ਪੁਰਾਣੇ ਵਿਚਾਰਾਂ ਦਾ ਬੰਦਾ ਹੈ । ਫੇਰ ਦੂਜੀ ਕਹਿੰਦੀ , 'ਫੱਕ ਹਿੰਮ, ਟਾਕ ਅਬਾਊਟ ਸਮਥਿੰਗ ਇਲਸ ।' ਇੰਨੇ ਚਿਰ 'ਚ ਮੈਂ ਟੈਕਸੀ ਫਰੇਜ਼ਰ ਫੋਰਟੀ ਫਸਟ ਦੇ ਕੌਰਨਰ 'ਤੇ ਲਾਤੀ । ਵੈਨ ਉੱਥੇ ਖੜ੍ਹੀ ਸੀ,

ਬਜ਼ੁਰਗ ਨੀਵੀਂ ਜੀ ਪਾਈ ਖੜ੍ਹਾ ਰਿਹਾ ਨਾਲ ਉਹਦੇ ਦੋ ਹੋਰ ਮੁੰਡੇ, ਉਹਦੇ ਪੁੱਤ ਹੋਣਗੇ ਜਾਂ ਕੋਈ ਹੋਰ, ਇੱਕ ਨੇ ਵੈਨ ਦੀ ਖੁੱਲ੍ਹੀ ਡੋਰ ਵੱਲ ਹੱਥ ਕਰਕੇ ਕੁੜੀਆਂ ਵੱਲ ਦੇਖਿਆ, ਉਹ ਮੇਰੇ ਵੱਲ ਆਨੇ ਜਿਹੇ ਕੱਢਦੀਆਂ ਵੈਨ 'ਚ ਬੈਠ ਗਈਆਂ।"

ਜਦ 'ਥਰਟੀ ਟੂ' ਨੇ ਗੱਲ ਖਤਮ ਕੀਤੀ ਉਹ ਪਹਿਲਾਂ ਵਾਲਾ ਬੰਦਾ ਨਾ ਹੋਕੇ ਜਵਾਨ ਧੀ ਦਾ ਪਿਓ ਨਜ਼ਰ ਆ ਰਿਹਾ ਸੀ। ਬਾਹਰ ਠੰਡ ਹੋਣ ਕਾਰਨ ਗੱਲਾਂ ਕਰਦਿਆਂ ਟੈਕਸੀ ਦੇ ਸ਼ੀਸ਼ੇ ਧੁੰਦਲੇ ਹੋ ਗਏ ਸਨ । ਮੈਂ ਕਾਰ ਸਟਾਰਟ ਕਰਕੇ ਹੀਟ ਚਲਾ ਦਿੱਤੀ ਤਾਂ ਕਿ ਸ਼ੀਸ਼ੇ ਸਾਫ਼ ਹੋ ਜਾਣ ।

"ਪਰ ਮਾਰ੍ਹਾਜ ਤੁਸੀਂ ਕਿਓਂ ਐਨੇ ਖਲਜਗਣ 'ਚ ਪਏ ਨਾਲੇ ਆਪਣਾ ਟਾਈਮ ਖਰਾਬ ਕੀਤਾ, ਤੁਸੀਂ ਗੁੱਡ ਟਾਈਮ ਕਰ ਲੈਣਾ ਸੀ । ਓਦਣ ਤੁਸੀਂ ਦੱਸਦੇ ਸੀ ਕਿ ਬਾਰਾਂ-ਤੇਰ੍ਹਾਂ ਸਾਲਾਂ ਦੀ ਜਵਾਕੜੀ ਨੂੰ ਵੀ ਨਹੀਂ ਸੀ ਬਖ਼ਸ਼ਿਆ।" ਮੈਂ ਉਸਦੇ ਬਦਲਾਓ 'ਤੇ ਹੈਰਾਨ ਸੀ ।

"ਉਹਦੀ ਗੱਲ ਹੋਰ ਸੀ, ਉਹ ਤਾਂ ਗੋਰੀ ਸੀ," 'ਥਰਟੀ ਟੂ' ਦਾ ਜਵਾਬ ਸੀ।

# ਲੋਦਾ

ਸਵੇਰ ਦੇ ਸਾਢੇ ਸੱਤ ਵੱਜੇ ਸਨ। ਮੈਨੂੰ 'ਸੈਵਨ ਅਲੈਵਨ' ਸਟੈਂਡ 'ਤੇ ਪਹਿਲਾ ਨੰਬਰ ਲੈ ਕੇ ਬੈਠਿਆਂ ਅੱਧਾ ਘੰਟਾ ਹੋ ਗਿਆ ਸੀ ਪਰ ਟ੍ਰਿੱਪ ਮਿਲਣ ਦਾ ਨਾਂ ਨਹੀਂ ਸੀ ਲੈ ਰਿਹਾ। ਮੈਨੂੰ ਮਹਿਸੂਸ ਹੋਣ ਲੱਗਾ ਕਿ ਮੈਂ ਅੱਜ ਕੰਮ 'ਤੇ ਆ ਕੇ ਗਲਤੀ ਹੀ ਕੀਤੀ। ਘਰਵਾਲੀ ਦਾ ਕਿਹਾ ਮੰਨ ਲੈਂਦਾ ਤਾਂ ਚੰਗਾ ਸੀ। ਉਸ ਨੇ ਕਈ ਵਾਰ ਕਿਹਾ ਸੀ ਕਿ ਇਹ ਵੀਕਐਂਡ ਮੈਂ ਛੁੱਟੀ ਕਰ ਲਵਾਂ ਤਾਂ ਕਿ ਬੱਚਿਆਂ ਨੂੰ ਕਿਤੇ ਬਾਹਰ ਘੁਮਾ-ਫਿਰਾ ਸਕੀਏ। ਪਰ ਮੈਂ ਆਖ ਦਿੱਤਾ ਕਿ ਉਹ ਆਪ ਹੀ ਬੱਚਿਆਂ ਦੇ ਨਾਲ ਜਾ ਕੇ ਨਗਰ ਕੀਰਤਨ ਦੇਖ ਆਵੇ, ਮੈਂ ਘਰ ਰਹਿ ਕੇ ਕੀ ਕਰੂੰਗਾ। ਕੰਮ 'ਤੇ ਚਾਰ ਪੈਸੇ ਬਣਾਂਵਾਂਗਾ। ਪਰ ਅੱਜ ਪੈਸੇ ਬਣਦੇ ਲੱਗਦੇ ਨਹੀਂ ਸੀ। ਟ੍ਰਿੱਪ ਦੀ ਉਡੀਕ ਕਰਦਿਆਂ ਪਿਸ਼ਾਬ ਦਾ ਜ਼ੋਰ ਪੈਣ ਲੱਗ ਪਿਆ ਸੀ। ਮੈਂ ਘੁੱਟ-ਵੱਟ ਕੇ ਬੈਠਾ ਰਿਹਾ। ਸੋਚਿਆ ਕਿ ਜੇ ਸਟੈਂਡ ਛੱਡ ਕੇ ਕਿਸੇ ਗੈਸ ਸਟੇਸ਼ਨ 'ਤੇ ਹਲਕਾ ਹੋਣ ਚਲਾ ਗਿਆ ਤਾਂ ਅੱਧੇ ਘੰਟੇ ਦੀ ਉਡੀਕ ਅਜਾਈਂ ਜਾ ਸਕਦੀ ਸੀ। ਖਾਲੀ ਸਟੈਂਡ ਵੇਖ ਕੇ ਕੋਈ ਹੋਰ ਟੈਕਸੀ ਆ ਸਕਦੀ ਸੀ ਜਾਂ ਪਿੱਛੋਂ ਟ੍ਰਿੱਪ ਹੀ ਨਿਕਲ ਸਕਦਾ ਸੀ। ਵੀਕਐਂਡ 'ਤੇ ਸਵੇਰ ਦੇ ਸੱਤ ਤੋਂ ਨੌਂ ਵਜੇ ਤੱਕ ਕੰਮ ਡੈੱਡ ਹੀ ਹੋ ਜਾਂਦਾ। ਇਸ ਸਮੇਂ ਦੌਰਾਨ ਜੇ ਕੋਈ ਲੰਮਾ ਟ੍ਰਿੱਪ ਮਿਲ ਜਾਂਦਾ ਤਾਂ ਧੰਨ-ਧੰਨ ਹੋ ਜਾਂਦੀ। ਲੌਂਗ ਵੀਕਐਂਡ'ਤੇ ਤਾਂ ਕੰਮ ਹੋਰ ਵੀ ਮੰਦਾ ਹੁੰਦਾ। ਲੌਂਗਵੀਕਐਂਡ ਦੇ ਪਹਿਲੇ ਦਿਨ ਸਵੇਰੇ-ਸਵੇਰੇ ਏਅਰਪੋਰਟ ਦੇ ਟ੍ਰਿੱਪ ਜ਼ਰੂਰ ਨਿਕਲਦੇ। ਇਸੇ ਝਾਕ 'ਚ ਹੀ ਮੈਂ ਪਿਸ਼ਾਬ ਰੋਕੀ ਬੈਠਾ ਸੀ ਕਿ ਕੰਮਪਿਊਟਰ 'ਤੇ ਬੀਪ ਹੋਈ। 'ਟ੍ਰਿੱਪ ਐਕਸਿਪਟ' ਬਟਨ ਨੱਪਣ ਲਈ ਮੈਂ ਸਕਿੰਟ ਵੀ ਨਾ ਲਾਇਆ। ਵੈਸਟ 8 ਐਵੀਨਿਊ ਦੀ ਕਿਸੇ ਅਪਾਰਟਮਿੰਟ ਬਿਲਡਿੰਗ ਤੋਂ ਟ੍ਰਿੱਪ ਮਿਲਿਆ ਸੀ। ਉੱਥੇ ਪਹੁੰਚਣ ਲਈ ਮੈਨੂੰ ਦੋ-ਤਿੰਨ ਮਿੰਟ ਹੀ ਲੱਗਣੇ ਸਨ। ਇਸ ਕਰਕੇ ਸੋਚਿਆ ਕਿ ਪਿਸ਼ਾਬ ਕਰਕੇ ਹੀ ਜਾਵਾਂਗਾ। ਛੇਤੀ-ਛੇਤੀ 'ਚ ਮੈਂ ਗੈਸ ਸਟੇਸ਼ਨ ਤੋਂ ਵਿਹਲਾ ਹੋ ਕੇ ਪੰਜ-ਸੱਤ ਮਿੰਟ 'ਚ ਟੈਕਸੀ ਅਪਾਰਟਮੈਂਟ ਦੇ ਸਾਹਮਣੇ ਜਾ ਰੋਕੀ। ਵੀਹਾਂ ਕੁ ਸਾਲਾਂ ਦੇ ਗੇੜ 'ਚ ਲਗਦੀ ਇੱਕ ਕੁੜੀ ਵੱਡੇ ਅਟੈਚੀ ਕੋਲ ਖੜ੍ਹੀ ਸੀ। ਅਟੈਚੀ ਵੇਖ ਕੇ ਮੈਂ ਚਿੱਤ 'ਚ ਹੀ ਕਿਹਾ, 'ਬਣਗੀ ਗੱਲ' ਦੂਜੀ ਗੱਲ ਦਿਮਾਗ 'ਚ ਆਈ ਕਿ ਕਾਹਲੀ 'ਚ ਹੋਵੇਗੀ ਜਿਹੜੀ ਬਾਹਰ ਹੀ ਆ ਖੜ੍ਹੀ ਜਾਂ ਮੈਥੋਂ ਹੀ ਗੈਸ ਸਟੇਸ਼ਨ 'ਤੇ ਜ਼ਿਆਦਾ ਦੇਰ ਲੱਗ ਗਈ। ਟੈਕਸੀ ਵੱਲ

ਆਉਂਦੀ ਕੁੜੀ ਨੇ ਆਪਣੀਆਂ ਉਂਗਲਾਂ ਨਚਾ ਕੇ 'ਹਾਏ' ਕਿਹਾ। ਮੈਂ ਝੱਟ ਦੇ ਕੇ ਟੈਕਸੀ 'ਚੋਂ ਬਾਹਰ ਨਿਕਲ ਕੇ ਟਰੰਕ ਖੋਲ੍ਹਿਆ ਅਤੇ ਅਟੈਚੀ ਉਸ ਵਿੱਚ ਰੱਖ ਕੇ ਪਿਛਲਾ ਦਰਵਾਜ਼ਾ ਖੋਲ੍ਹਣ ਲਈ ਅਹੁਲਿਆ ਹੀ ਸੀ ਕਿ ਉਹ ਬੋਲੀ, " ਕੀ ਮੈਂ ਮੂਹਰਲੀ ਸੀਟ 'ਤੇ ਬੈਠ ਸਕਦੀ ਹਾਂ?"

"ਜਿੱਥੇ ਤੇਰਾ ਜੀਅ ਕਰਦਾ ਹੈ," ਮੈਂ ਮੁਸਕਰਾ ਕੇ ਕਿਹਾ ਅਤੇ ਟੈਕਸੀ ਵਿੱਚ ਬੈਠ ਗਿਆ। ਮੇਰੇ ਬਰਾਬਰ ਵਾਲੀ ਸੀਟ 'ਤੇ ਬੈਠ ਕੇ ਕੁੜੀ ਨੇ ਦੋਹੇਂ ਹੱਥ ਜੋੜ ਕੇ ਕਿਹਾ, " ਸਟ-ਸਰੀ-ਅਕਾਲ।"

'ਓਹ ਸਦਕੇ' ਮੈਂ ਚਿੱਤ 'ਚ ਹੀ ਕਿਹਾ ਅਤੇ ਮੈਂ ਉਸ ਦੀ ਸਤਿ ਸ੍ਰੀ ਆਕਾਲ ਦਾ ਜਵਾਬ ਦੇ ਕੇ ਪੁੱਛਿਆ, "ਕੀ ਹਾਲ ਹੈ?"

"ਮੈਂ ਪੰਜਾਬੀ ਦੇ ਕੇਵਲ ਇਹੋ ਲਫ਼ਜ਼ ਹੀ ਜਾਣਦੀ ਹਾਂ," ਉਸ ਨੇ ਮੁਸਕਰਾ ਕੇ ਅੰਗ੍ਰੇਜ਼ੀ ਵਿੱਚ ਕਿਹਾ ਅਤੇ ਫਿਰ ਬੋਲੀ, "ਏਅਰਪੋਰਟ,ਪਲੀਜ਼।"

ਮੈਂ ਟੈਕਸੀ ਤੋਰ ਕੇ ਪੁੱਛਿਆ, "ਕਿੱਥੋਂ ਸਿੱਖਿਆ ਇਹ ਲਫ਼ਜ਼?"

"ਮੈਂ ਇੰਡੀਆ ਗਈ ਸੀ। ਉੱਥੇ ਕੁਝ ਲਫ਼ਜ ਸਿੱਖੇ ਸਨ।" ਫਿਰ ਉਹ ਚਹਿਕ ਕੇ ਬੋਲੀ," ਮੈਨੂੰ ਇੰਡੀਆ ਬਹੁਤ ਚੰਗਾ ਲਗਦਾ ਹੈ।"

"ਅੱਛਾ? ਕੀ ਚੰਗਾ ਲੱਗਾ ਇੰਡੀਆ ਦਾ?" ਮੈਂ ਖੁਸ਼ ਹੋ ਕੇ ਪੁੱਛਿਆ।

"ਲੋਕ, ਭੋਜਨ ਤੇ ਪੁਰਾਣੀਆਂ ਇਮਾਰਤਾਂ।"

"ਕਿੱਥੇ-ਕਿੱਥੇ ਗਈ?"

"ਜੈਪੁਰ, ਫਟੈਹਿਪੁਰ, ਟਾਜ ਮਹਲ-----," ਉਹ ਸੋਚਣ ਲਈ ਥੋੜ੍ਹਾ ਕੁ ਚੁੱਪ ਹੋਈ। ਮੇਰੇ ਮੂੰਹੋਂ ਝੱਟ ਨਿਕਲਿਆ, "ਗੋਲਡਨ ਟੈਂਪਲ?"

"ਓ ਹਾਂ-ਹਾਂ, ਬਹੁਤ ਸੋਹਣਾ ਹੈ। ਪਰ ਸੱਭ ਤੋਂ ਵੱਧ ਮੈਨੂੰ ਇੰਡੀਆ ਦੇ ਲੋਕ ਚੰਗੇ ਲੱਗਦੇ ਆ। ਬਹੁਤ ਮਿਲਣਸਾਰ ਐ," ਆਖ ਕੇ ਉਹ ਟਿਕਟਿਕੀ ਲਗਾ ਕੇ ਮੇਰੇ ਵੱਲ ਵੇਖਣ ਲੱਗੀ। ਮੈਂ ਤਿਰਛੀ ਨਜ਼ਰ ਨਾਲ ਉਸ ਵੱਲ ਵੇਖਿਆ। 'ਜਿਉਂਦੀ ਰਹਿ ਕੁੜੀਏ,' ਮੈਂ ਚਿੱਤ 'ਚ ਹੀ ਕਿਹਾ ਅਤੇ ਉਸ ਵੱਲ ਝਾਕਿਆ। ਉਹ ਮੁਸਕਰਾਈ। ਮੇਰਾ ਅੰਦਰ ਖਿੜ ਗਿਆ। ਉਸ ਨੇ ਚਹਿਕ ਕੇ ਕਿਹਾ, " ਵੇਖ, ਕਿੰਨਾ ਸੋਹਣਾ ਦਿਨ ਹੈ।"

"ਹਾਂ, ਐਤਕੀਂ ਬਹੁਤ ਮੀਂਹ ਪਏ ਆ। ਬਹੁਤ ਦਿਨਾਂ ਬਾਅਦ ਧੁੱਪ ਨਿਕਲੀ ਹੈ। ਪਰ ਜਦੋਂ ਚੰਗਾ ਮੌਸਮ ਆਇਐ ਤੂੰ ਏਅਰਪੋਰਟ ਵੱਲ ਜਾ ਰਹੀ ਹੈਂ, ਸ਼ਹਿਰ ਤੋਂ ਦੂਰ ਜਾਣ ਲਈ।"

"ਹਾਂ, ਮੈਂ ਜਾਣਦੀ ਹਾਂ। ਮੈਂ ਟਰਾਂਟੋ ਚੱਲੀ ਹਾਂ। ਉੱਥੇ ਮੀਂਹ ਪੈ ਰਿਹਾ ਹੈ। ਏਸ ਧੁੱਪ ਨੂੰ ਰੋਕ ਕੇ ਰੱਖੀਂ। ਮੈਂ ਦੋ ਕੁ ਦਿਨਾਂ 'ਚ ਮੁੜ ਆਉਣੈ," ਆਖ ਕੇ ਉਹ ਹੱਸੀ।

"ਮੈਂ ਪੂਰੀ ਕੋਸ਼ਿਸ਼ ਕਰਾਂਗਾ। ਬਹੁਤ ਛੋਟਾ ਟ੍ਰਿੱਪ ਹੈ ਤੇਰਾ?"

"ਹਾਂ, ਮੈਂ ਲੌਂਗ ਵੀਕਐਂਡ ਕਰ ਕੇ ਚੱਲੀ ਹਾਂ ਆਪਣੇ ਪਰਿਵਾਰ ਕੋਲ।

ਈਸਟਰ ਮਨਾਉਣ।—ਤੇ ਤੂੰ ਕਿਵੇਂ ਈਸਟਰ ਮਨਾ ਰਿਹਾ ਹੈਂ?"

"ਕੰਮ ਕਰਕੇ," ਆਖ ਕੇ ਮੈਂ ਹੱਸਿਆ।

"ਆਹ! ਤੁਸੀਂ ਲੋਕ ਬਹੁਤ ਮੇਹਨਤੀ ਓਂ। ਪਰ ਤੁਹਾਨੂੰ ਆਪਣੇ ਪਰਿਵਾਰਾਂ ਨਾਲ ਵੀ ਸਮਾਂ ਬਿਤਾਉਣਾ ਚਾਹੀਦੈ।"

"ਮੈਂ ਤਾਂ ਐਵੇਂ ਮਜ਼ਾਕ ਕਰਦਾ ਸੀ। ਕੱਲ੍ਹ ਨੂੰ ਮੈਂ ਛੁੱਟੀ ਕਰਨੀ ਹੈ ਤੇ ਅੱਜ ਵੀ ਸਵੇਰੇ-ਸਵੇਰੇ ਹੀ ਕੰਮ ਕਰਨਾ ਹੈ। ਫਿਰ ਸਾਡੀ ਵਿਸਾਖੀ ਪ੍ਰੇਡ ਹੈ। ਉੱਥੇ ਜਾਣਾ ਹੈ," ਮੈਂ ਛੁੱਟੀ ਕਰਨ ਬਾਰੇ ਗੱਪ ਮਾਰ ਦਿੱਤੀ।

"ਓਹ ਅੱਛਾ, ਤਾਂ ਅੱਜ ਵਿਸਾਖੀ ਪ੍ਰੇਡ ਹੈ? ਦੁਰਭਾਗ ਵੱਸ ਮੈਂ ਸਮੋਸੇ ਤੇ ਮੁਫ਼ਤ ਦਾ ਹੋਰ ਭੋਜਨ ਨਹੀਂ ਖਾ ਸਕਾਂਗੀ।" ਮੈਨੂੰ ਲੱਗਾ ਜਿਵੇਂ ਉਸ ਦੇ ਚੇਹਰੇ 'ਤੇ ਵਿਸਾਖੀ ਪ੍ਰੇਡ ਵਿੱਚ ਸ਼ਾਮਿਲ ਨਾ ਹੋ ਸਕਣ ਦਾ ਪਛਤਾਵਾ ਹੋਵੇ। ਉਹ ਫਿਰ ਬੋਲੀ, " ਤੁਸੀਂ ਬਹੁਤ ਦਿਆਲੂ ਲੋਕ ਹੋ। ਮੈਂ ਪੜ੍ਹਾਈ ਤੋਂ ਥੋੜ੍ਹਾ ਧਿਆਨ ਪਾਸੇ ਕਰਨਾ ਚਾਹੁੰਦੀ ਸੀ ਇਸ ਕਰ ਕੇ ਜਾ ਰਹੀ ਹਾਂ। ਜੇ ਮੈਨੂੰ ਵਿਸਾਖੀ ਪ੍ਰੇਡ ਦਾ ਪਤਾ ਹੁੰਦਾ ਤਾਂ ਸ਼ਾਇਦ ਮੈਂ ਨਾ ਹੀ ਜਾਂਦੀ।"

ਮੈਂ ਟੈਕਸੀ ਬਰਾਡਵੇ ਤੋਂ ਗਰੈਨਵਿਲ 'ਤੇ ਪਾ ਲਈ। ਟ੍ਰੈਫ਼ਿਕ ਨਾਂ-ਮਾਤਰ ਹੀ ਸੀ।

"ਅੱਛਾ ਤਾਂ ਇੱਥੇ ਵੈਨਕੂਵਰ ਤੂੰ ਪੜ੍ਹਾਈ ਕਰਨ ਹੀ ਆਈ ਹੋਈ ਹੈਂ? ਕਾਹਦੀ ਪੜ੍ਹਾਈ ਕਰਦੀ ਹੈਂ?"

"ਮੈਂ ਯੂ ਬੀ ਸੀ 'ਚ ਮੈਡੀਸਨ ਪੜ੍ਹਦੀ ਹਾਂ।"

"ਡਾਕਟਰ ਬਣੇਂਗੀ?"

"ਕੋਸ਼ਿਸ਼ ਕਰ ਰਹੀ ਹਾਂ।"

"ਤੇਰੇ ਮਾਪਿਆਂ ਨੂੰ ਤਾਂ ਤੇਰੇ 'ਤੇ ਬਹੁਤ ਮਾਣ ਹੋਵੇਗਾ?"

ਉਹ ਮੁਸਕਰਾਈ। ਮੈਂ ਸੋਚਿਆ ਕਿ ਕਿੰਨੀ ਲਾਇਕ ਕੁੜੀ ਹੈ। ਕਿਤੇ ਮੇਰੇ ਬੱਚੇ ਵੀ ਇਸ ਤਰ੍ਹਾਂ ਦੇ ਸਿਆਣੇ ਤੇ ਹੁਸ਼ਿਆਰ ਨਿਕਲਣ।

"ਤੇਰੇ ਮਾਂ-ਬਾਪ ਕੀ ਕਰਦੇ ਹਨ?" ਉਸ ਨੇ ਸਪਾਟ ਚੇਹਰੇ ਨਾਲ ਮੇਰੇ ਵੱਲ ਵੇਖਿਆ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਮੈਨੂੰ ਇਹ ਨਿੱਜੀ ਸਵਾਲ ਨਹੀਂ ਸੀ ਪੁੱਛਣਾ ਚਾਹੀਦਾ। ਮੈਂ ਹਾਲੇ ਅਨੈਤਿਕ ਪ੍ਰਸ਼ਨ ਲਈ ਮੁਆਫੀ ਮੰਗਣ ਬਾਰੇ ਸੋਚ ਹੀ ਰਿਹਾ ਸੀ ਕਿ ਉਹ ਬੋਲੀ, "ਮੇਰੇ ਪਿਤਾ ਦਾ ਆਪਣਾ ਕਾਰੋਬਾਰ ਹੈ।" ਆਖ ਕੇ ਉਹ ਬਾਹਰ ਵੱਲ ਵੇਖਣ ਲੱਗੀ। ਮੇਰਾ ਜੀਅ ਕੀਤਾ ਕਿ ਪੁੱਛਾਂ ਕਿ ਤੇਰੀ ਮਾ ਕੀ ਕਰਦੀ ਹੈ? ਪਰ ਮੈਂ ਪੁੱਛਿਆ ਨਹੀਂ। ਸੋਚਿਆ ਕਿ ਤਲਾਕਸ਼ੁਦਾ ਮਾਪਿਆ ਦੀ ਸੰਤਾਨ ਹੋਵੇਗੀ ਨਹੀਂ ਤਾਂ ਮਾਂ ਬਾਰੇ ਵੀ ਦੱਸਦੀ। ਮੈਂ ਪੁੱਛਿਆ, "ਤੇਰੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੰਦੇ ਹੋਣਗੇ ਜਦ ਤੂੰ ਛੋਟੀ ਸੀ?"

ਮੈਂ ਉਸ ਦੀ ਪ੍ਰਸ਼ਨਸੂਚਕ ਤੱਕਣੀ ਵੱਲ ਵੇਖ ਕੇ ਸੋਚਿਆ ਕਿ ਉਸ ਨੂੰ ਮੇਰੇ ਸਵਾਲ ਦੀ ਸਮਝ ਨਹੀਂ ਸੀ ਲੱਗੀ। ਮੈਂ ਆਪਣੇ ਪ੍ਰਸ਼ਨ ਨੂੰ ਵਿਸਥਾਰ ਦਿੰਦਿਆਂ ਕਿਹਾ, "ਮੇਰਾ ਮਤਲਬ ਜਦੋਂ ਤੂੰ ਤੀਜੇ-ਚੌਥੇ ਗ੍ਰੇਡ ਵਿੱਚ ਸੀ, ਤਾਂ ਤੇਰੇ ਮਾਪੇ ਤੈਨੂੰ ਹੋਮ ਵਰਕ ਕਰਾਉਂਦੇ ਹੋਣਗੇ? ਜਾਂ ਸਕੂਲ ਤੋਂ ਬਿਨਾਂ ਤੈਨੂੰ ਉਨ੍ਹਾਂ ਨੇ ਕਿਹੜੀਆਂ ਗਤੀਵਿਧੀਆਂ 'ਚ ਪਾਇਆ ਹੋਇਆ ਸੀ?"

"ਪਰ ਤੂੰ ਕਿਓਂ ਇਹ ਪੁੱਛ ਰਿਹਾ ਹੈਂ?"

"ਕਿਓਂ ਕਿ ਮੇਰੀ ਬੇਟੀ ਤੀਜੇ ਗ੍ਰੇਡ ਵਿੱਚ ਹੈ ਤੇ ਬੇਟਾ ਪਹਿਲੇ 'ਚ। ਮੈਂ ਚਾਹੁੰਨੈਂ ਕਿ ਉਹ ਵੀ ਤੇਰੇ ਵਾਂਗ ਬਹੁਤ ਪੜ੍ਹਨ।"

"ਓਹ," ਆਖ ਕੇ ਉਹ ਬਾਹਰ ਵੱਲ ਵੇਖਣ ਲੱਗੀ।

ਟੈਕਸੀ ਆਰਥਰਲੇਂਗ ਬ੍ਰਿੱਜ ਪਾਰ ਕਰ ਚੁੱਕੀ ਸੀ। ਮੈਥੋਂ ਉਸ ਦੀ ਚੁੱਪ ਬਰਦਾਸ਼ਤ ਨਹੀਂ ਸੀ ਹੋ ਰਹੀ। ਮੈਂ ਚਾਹੁੰਦਾ ਸੀ ਕਿ ਟੈਕਸੀ ਦੇ ਟਰਮੀਨਲ 'ਤੇ ਪਹੁੰਚਣ ਤੋਂ ਪਹਿਲਾਂ-ਪਹਿਲਾਂ ਉਹ ਮੈਨੂੰ ਗਿੱਦੜਸਿੰਗੀ ਦੇ ਦੇਵੇ। ਉਹ ਬੋਲੀ, " ਉਨ੍ਹਾਂ ਨੂੰ ਸਮਾਜਿਕ ਗਤੀਵਿਧਿਆਂ ਵਿੱਚ ਰੁਝਾਈ ਰੱਖਿਆ ਕਰ। ਖੇਡਾਂ ਵਿੱਚ ਪਾਇਆ ਕਰ ਤੇ ਸਭ ਤੋਂ ਜ਼ਿਆਦਾ ਮਹੱਤਵਪੂਰਨ ਗੱਲ ਕਿ ਉਨ੍ਹਾਂ ਨਾਲ ਸਮਾਂ ਬਿਤਾਇਆ ਕਰ। ਚਿੰਤਾ ਨਾ ਕਰ ਉਹ ਵਧੀਆ ਪੜ੍ਹਨਗੇ।" ਇਹ ਆਖ ਕੇ ਉਹ ਫਿਰ ਬਾਹਰ ਵੱਲ ਵੇਖਣ ਲੱਗੀ।

ਟੈਕਸੀ ਘਰੇਲੂ ਉਡਾਣ ਵਾਲੇ ਟਰਮੀਨਲ 'ਤੇ ਪਹੁੰਚ ਗਈ ਸੀ। ਮੀਟਰ ਉੱਪਰ ਬਾਈ ਡਾਲਰ ਤੇ ਪੈਂਹਠ ਸੈਂਟ ਚੱਲ ਚੁੱਕੇ ਸਨ। ਉਸ ਨੇ ਆਪਣਾ ਪਰਸ ਖੋਲ੍ਹਿਆ। ਦੋ-ਤਿੰਨ ਜੇਬਾਂ ਵਿੱਚ ਕਾਹਲੀ-ਕਾਹਲੀ ਹੱਥ ਮਾਰਿਆ, ਫਿਰ ਬੋਲੀ, "ਓ ਮਾਈ ਗਾਡ,ਓ ਮਾਈ ਗਾਡ ,ਮੈਂ ਤਾਂ ਆਪਣਾ ਕਰੈਡਿਟ ਕਾਰਡ ਦੂਜੇ ਪਰਸ ਵਿੱਚ ਭੁੱਲ ਆਈ।ਹੁਣ ਕੀ ਕਰਾਂਗੀ?" ਉਹ ਹਾਲੇ ਵੀ ਪਰਸ ਫਰੋਲ ਰਹੀ ਸੀ। ਉਹ ਉਸੇ ਤਰ੍ਹਾਂ ਪਰਸ ਵਿੱਚ ਉਂਗਲਾਂ ਫੇਰਦੀ ਬੋਲੀ, " ਮੈਂ ਤੈਨੂੰ ਆਪਣਾ ਫੋਨ ਨੰਬਰ ਦੇ ਦਿੰਦੀ ਹਾਂ। ਸੋਮਵਾਰ ਨੂੰ ਮੈਂ ਮੁੜ ਆਉਣਾ ਹੈ। ਤੈਨੂੰ ਪਤਾ ਤਾਂ ਹੈ ਕਿ ਮੈਂ ਕਿੱਥੇ ਰਹਿੰਦੀ ਹਾਂ। ਉਸ ਦਿਨ ਮੈਥੋਂ ਪੈਸੇ ਲੈ ਜਾਵੀਂ। ਤੂੰ ਇਸ ਤਰ੍ਹਾਂ ਕਰ ਸਕਦੈਂ,ਪਲੀਜ਼?" ਉਸਦੀ ਆਵਾਜ਼ ਵਿੱਚ ਤਰਲਾ ਸੀ।

"ਕੋਈ ਗੱਲ ਨਹੀਂ," ਆਖ ਕੇ ਮੈਂ ਉਸ ਨੂੰ ਪੈੱਨ ਅਤੇ ਕਾਗਜ਼ ਫੋਨ ਨੰਬਰ ਲਿਖ ਕੇ ਦੇਣ ਲਈ ਦੇ ਦਿੱਤਾ। ਫੋਨ ਨੰਬਰ ਲਿਖਦੀ ਉਹ ਬੋਲੀ, "ਮੇਰੇ ਕੋਲ ਤਾਂ ਏਅਰਪੋਰਟ ਫੀਸ ਦੇਣ ਲਈ ਵੀ ਪੈਸੇ ਨਹੀਂ ਹਨ।"

"ਚਿੰਤਾ ਨਾ ਕਰ। ਹੁਣ ਇਹ ਫੀਸ ਏਅਰਪੋਰਟ 'ਤੇ ਨਹੀਂ ਲੈਂਦੇ। ਪਹਿਲਾਂ ਹੀ ਟਿਕਟ ਨਾਲ ਲੈ ਲੈਂਦੇ ਹਨ," ਮੈਂ ਦੱਸਿਆ।

"ਪਰ ਮੈਨੂੰ ਰਾਹ ਵਿੱਚ ਲੋੜ ਪੈ ਸਕਦੀ ਹੈ। ਟਰਾਂਟੋ ਪਹੁੰਚ ਕੇ ਮੇਰੇ ਕੋਲ ਟੈਕਸੀ ਜਾਂ ਬੱਸ ਦਾ ਕਰਾਇਆ ਵੀ ਨਹੀਂ।" ਫਿਰ ਥੋੜ੍ਹਾ ਕੁ ਰੁਕ ਕੇ ਬੋਲੀ, "ਤੂੰ ਮੈਨੂੰ ਪੰਜਾਹ ਡਾਲਰ ਉਧਾਰੇ ਦੇ ਸਕਦੈਂ, ਪਲੀਜ਼।"

ਮੈਂ ਮਿੰਟ ਕੁ ਹਿਚਕਚਾਇਆ। ਪੰਜਾਹ ਡਾਲਰ ਤਾਂ ਮੈਂ ਹਾਲੇ ਕਮਾਏ ਵੀ ਨਹੀਂ ਸੀ। ਮੈਂ ਉਸ ਨੂੰ ਵੀਹ ਡਾਲਰ ਦੇ ਦਿੱਤੇ। "ਤੇਰਾ ਬਹੁਤ-ਬਹੁਤ ਧੰਨਵਾਦ। ਤੁਸੀਂ ਲੋਕ ਬਹੁਤ ਦਿਆਲੂ ਓਂ," ਆਖ ਕੇ ਉਸ ਨੇ ਮੇਰਾ ਹੱਥ ਘੁੱਟਿਆ ਫਿਰ ਫੋਨ ਨੰਬਰ ਵਾਲੀ ਪਰਚੀ ਫੜਾਉਂਦੀ ਹੋਈ ਬੋਲੀ, "ਮੇਰਾ ਨਾਂ ਕ੍ਰਿਸਟਲ ਹੈ। ਸੋਮਵਾਰ ਸ਼ਾਮ ਨੂੰ ਮੈਥੋਂ ਆਪਣੇ ਪੈਸੇ ਲੈ ਜਾਵੀਂ।"

"ਫਿਕਰ ਨਾ ਕਰ, ਆਪਣੇ ਟ੍ਰਿੱਪ ਦਾ ਆਨੰਦ ਮਾਣ," ਆਖਦਿਆਂ ਮੈਂ ਉਸ ਦਾ ਅਟੈਚੀ ਟੈਕਸੀ 'ਚੋਂ ਬਾਹਰ ਕੱਢ ਕੇ ਉਸ ਨੂੰ ਫੜਾ ਦਿੱਤਾ। ਉਹ ਉਂਗਲਾਂ ਨਚਾ ਕੇ 'ਬਾਏ' ਕਹਿੰਦੀ ਹੋਈ ਏਅਰਪੋਰਟ ਦੇ ਅੰਦਰ ਚਲੀ ਗਈ।

ਮੈਨੂੰ ਆਪਣਾ-ਆਪ ਚੰਗਾ-ਚੰਗਾ ਲੱਗਣ ਲੱਗਾ ਜਿਵੇਂ ਕਿਸੇ ਨੇਕ ਕੰਮ ਕਰਨ ਤੋਂ ਬਾਅਦ ਮਹਿਸੂਸ ਹੁੰਦਾ ਹੈ। ਉਸ ਨਾਲ ਕੀਤੀਆਂ ਗੱਲਾਂ ਨੂੰ ਮੈਂ ਆਪਣੇ ਅੰਦਰ ਰਿੜਕਣ ਲੱਗਾ। ਉਸ ਵੱਲੋਂ ਦਿੱਤੀ ਸਲਾਹ ਕਿ 'ਬੱਚਿਆਂ ਨਾਲ ਹੋਰ ਸਮਾਂ ਬਤਾਉਣਾ ਚਾਹੀਦਾ ਹੈ' ਮੈਨੂੰ ਚੰਗੀ ਲੱਗੀ। 'ਇਕ-ਅੱਧਾ ਟ੍ਰੈਂਪ ਹੋਰ ਲਾ ਕੇ ਚੱਲਦੇ ਆਂ ਘਰ,' ਸੋਚਦਾ ਮੈਂ ਏਅਰਪੋਰਟ ਤੋਂ ਵਾਪਸ ਆ ਗਿਆ। ਟੈਕਸੀ 'ਹਾਸਪੀਟਲ ਸਟੈਂਡ' 'ਤੇ ਲਾ ਕੇ ਮੈਂ ਜੇਬ ਵਿੱਚ ਹੱਥ ਮਾਰਿਆ। ਕ੍ਰਿਸਟਲ ਵੱਲੋਂ ਦਿੱਤੀ ਪਰਚੀ ਬਾਹਰ ਕੱਢੀ ਅਤੇ ਨੰਬਰ ਨੂੰ ਆਪਣੇ ਸੈੱਲ ਫੋਨ ਵਿੱਚ ਭਰਨ ਲਈ ਉਹ ਨੰਬਰ ਮਿਲਾ ਲਿਆ। ਅੱਗੋਂ ਪਹਿਲੀ ਘੰਟੀ 'ਤੇ ਹੀ ਕਨੇਡਾ ਪੋਸਟ ਦੀ ਇਮਪਲਾਏਮਿੰਟ ਲਾਈਨ ਬੋਲ ਪਈ। ਮੈਂ ਨੰਬਰ ਦੁਬਾਰਾ ਮਿਲਾਇਆ, ਫਿਰ ਉਹੀ ਸੁਨੇਹਾ। ਮੈਂ ਨੰਬਰਾਂ ਨੂੰ ਅੱਗੇ-ਪਿੱਛੇ ਕਰ ਕੇ ਕੋਸ਼ਿਸ਼ ਕੀਤੀ ਪਰ ਕੋਈ ਵੀ ਨੰਬਰ ਠੀਕ ਨਹੀਂ ਮਿਲਿਆ। 'ਹੋ ਗਿਆ ਕੰਮ,' ਮੈਨੂੰ ਥੋੜ੍ਹੀ ਜਿਹੀ ਸ਼ੱਕ ਪਈ। ਫਿਰ ਸੋਚਿਆ ਕਿ ਉਹ ਲਗਦੀ ਤਾਂ ਨਹੀਂ ਸੀ ਐਹੋ-ਜਿਹੀ, ਘਬਰਾਹਟ ਵਿੱਚ ਗਲਤ ਨੰਬਰ ਲਿਖ ਗਈ ਹੋਵੇਗੀ। ਪਰ ਸ਼ੱਕ ਦੂਰ ਨਾ ਹੋਇਆ। ਮੈਂ ਕੰਮਪਿਊਟਰ ਵਿੱਚੋਂ ਕ੍ਰਿਸਟਲ ਦੇ ਟ੍ਰਿੱਪ ਵਾਲਾ ਐਡਰੈੱਸ ਕੱਢਿਆ ਅਤੇ ਸੋਚਿਆ ਕਿ ਆਪਣਾ ਸ਼ੱਕ ਦੂਰ ਕਰ ਹੀ ਲਵਾਂ। ਉਸ ਪਤੇ 'ਤੇ ਪਹੁੰਚ ਕੇ ਜਦ ਮੈਂ ਸੁਈਟ ਨੰਬਰ ਵਾਲੀ ਲਿਸਟ ਵੇਖੀ ਤਾਂ ਉਸ ਲਿਸਟ ਵਿੱਚ ਉਹ ਸੁਈਟ ਨੰਬਰ ਹੀ ਨਹੀਂ ਸੀ। ਮੈਨੂੰ ਕ੍ਰਿਸਟਲ ਦੇ ਬਾਹਰ ਆ ਕੇ ਖੜ੍ਹਨ ਦੀ ਸਮਝ ਆਉਣ ਲੱਗੀ।

"ਲਾ ਗਈ ਲੋਦਾ!" ਮੇਰੇ ਮੂੰਹੋਂ ਨਿਕਲਿਆ।

# ਨਵਾਂ ਸਾਲ

"ਨਿਊ ਯੀਅਰ ਈਵ ਨੂੰ ਤੈਨੂੰ ਕੌਣ ਦੇ ਦੇਊ ਟੈਕਸੀ ਚਲਾਉਣ ਨੂੰ!" ਭੋਲਾ ਬੋਲਿਆ।

"ਕੋਈ ਨਾ ਦੇਵੇ, ਤੂੰ ਦੇਦੀਂ," ਮੈਂ ਫਿਰ ਉਸ ਨੂੰ ਛੇੜਿਆ।

"ਮੈਂ ਤਾਂ ਸਗੋਂ ਤੈਨੂੰ ਫੋਨ ਮਾਰਨਾ ਸੀ ਬਈ ਓਸ ਦਿਨ ਜਦੋਂ ਮੈਨੂੰ ਵਾਸ਼ਰੂਮ ਵਗੈਰਾ ਜਾਣਾ ਪਵੇ ਮੇਰੀ ਥਾਂ ਤੂੰ ਈ ਜਾ ਆਈਂ। ਮੈਨੂੰ ਤਾਂ ਓਦਣ ਟੈਮ ਨੀ ਮਿਲਣਾ।" ਫਿਰ ਉਹ ਥੋੜ੍ਹਾ ਰੁਕ ਕੇ ਬੋਲਿਆ, "ਉਡੀਕਦਿਆਂ ਨੂੰ ਮਸਾਂ ਤਾਂ ਇਹ ਰਾਤ ਆਉਂਦੀ ਆ। ਤੈਨੂੰ ਟੈਕਸੀ ਦੇ ਕੇ ਮੈਂ ਗੁਰਦਆਰੇ ਜਾ ਵੜਾਂ!"

"ਕਿਉਂ ਮੋਕ ਮਾਰਦੈਂ , ਮੈਂ ਤਾਂ ਐਵੇਂ ਛੇੜਦਾ ਸੀ," ਮੈਂ ਕਿਹਾ।

"ਤੇਰਾ ਖਿਆਲ ਐ ਮੈਨੂੰ ਪਤਾ ਨੀ? ਤੂੰ ਕਿੱਧਰੋਂ ਆ ਗਿਆ ਰਾਤ ਨੂੰ ਚਲਾਉਣ ਆਲਾ ! ਅੱਠ ਵਜੇ ਤਾਂ ਤੂੰ ਬਿਸਤਰੇ 'ਚ ਵੜ ਜਾਨੈ। ਨਾਲੇ ਸ਼ਰਾਬੀਆਂ ਨਾਲ ਨਜਿੱਠਣ ਲਈ ਦਮ ਚਾਹੀਦੈ," ਆਖ ਕੇ ਭੋਲਾ ਮਿੰਨ੍ਹਾਂ ਜਿਹਾ ਹੱਸਿਆ।

" ਚੰਗਾ-ਚੰਗਾ। ਪਹਿਲੀ ਤਰੀਕ ਨੂੰ ਦਿਨ ਦੀ ਲੱਭਦੀਂ ਕੋਈ।"

ਕਦੇ-ਕਦੇ ਜਦੋਂ ਮੈਂ ਟੈਕਸੀ ਚਲਾਉਣੀ ਹੋਵੇ , ਮੈਂ ਆਪਣੇ ਮਿੱਤਰ ਭੋਲੇ ਨੂੰ ਟੈਕਸੀ ਲੱਭਣ ਲਈ ਆਖ ਦਿੰਦਾ ਹਾਂ। ਉਹ ਪੱਕਾ ਹੀ ਰਾਤ ਦੀ ਸ਼ਿਫਟ ਚਲਾਉਂਦਾ ਹੈ। 31 ਦਸੰਬਰ ਦੀ ਰਾਤ ਟੈਕਸੀ ਡਰਾਈਵਰਾਂ ਲਈ ਸਭ ਤੋਂ ਜ਼ਿਆਦਾ ਕਮਾਈ ਵਾਲੀ ਹੁੰਦੀ ਹੈ। ਉਸ ਰਾਤ ਲੋਕ ਨਵੇਂ ਸਾਲ ਨੂੰ ਜੀਅ ਆਇਆਂ ਆਖਣ ਲਈ ਆਪਣੇ ਪਰਿਵਾਰਾਂ, ਦੋਸਤਾਂ ਤੇ ਨਜ਼ਦੀਕੀਆਂ ਨਾਲ ਪਾਰਟੀਆਂ ਕਰਦੇ ਹਨ। ਤੇ ਬਾਰਾਂ ਵੱਜਣ ਦੀ ਉਡੀਕ ਕਰਦੇ ਹਨ ਤਾਂ ਕਿ ਰਲ-ਮਿਲ ਕੇ ਨਵੇਂ ਸਾਲ ਨੂੰ ਜੀਅ ਆਇਆਂ ਆਖ ਸਕਣ। ਸ਼ਰਾਬ ਦੀ ਵਰਤੋਂ ਵੀ ਸ਼ਾਇਦ ਇਸ ਰਾਤ ਸਭ ਤੋਂ ਜ਼ਿਆਦਾ ਹੁੰਦੀ ਹੋਵੇ। ਲੋਕ ਜਸ਼ਨ ਦੇ ਮੂਡ ਵਿਚ ਹੁੰਦੇ ਹਨ। ਵੈਨਕੂਵਰ ਇਲਾਕੇ ਵਿਚ ਉਸ ਸ਼ਾਮ ਸਰਕਾਰ ਬੱਸਾਂ ਅਤੇ ਸਕਾਈਟ੍ਰੇਨ ਦੀ ਸਵਾਰੀ ਵੀ ਮੁਫ਼ਤ ਕਰ ਦਿੰਦੀ ਹੈ। ਪਰ ਫਿਰ ਵੀ ਲੋਕਾਂ ਦੇ ਹਜੂਮ ਨੂੰ ਸਾਂਭਣ ਲਈ ਉਸ ਰਾਤ ਟੈਕਸੀਆਂ ਪੂਰੀਆਂ ਨਹੀਂ ਪੈਂਦੀਆਂ। ਲੋਕ ਸੜਕਾਂ ਦੇ ਆਸੇ-ਪਾਸੇ ਖੜ੍ਹੇ ਟੈਕਸੀਆਂ ਨੂੰ ਰੋਕਣ ਲਈ ਇਕ-ਦੂਜੇ ਤੋਂ ਮੂਹਰੇ ਹੋ ਹੋ ਕੇ ਹੱਥ ਹਿਲਾਉਂਦੇ ਹਨ। ਤੇ ਜਦੋਂ ਟੈਕਸੀ ਮਿਲ ਜਾਂਦੀ ਹੈ ਤਾਂ ਬਹੁਤੇ ਲੋਕ ਟੈਕਸੀ ਰੋਕਣ ਲਈ ਡਰਾਈਵਰ ਦਾ ਧੰਨਵਾਦ ਕਰਦੇ

ਹਨ। ਵਾਰ-ਵਾਰ 'ਹੈਪੀ ਨਿਊ ਯੀਅਰ' ਦੀਆਂ ਆਵਾਜ਼ਾਂ ਕੰਨਾਂ ਵਿਚ ਰਸ ਘੋਲਦੀਆਂ ਹਨ। ਡਾਲਰਾਂ ਦੇ ਨਾਲ ਨਾਲ ਇਸ ਰਸ ਖਾਤਰ ਮੈਨੂੰ ਪਹਿਲੀ ਜਨਵਰੀ ਨੂੰ ਟੈਕਸੀ ਚਲਾਉਣੀ ਚੰਗੀ ਲੱਗਦੀ ਹੈ।

ਟੈਕਸੀ ਦਾ ਬੰਦੋਬਸਤ ਕਰਕੇ ਅਗਲੇ ਦਿਨ ਹੀ ਭੋਲੇ ਨੇ ਫੋਨ ਕਰ ਦਿੱਤਾ। ਉਹ ਬੋਲਿਆ, " ਤਿੰਨ ਤੋਂ ਤਿੰਨ ਵਜੇ ਦੀ ਕਾਰ ਐ। ਟੈਮ ਨਾਲ ਲੱਗਜੀਂ ਜਾ ਕੇ।"

"ਚਾਰ ਵਜੇ ਆਲੀ ਨੀ ਸੀ ਮਿਲਦੀ। ਤਿੰਨ ਸੰਦੇਹਾਂ ਨੀ ਥੋੜ੍ਹਾ ਜਿਹਾ।"

"ਮੈਂ ਮਸਾਂ ਤਿੰਨ ਆਲੀ ਲੱਭਕੇ ਦਿੱਤੀ ਆ। ਓਹੀ ਟੈਮ ਤਾਂ ਕਮਾਈ ਦਾ ਹੁੰਦੈ। ਛੇ-ਸੱਤ ਵਜੇ ਤੋਂ ਬਆਦ 'ਚ ਤਾਂ ਵਾਜਾ ਵੱਜ ਜਾਂਦੈ। ਲੋਕ ਘਰੀਂ ਜਾ ਕੇ ਸੌਂ ਜਾਂਦੇ ਆ। ਫੇਰ ਓਥੇ ਕੀ ਹੁੰਦੈ ।"

"ਚੱਲ ਠੀਕ ਐ।"

"ਪਹੁੰਚ ਜੀਂ ਟੈਮ ਨਾਲ। ਮੈਂ ਰਾਤ ਆਲੇ ਡਰੈਵਰ ਨੂੰ ਵੀ ਆਖ ਦੇਊਂ ਬਈ ਟੈਮ ਨਾਲ ਆਜੇ।"

ਕਈ ਡਰਾਈਵਰ ਸਾਰੀ ਰਾਤ ਲਾ ਕੇ ਵੀ ਅਗਲੀ ਸਵੇਰ ਵੇਲੇ ਸਿਰ ਦਿਨ ਵਾਲੇ ਡਰਾਈਵਰ ਨੂੰ ਟੈਕਸੀ ਨਹੀਂ ਦਿੰਦੇ। ਦਿਨ ਵਾਲੇ ਡਰਾਈਵਰ ਫੋਨ ਕਰ ਕਰ ਕੇ ਜਾਂ ਡਿਸਪੈਚਰ ਰਾਹੀਂ ਪਹਿਲਾਂ ਹੀ ਰਾਤ ਵਾਲਿਆਂ ਨੂੰ ਤਾਕੀਦਾਂ ਕਰਨ ਲੱਗ ਜਾਂਦੇ ਹਨ ਕਿ ਵੇਲੇ ਸਿਰ ਪਹੁੰਚ ਜਾਣ। ਰਾਤ ਵਾਲੇ ਸਮੇਂ ਦਾ ਖਿਆਲ ਭੁੱਲ ਜਾਂਦੇ ਹੋਣਗੇ ਜਾਂ ਹੋਰ-ਹੋਰ ਦੇ ਲਾਲਚ ਵਿਚ ਫਸ ਜਾਂਦੇ ਹੋਣਗੇ। ਦਿਨ ਵਾਲਿਆਂ ਨੂੰ ਤਾਂਘ ਹੁੰਦੀ ਹੈ ਕਿ ਕਦੋਂ ਟੈਕਸੀ ਆਵੇ ਤੇ ਕਦੋਂ ਉਹ ਬਾਕੀ ਬਚਦੇ ਦੋ-ਤਿੰਨ 'ਬਿਜ਼ੀ' ਘੰਟਿਆਂ ਦਾ ਲਾਭ ਉਠਾਉਣ। ਇਸ ਖਾਤਰ ਹੀ ਉਹ ਸਵੇਰੇ ਕੱਚੀ ਨੀਂਦੋਂ ਜਾਗ ਕੇ ਆਏ ਹੁੰਦੇ ਹਨ। ਪਿਛਲੀ ਰਾਤ ਵੀ ਉਨ੍ਹਾਂ 'ਚੋਂ ਬਹੁਤੇ ਪਰਿਵਾਰ ਨਾਲ ਨਵੇਂ ਸਾਲ ਦੇ ਜਸ਼ਨ ਵਿਚ ਸ਼ਾਮਿਲ ਨਹੀਂ ਹੋਏ ਹੁੰਦੇ। ਸਵੱਖਤੇ ਜੋ ਉੱਠਣਾਂ ਹੁੰਦਾ ਹੈ। ਅਜੇਹੇ ਹਾਲਾਤ ਵਿਚ ਜੇ ਉਨ੍ਹਾਂ ਨੂੰ ਸਮੇਂ ਸਿਰ ਪਹੁੰਚ ਕੇ ਵੀ ਉਡੀਕ ਕਰਨੀ ਪੈ ਜਾਵੇ ਤਾਂ ਉਹੀ ਜਾਣਦੇ ਹਨ ਕਿ ਉਨ੍ਹਾਂ 'ਤੇ ਕੀ ਬੀਤਦੀ ਹੋਵੇਗੀ। ਮੈਂ ਉਡੀਕ ਦੀ ਇਸ ਡਾਢੀ ਔਖੀ ਘੜੀ ਤੋਂ ਬਚਣ ਲਈ ਫੈਸਲਾ ਕੀਤਾ ਕਿ ਸਾਢੇ ਕੁ ਤਿੰਨ ਵਜੇ ਕੰਮ ਸ਼ੁਰੂ ਕਰਾਂਗਾ। ਇਸ ਖਾਤਿਰ ਮੈਂ ਢਾਈ ਵਜੇ ਦਾ ਅਲਾਰਮ ਲਾ ਲਿਆ। ਬੱਚੇ ਚਾਹੁੰਦੇ ਸੀ ਕਿ ਬਾਰਾਂ ਵਜੇ ਤੱਕ ਟੀਵੀ ਦੇਖਿਆ ਜਾਵੇ। ਪਰ ਮੈਂ ਸਾਢੇ ਕੁ ਅੱਠ ਵਜੇ ਤੱਕ ਹੀ ਪਰਿਵਾਰ ਨਾਲ ਟੀ ਵੀ ਦੇਖਿਆ। ਫਿਰ ਉਨ੍ਹਾਂ 'ਚੋਂ ਉੱਠ ਕੇ ਬਿਸਤਰੇ 'ਚ ਜਾ ਵੜਿਆ। ਬਾਰ੍ਹਾਂ ਵਜੇ ਕਾਰਾਂ ਦੇ ਹਾਰਨ ਵੱਜਣ ਨਾਲ ਨੀਂਦ ਖੁੱਲ੍ਹ ਗਈ। ਫਿਰ ਚੰਗੀ ਤਰ੍ਹਾਂ ਨੀਂਦ ਨਹੀਂ ਆਈ। ਅਲਾਰਮ ਵੱਜਣ ਤੋਂ ਪਹਿਲਾਂ ਹੀ ਦੋ ਪੰਦਰਾਂ 'ਤੇ ਮੈਂ ਉੱਠ ਖਲੋਤਾ 'ਤੇ ਸਵਾ ਤਿੰਨ ਟੈਕਸੀ ਵਿਚ ਜਾ ਬੈਠਾ। ਮੈਂ ਸ਼ੁਕਰ ਕੀਤਾ ਕਿ ਮੈਨੂੰ ਰਾਤ ਵਾਲੇ ਡਰਾਈਵਰ ਦੀ ਉਡੀਕ ਨਹੀਂ ਸੀ ਕਰਨੀ ਪਈ। ਮੈਂ ਡਾਊਨ-ਟਾਊਨ ਵੱਲ ਚੱਲ ਪਿਆ। ਜੌਰਜੀਆ ਅਤੇ ਕੈਂਬੀ ਸਟਰੀਟ ਦੇ ਕੋਨੇ 'ਤੇ ਟੈਕਸੀ ਰੋਕੀ ਹੀ ਸੀ ਕਿ

ਕਈ ਜਣੇ ਟੈਕਸੀ ਵੱਲ ਅਹੁਲੇ। ਉਨ੍ਹਾਂ 'ਚੋਂ ਤਿੰਨ ਟੈਕਸੀ ਵਿਚ ਬੈਠ ਗਏ। ਜੌਰਜੀਆ ਸਟਰੀਟ ਤੇ ਸੈਂਕੜੇ ਹੀ ਲੋਕ ਟੈਕਸੀ ਲਈ ਹੱਥ ਹਿਲਾ ਰਹੇ ਸਨ। ਮੈਂ ਕਾਹਲਾ ਸੀ ਕਿ ਕਦੋਂ ਇਹ ਸਵਾਰੀਆਂ ਉੱਤਰਨ 'ਤੇ ਕਦੋਂ ਮੈਂ ਹੋਰ ਚੁੱਕਾਂ। ਪਰ ਉਹ ਹਾਲੇ ਨਵੇਂ ਸਾਲ ਦਾ ਜਸ਼ਨ ਮਨਾ ਰਹੇ ਸਨ। ਉਨ੍ਹਾਂ ਨੂੰ ਘਰ ਜਾਣ ਦੀ ਕਾਹਲ ਨਹੀਂ ਸੀ ਲੱਗਦੀ। ਉਨ੍ਹਾਂ ਨੇ ਜਿਹੜਾ ਪਤਾ ਦੱਸਿਆ ਸੀ, ਉਹ ਨਜ਼ਦੀਕ ਹੀ ਸੀ। ਉੱਥੇ ਪਹੁੰਚ ਉਨ੍ਹਾਂ 'ਚੋਂ ਇੱਕ ਨੇ ਘਰ ਅੰਦਰ ਜਾਣਾ ਸੀ। ਮੈਂ ਉਸ ਨੂੰ ਛੇਤੀ ਕਰਨ ਦੀ ਬੇਨਤੀ ਕੀਤੀ। 'ਬੱਸ ਗਿਆ ਤੇ ਆਇਆ' ਆਖ ਕੇ ਉਹ ਟੈਕਸੀ 'ਚੋਂ ਬਾਹਰ ਨਿਕਲ ਗਿਆ। ਉਸ ਨੇ ਘਰ ਅੰਦਰ ਦੋ-ਤਿੰਨ ਮਿੰਟ ਹੀ ਲਾਏ ਹੋਣਗੇ ਪਰ ਇਹ ਸਮਾਂ ਵੀ ਮੈਨੂੰ ਪਹਾੜ ਜਿੱਡਾ ਲੱਗਾ। ਮੇਰੇ ਦਿਮਾਗ ਵਿਚ ਟੈਕਸੀ ਲਈ ਹਿੱਲ ਰਹੇ ਹੱਥ ਕਾਹਲ ਮਚਾ ਰਹੇ ਸਨ। ਭਾਵੇਂ ਟੈਕਸੀ ਦਾ ਕਿਰਾਏ ਵਾਲਾ ਮੀਟਰ ਚੱਲ ਰਿਹਾ ਸੀ। ਪਰ ਖੜ੍ਹੀ ਟੈਕਸੀ 'ਚ ਉਸਦੀ ਰਫਤਾਰ ਬਹੁਤ ਹੀ ਹੌਲੀ ਹੋ ਜਾਂਦੀ ਹੈ। ਉਸ ਘਰ ਤੋਂ ਚੱਲ ਕੇ ਉਹ ਇੱਕ ਹੋਰ ਘਰ ਗਏ ਤੇ ਫਿਰ ਉਨ੍ਹਾਂ ਨੇ ਨੇੜੇ ਹੀ ਇੱਕ ਮੈਕਸ ਸਟੋਰ 'ਤੇ ਟੈਕਸੀ ਰੁਕਵਾ ਲਈ। ਮੈਂ ਫਿਰ 'ਛੇਤੀ ਕਰਨ ਦੀ ਤਾਕੀਦ ਕੀਤੀ। "ਰੀਲੈਕਸ ਮੈਨ, ਇਟਸ ਨਿਊ ਯੀਅਰ ਈਵ," ਉਨ੍ਹਾਂ 'ਚੋਂ ਇੱਕ ਬੋਲਿਆ। ਮੀਟਰ ਦੀ ਰਫ਼ਤਾਰ ਫਿਰ ਹੌਲੀ ਹੋ ਗਈ ਤੇ ਮੇਰੇ ਅੰਦਰਲੀ ਕਾਹਲ਼ ਫਿਰ ਤੇਜ਼ ਹੋ ਗਈ। ਉਨ੍ਹਾਂ ਨੇ ਮੇਰਾ ਅੱਧਾ ਘੰਟਾ ਲੈ ਲਿਆ। ਉੱਤਰਨ ਲੱਗਿਆਂ ਉਨ੍ਹਾਂ ਵੱਲੋਂ ਕਹੀ 'ਹੈਪੀ ਨਿਊ ਯੀਅਰ' ਮੈਨੂੰ ਵਿਉਹ ਵਰਗੀ ਲੱਗੀ। 'ਜੇ ਇਹੀ ਬਿਨਾਂ ਕਿਤੇ ਰੁਕਿਆਂ ਟ੍ਰਿੱਪ ਹੁੰਦਾ ਤਾਂ ਮੀਟਰ 'ਤੇ ਦੁੱਗਣੇ -ਤਿੱਗਣੇ ਚੱਲਣੇ ਸਨ, ਸਾਲਿਆਂ ਨੇ ਦਿਹਾੜੀ ਗਾਲਤੀ,' ਸੋਚ ਕੇ ਮੇਰੇ ਅੰਦਰਲੀ ਵਿਉਹ ਹੋਰ ਤਿੱਖੀ ਹੋ ਗਈ। ਪਰ ਇਹ ਛੇਤੀਂ ਹੀ ਫਿਰ ਰਸ ਵਿਚ ਬਦਲ ਗਈ। ਜਿੱਥੇ ਟ੍ਰਿੱਪ ਲਾਹੁੰਦਾ ਉੱਥੋਂ ਹੀ ਹੋਰ ਮਿਲ ਜਾਂਦਾ। ਸੱਤ ਵਜੇ ਤੱਕ ਚੱਲ ਸੋ ਚੱਲ ਰਹੀ। ਅੱਠ ਕੁ ਵਜੇ ਜਦੋਂ ਕੰਮ ਠੰਡਾ ਹੋ ਗਿਆ ਮੈਨੂੰ ਲੰਮਾ ਟ੍ਰਿੱਪ ਮਿਲ ਗਿਆ। ਫਿਰ ਕੀ ਸੀ! 'ਨਿਊ ਯੀਅਰ' ਦੀ ਇਹ ਸਵੇਰ ਹੋਰ ਵੀ ਚੰਗੀ ਚੰਗੀ ਹੋ ਗਈ। ਨੌਂ ਕੁ ਵਜੇ ਭੋਲੇ ਦਾ ਫੋਨ ਆ ਗਿਆ। ਫੋਨ 'ਤੇ ਆਇਆ ਉਸਦਾ ਨੰਬਰ ਪੜ੍ਹ ਕੇ ਮੈਂ ਸੋਚਿਆ ਕਿ ਇਹ ਐਡੀ ਛੇਤੀ ਜਾਗ ਵੀ ਪਿਆ। ਚਾਰ ਵਜੇ ਤੱਕ ਤਾਂ ਉਸ ਨੇ ਟੈਕਸੀ ਚਲਾਉਣੀ ਸੀ। ਫੋਨ ਖੋਹਲ ਕੇ ਮੈ ਝੱਟ ਕਿਹਾ, "ਹੈਪੀ ਨਿਊ ਯੀਅਰ!"

"ਕਾਹਦੀ ਹੈਪੀ ਨਿਊ ਯੀਅਰ ,ਯਾਰ। ਰਾਤ ਟੈਕਸੀ ਖਰਾਬ ਹੋਗੀ।"

"ਅੱਛਾ! ਕੀ ਗੱਲ ਹੋਗੀ?" ਮੈਂ ਆਪਣੀ ਸੁਰ ਨੀਵੀਂ ਕਰ ਲਈ।

"ਨੌਂ ਕੁ ਵਜੇ ਬਿਲਟ ਟੁੱਟਗੀ।"

"ਫੇਰ?"

"ਫੇਰ ਕੀ। ਓਸ ਵੇਲੇ ਕੋਈ ਮਕੈਨਿਕ ਵੀ ਨੀ ਮਿਲਿਆ। ਟੈਕਸੀ ਆਲੇ ਗਰਾਜ 'ਚ ਲਿਜਾਣ ਲਈ ਘੰਟੇ ਬਾਅਦ ਟੋਅ ਟਰੱਕ ਵਾਲਾ ਆਇਆ। ਓਹ ਘੰਟਾ ਮੈਨੂੰ ਈ ਪਤੈ ਕਿਵੇਂ ਕੱਢਿਐ। ਖਰਾਬ ਵੀ ਸਾਲ਼ੀ ਜਵ੍ਹਾਂ ਸਕਾਈ ਟ੍ਰੇਨ ਸਟੇਸ਼ਨ ਦੇ

ਸਾਹਮਣੇ ਹੋਈ। ਟੈਕਸੀ ਖੜ੍ਹੀ ਦੇਖ ਕੇ ਮਿੰਟ ਬਾਅਦ ਆ ਕੇ ਈ ਕੋਈ ਨਾ ਕੋਈ ਪੁੱਛ ਲਿਆ ਕਰੇ ਬਈ ਚੱਲਣੈ? ਛੁਰੀਆਂ ਚੱਲਣ ਕਲੇਜੇ 'ਤੇ ਜਦੋਂ ਆਖਣਾ ਪਿਆ ਕਰੇ ਬਈ ਖਰਾਬ ਐ।''

ਮੈਥੋਂ ਸਵੇਰ ਵਾਲੇ ਪਹਿਲੇ ਟ੍ਰਿੱਪ ਵਾਲੀ ਉਡੀਕ ਨਹੀਂ ਸੀ ਝੱਲੀ ਗਈ, ਨਾਲੇ ਸਵਾਰੀ ਨਾਲ ਸੀ 'ਤੇ ਮੀਟਰ ਵੀ ਚੱਲਦਾ ਸੀ। ਤੇ ਭੋਲੇ ਨੇ ਉਹ ਘੜੀਆਂ ਕਿਵੇਂ ਕੱਢੀਆਂ ਹੋਣਗੀਆਂ, ਇਸਦਾ ਅੰਦਾਜ਼ਾ ਮੈਂ ਸਹਿਜੇ ਹੀ ਲਾ ਸਕਦਾ ਹਾਂ।

# ਟਿੱਪ

ਮੈਂ ਬਾਗੋ-ਬਾਗ ਸੀ। ਇੱਕ ਘੰਟੇ ਵਿੱਚ ਹੀ ਸੱਤਰ ਡਾਲਰ ਬਣ ਗਏ ਸੀ। ਇਸ ਤਰ੍ਹਾਂ ਕਦੇ-ਕ੍ਹਦੇ ਹੀ ਹੁੰਦਾ ਹੈ। ਸਵਾਰੀ ਨੂੰ ਏਅਰਪੋਰਟ 'ਤੇ ਲਾਹ ਕੇ ਮੈਂ ਵੀਡਸ* ਵੱਲ ਟੈਕਸੀ ਮੋੜ ਲਈ। ਸੋਚਿਆ ਕਿ ਹੁਣ ਭਾਵੇਂ ਏਅਰਪੋਰਟ ਤੋਂ ਟ੍ਰਿੱਪ ਦੀ ਕੁਝ ਉਡੀਕ ਵੀ ਕਰਨੀ ਪੈ ਜਾਵੇ ਤਾਂ ਕੋਈ ਚੱਕਰ ਨਹੀਂ। ਜੇ ਇਹ ਚੰਗਾ ਟ੍ਰਿੱਪ ਨਾ ਲੱਗਦਾ ਤਾਂ ਸ਼ਾਇਦ ਮੈਂ ਏਅਰਪੋਰਟ 'ਤੇ ਨਾ ਹੀ ਰੁਕਦਾ। ਡਾਊਨ-ਟਾਊਨ ਨੂੰ ਮੁੜ ਜਾਂਦਾ। ਏਅਰਪੋਰਟ 'ਤੇ ਕਈ ਵਾਰੀ ਉਡੀਕ ਕੁਝ ਜਿਆਦਾ ਹੀ ਲੰਬੀ ਹੋ ਜਾਂਦੀ ਹੈ। ਉੱਨੇ ਚਿਰ 'ਚ ਅਗਲਾ ਡਾਊਨ-ਟਾਊਨ ਵਾਪਸ ਮੁੜ ਕੇ ਵੀ ਦੋ ਟ੍ਰਿੱਪ ਲਾ ਲੈਂਦਾ ਹੈ। ਹੁਣ ਜਦੋਂ ਇੱਕ ਟ੍ਰਿੱਪ ਨੇ ਹੀ ਧੰਨ-ਧੰਨ ਕਰਾ ਦਿੱਤੀ ਸੀ ਤਾਂ 'ਕਿਓਂ ਵਾਧੂ ਦੀ ਭੱਜ-ਨੱਠ ਕਰਨੀ ਆ। ਵੀਡਸ 'ਚ ਜਾ ਕੇ ਗੱਲਾਂ ਸੁਣਦੇ ਆਂ,' ਇਹ ਸੋਚਕੇ ਮੈਂ ਉੱਥੇ ਹੀ ਰੁਕ ਗਿਆ।

ਇਹ ਟ੍ਰਿੱਪ ਬਰਾਡਵੇ ਤੇ ਓਕ ਸਟਰੀਟ ਨੇੜਿਓਂ ਮਿਲਿਆ ਸੀ। ਜਦੋਂ ਟੈਕਸੀ ਏਅਰਪੋਰਟ ਵਾਲੇ 'ਆਰਥਰਲੇਇੰਗ ਬ੍ਰਿੱਜ' 'ਤੇ ਪੁੱਜੀ ਤਾਂ ਸਵਾਰੀ ਜੇਬਾਂ ਟਟੋਲਣ ਲੱਗੀ। ਮੈਨੂੰ ਉਹ ਕੁਝ ਘਬਰਾਇਆ ਲੱਗਾ। ਫਿਰ ਉਸ ਨੇ ਆਪਣੇ ਹੱਥ ਵਾਲੇ ਥੈਲੇ ਨੂੰ ਖੋਲ੍ਹ ਕੇ ਦੇਖਿਆ। "ਮੈਂ ਆਪਣਾ ਪਾਸਪੋਰਟ ਘਰ ਭੁੱਲ ਆਇਐਂ," ਉਸ ਨੇ ਕਿਹਾ। ਮੇਰੇ ਚਿੱਤ 'ਚ ਇਕਦਮ ਆਇਆ, 'ਬਣਗੀ ਗੱਲ।' ਉਹ ਫਿਰ ਬੋਲਿਆ, "ਮੇਰੀ ਉਡਾਣ 'ਚ ਡੇਢ ਘੰਟਾ ਹੀ ਰਹਿੰਦੈ, ਏਨੇ ਚਿਰ 'ਚ ਆਪਾਂ ਪਾਸਪੋਰਟ ਲਿਆ ਸਕਦੇ ਆਂ?"

"ਫ਼ਿਕਰ ਨਾ ਕਰ ," ਆਖਦਿਆਂ ਮੈਂ ਟੈਕਸੀ ਤੇਜ਼ ਕਰ ਦਿੱਤੀ। ਟੈਕਸੀ ਮੈਂ ਵਾਪਸ ਉਸਦੇ ਟਿਕਾਣੇ ਵੱਲ ਮੋੜ ਦਿੱਤੀ। ਜਦੋਂ ਵੀ ਟੈਕਸੀ ਕਿਸੇ ਲਾਲ ਬੱਤੀ 'ਤੇ ਰੁਕਦੀ, ਉਸਦੀ ਚਿੰਤਾ ਵਧ ਜਾਂਦੀ। ਮੈਂ ਉਸ ਨੂੰ ਧਰਵਾਸਾ ਦਿੰਦਾ ਤੇ ਬੱਤੀ ਦੇ ਹਰੀ ਹੁੰਦਿਆਂ ਹੀ ਮੈਂ ਟੈਕਸੀ ਨੂੰ ਆਸੇ-ਪਾਸੇ ਦੀ ਦੂਜੇ ਵਾਹਨਾਂ ਤੋਂ ਮੂਹਰੇ ਕੱਢਣ ਦੀ ਕੋਸ਼ਿਸ਼ ਕਰਦਾ ਜਾਂ ਇਸਦਾ ਦਿਖਾਵਾ ਕਰਦਾ ਤਾਂ ਕਿ ਉਸਦਾ ਚਿੱਤ ਜ਼ਿਆਦਾ ਕਾਹਲਾ ਨਾ ਪਵੇ। ਕਿਰਾਏ ਵਾਲਾ ਮੀਟਰ ਤੇਜ਼ੀ ਨਾਲ ਹਿੰਦਸੇ ਬਦਲ ਰਿਹਾ ਸੀ। ਚੋਰੀਂ ਉਸ ਵੱਲ ਵੇਖ ਮੈਨੂੰ ਖੁਸ਼ੀ ਹੁੰਦੀ। ਇਕ ਵਾਰ ਮੇਰੀ ਨਜ਼ਰ ਮੀਟਰ ਤੋਂ ਝੱਟ

ਬਾਅਦ ਉਸ ਵੱਲ ਹੋਈ। ਉਸਦਾ ਚਿੰਤਾਗ੍ਰਸਤ ਚੇਹਰਾ ਦੇਖ ਮੈਨੂੰ ਆਪਣੀ ਖੁਸ਼ੀ ਕਮੀਨਗੀ ਲੱਗੀ। ਸ਼ਾਇਦ ਮੈਂ ਆਪਣੀਆਂ ਨਜ਼ਰਾਂ ਵਿਚ ਹੀ ਦੁਬਾਰਾ ਉੱਠਣਾ ਚਾਹੁੰਦਾ ਸੀ, ਮੈਂ ਕਿਹਾ, " ਟੈਕਸੀ ਦੇ ਕਿਰਾਏ ਦਾ ਫ਼ਿਕਰ ਨਾ ਕਰੀਂ। ਜੇ ਤੂੰ ਚਾਹੇਂ ਤਾਂ ਜਦੋਂ ਪੰਜਾਹ ਡਾਲਰ ਹੋ ਗਏ ਮੈਂ ਮੀਟਰ ਬੰਦ ਕਰ ਦਿਆਂਗਾ।" ਮੇਰਾ ਅੰਦਾਜ਼ਾ ਸੀ ਕਿ ਮੀਟਰ 'ਤੇ ਪੰਜਾਹ ਤੋਂ ਸੱਠ ਡਾਲਰ ਦੇ ਵਿਚਕਾਰ ਚੱਲਣਗੇ।

"ਓਹ, ਧੰਨਵਾਦ। ਕਿਰਾਏ ਦੀ ਸਮੱਸਿਆ ਨਹੀਂ। ਮੇਰਾ ਫ਼ਿਕਰ ਤਾਂ ਉਡਾਣ ਖੁੰਝਣ ਦਾ ਹੈ।"

"ਫ਼ਿਕਰ ਨਾ ਕਰ। ਮੈਂ ਪੂਰੀ ਵਾਹ ਲਾਊਂਗਾ ਕਿ ਤੈਨੂੰ ਸਮੇਂ ਸਿਰ ਏਅਰਪੋਰਟ 'ਤੇ ਪਹੁੰਚਾ ਦੇਵਾਂ।"

ਤੇ ਜਦੋਂ ਟੈਕਸੀ ਏਅਰਪੋਰਟ 'ਤੇ ਪਹੁੰਚੀ ਤਾਂ ਉਸਦੀ ਉਡਾਣ ਵਿਚ ਹਾਲੇ ਪੌਣਾ ਘੰਟਾ ਰਹਿੰਦਾ ਸੀ। ਮੀਟਰ 'ਤੇ ਚਰਵੰਜਾ ਡਾਲਰ ਤੇ ਕੁਝ ਸੈਂਟ ਚੱਲੇ ਸਨ। ਉਸ ਨੇ ਸੱਤਰ ਡਾਲਰ ਦੇ ਕੇ ਘੁੱਟ ਕੇ ਹੱਥ ਮਿਲਾਇਆ ਤੇ ਤਿੰਨ-ਚਾਰ ਵਾਰ, "ਥੈਂਕ -ਯੂ," ਕਿਹਾ।

ਚੰਗੇ ਟ੍ਰਿੱਪ ਦੇ ਨਾਲ-ਨਾਲ ਟਿੱਪ ਵਜੋਂ ਮਿਲੇ ਪੰਦਰਾਂ-ਸੋਲਾਂ ਡਾਲਰ ਮੈਨੂੰ ਖੁਸ਼ੀ ਦੇ ਰਹੇ ਸਨ। ਤੇ ਇਕ ਉਹ ਦਿਨ ਵੀ ਸੀ, ਜਦੋਂ ਟਿੱਪ ਕਰਕੇ ਮੈਂ ਹੀਣਾ-ਹੀਣਾ ਮਹਿਸੂਸ ਕੀਤਾ ਸੀ। ਟੈਕਸੀ ਚਲਾਉਣ ਦੇ ਪਹਿਲੇ ਦਿਨ ਸ਼ਾਇਦ ਉਹ ਟ੍ਰਿੱਪ ਵੀ ਪਹਿਲਾ ਹੀ ਸੀ, ਇਕ ਸਵਾਰੀ ਨੇ ਪੰਜਾਹ ਸੈਂਟ ਬਕਾਏ ਦੇ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਸੀ, "ਕੀਪ ਦਾ ਚੇਂਜ।" ਮੈਨੂੰ ਆਪਣਾ-ਆਪ ਅਦਨਾ ਜਿਹਾ ਲੱਗਾ ਸੀ। ਜਿਵੇਂ ਕੋਈ ਕੁਲੀ ਨੂੰ ਸਮਾਨ ਚੁਕਾਉਣ ਤੋਂ ਬਾਅਦ ਇਨਾਮ ਵਜੋਂ ਚੁਆਨੀ-ਅਠਿਆਨੀ ਦੇ ਦੇਵੇ। ਮੇਰਾ ਜੀਅ ਕੀਤਾ ਸੀ ਕਿ ਗੋਲ਼ੀ ਮਾਰਾਂ ਇਸ 'ਕੁੱਤੇ ਕੰਮ' ਨੂੰ। ਪਰ ਗੋਲ਼ੀ ਮਾਰੀ ਨਹੀਂ ਸੀ ਗਈ। ਤੇ ਹੁਣ ਉਹੀ ਟਿੱਪ ਮੈਨੂੰ---।

ਇਸ ਟਿੱਪ ਦੀ ਖੁਸ਼ੀ ਦਾ ਪ੍ਰਗਟਾਵਾ ਮੈਥੋਂ ਅਚੇਤ ਹੀ ਵੀਡਸ ਵਿਚ ਮਿਲੇ ਬਰਨਬੀ ਸ਼ਹਿਰ ਦੀ ਬੋਨੀਜ਼ ਟੈਕਸੀ ਵਾਲੇ ਇਕ ਜਾਣੂੰ ਕੋਲ ਹੋ ਗਿਆ। ਵੀਡਸ ਵਿੱਚ ਪਹੁੰਚਕੇ ਮੈਂ ਟੈਕਸੀ ਲਾਈਨ ਵਿਚ ਲਾ ਕੇ ਬਾਹਰ ਨਿਕਲ ਆਇਆ। ਉੱਥੇ ਇਸ ਗੱਲ ਦੀ ਮੌਜ ਹੁੰਦੀ ਹੈ ਕਿ ਟੈਕਸੀ ਵਿਚ ਬੈਠਣਾ ਨਹੀਂ ਪੈਂਦਾ। ਵੱਡੀ ਸਾਰੀ ਸਕਰੀਨ 'ਤੇ ਲਿਖਿਆ ਆ ਜਾਂਦਾ ਹੈ ਕਿ ਟਰਮੀਨਲ ਤੇ ਐਨੀਆਂ ਟੈਕਸੀਆਂ ਚਾਹੀਦੀਆਂ ਹਨ। ਟੈਕਸੀਆਂ ਵਾਰੀ ਸਿਰ ਤੁਰੀਆਂ ਜਾਂਦੀਆਂ ਹਨ। ਜਦੋਂ ਵਾਰੀ ਨੇੜੇ ਆਉਂਦੀ ਦਿਸੇ ਉਦੋਂ ਆ ਕੇ ਟੈਕਸੀ ਵਿਚ ਬੈਠ ਜਾਵੋ। ਉੱਨਾਂ ਚਿਰ ਕਈ ਡਰਾਈਵਰਾਂ ਦੇ ਕਮਰੇ ਵਿਚ ਬੈਠਕੇ ਤਾਸ਼ ਕੁੱਟਣ ਲੱਗਦੇ ਹਨ। ਕਈ ਮੁਸਲਮਾਨ ਡਰਾਈਵਰ ਕਮਰੇ ਦੇ ਕੋਨੇ ਵਿਚ ਵਲ਼ੀ ਵਲਗਣ ਵਿਚ ਬੈਠ ਨਮਾਜ਼ ਪੜ੍ਹਦੇ ਹਨ। ਕਈ ਸੈਰ ਕਰ ਲੈਂਦੇ ਹਨ। ਮੈਂ ਲੱਤਾਂ ਸਿੱਧੀਆਂ ਕਰਨ ਲਈ ਟੈਕਸੀ ਵਿਚੋਂ ਬਾਹਰ ਨਿਕਲਿਆ ਹੀ ਸੀ ਕਿ ਮੇਰਾ ਉਹ ਜਾਣੂੰ ਆਪਣੀ ਟੈਕਸੀ 'ਚੋਂ ਨਿਕਲਦਾ ਬੋਲਿਆ, "ਕਿਵੇਂ ਆ ਬਿਜ਼ਨਿਸ ਵੈਨਕੂਵਰ? ਆਇਆ ਸੂਤ?"

"ਬਿਜ਼ਨਸ ਤਾਂ ਐਸਾ-ਵੈਸਾ ਈ ਆ ਪਰ ਮੇਰਾ ਸੂਤ ਲੱਗ ਗਿਆ।" ਮੇਰੇ

ਮੂੰਹੋਂ ਅਚੇਤ ਈ ਨਿਕਲ ਗਿਆ। ਮੈਂ ਕੋਸ਼ਿਸ਼ ਕਰਦਾ ਹੁੰਨੈ ਕਿ ਚੰਗੇ ਟ੍ਰਿੱਪ ਦੀ ਬਹੁਤੀ ਡੌਂਡੀ ਨਾ ਪਿੱਟਾਂ। ਇਸ ਤਰ੍ਹਾਂ ਜਿਸਦਾ, ਉਸ ਦਿਨ ਮੰਦਾ ਰਿਹਾ ਹੋਵੇ ਉਸ ਦੀ ਤਕਲੀਫ਼ ਵਧ ਜਾਂਦੀ ਹੈ। ਮੇਰੇ ਆਪਣੇ ਨਾਲ ਇਸ ਤਰ੍ਹਾਂ ਕਈ ਵਾਰੀ ਹੁੰਦਾ ਕਿ ਜਦੋਂ ਕਿਸੇ ਦਿਨ ਆਪਣਾ ਠੀਕ ਨਾ ਲੱਗਾ ਹੋਵੇ ਤੇ ਮੂਹਰੋਂ ਕੋਈ ਆਪਣੇ 'ਸੂਤ' ਲੱਗੇ ਦੀਆਂ ਫੜ੍ਹਾਂ ਮਾਰਨ ਲੱਗ ਪਵੇ, ਤਾਂ ਉਹ ਵਿਉਹ ਵਰਗਾ ਲੱਗਦਾ ਹੈ।

"ਥੋੜਾ ਕਿਵੇਂ ਆ?" ਮੈਂ ਪੁੱਛਿਆ।

"ਮੇਰਾ ਵੀ ਠੀਕ ਆ ਅੱਜ। ਆਹ ਤੀਹਾਂ ਦਾ ਟ੍ਰਿੱਪ ਸੀ ਪੈਂਤੀ ਦੇ ਗਿਆ।"

ਫਿਰ ਮੈਂ ਆਪਣੇ ਇਸ ਟ੍ਰਿੱਪ ਬਾਰੇ ਉਸ ਨੂੰ ਦੱਸਣ ਲੱਗ ਪਿਆ। ਸੁਣ ਕੇ ਉਹ ਬੋਲਿਆ, "ਮੈਨੂੰ ਵੀ ਦੋ ਕੁ ਵਾਰੀ ਮਿਲਿਆ ਏਦਾਂ ਦਾ ਟ੍ਰਿੱਪ। ਆਮ ਨਾਲੋਂ ਜਿਆਦਾ ਟਿੱਪ ਦੇਣਗੇ ਏਹੋਜੇ ਮੌਕੇ। ਦੇਣੀ ਬਣਦੀ ਵੀ ਐ, ਕਿ ਨਹੀਂ? ਆਪਾਂ ਵੀ ਤਾਂ ਖਤਰਾ ਮੁੱਲ ਲੈ ਕੇ ਸਪੀਡ ਵਧਾ ਦਿੰਨੇ ਆਂ।"

"ਗੋਰੇ ਈ ਟਿੱਪ ਦਿੰਦੇ ਆ। ਕਾਲੇ ਹੋਏ, ਚੀਨੇ ਹੋਏ, ਇਹ ਨਾ ਟਿੱਪ ਦੇਗੇ," ਸਾਡੇ ਨਾਲ ਤਿੰਨ ਡਰਾਈਵਰ ਹੋਰ ਆ ਰਲੇ। ਉਨ੍ਹਾਂ 'ਚੋਂ ਇੱਕ ਬੋਲਿਆ।

"ਤੇ ਆਪਣੇ?" ਦੂਜਾ ਬੋਲਿਆ, ਜਿਹੜਾ ਸ਼ਾਇਦ ਨਵਾਂ ਡਰਾਈਵਰ ਸੀ। ਉਸ ਨੂੰ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ।

"ਆਪਣੇ ਤਾਂ ਪਹਿਲੀ ਗੱਲ ਟੈਕਸੀ ਲੈਂਦੇ ਹੀ ਨੀਂ। ਜੇ ਲੈ ਲੈਣ, ਛੋਟ ਕਰਨ ਨੂੰ ਤਾਂ ਭਾਵੇਂ ਆਖ ਦੇਣ ," ਪਹਿਲਾ ਬੋਲਿਆ।

"ਸਾਰੇ ਇੱਕੋ-ਜਿਹੇ ਨੀ ਹੁੰਦੇ, ਯਾਰ। ਵੱਖੋ-ਵੱਖਰੇ ਕਲਚਰ ਆ। ਐਧਰਲੇ ਜੰਮੇ-ਪਲੇ ਤਾਂ ਆਪਣੇ ਵੀ ਹੁਣ ਬਥੇਰੇ ਟੈਕਸੀ ਲੈ ਲੈਂਦੇ ਆ," ਬੌਨੀਜ਼ ਵਾਲਾ ਬੋਲਿਆ।

"ਵੇਲੇ-ਕੁਵੇਲੇ ਇੰਡੀਆ ਤੋਂ ਆਏ ਵੀ ਲੈ ਲੈਂਦੇ ਆ। ਹਾਲੇ ਪਿਛਲੇ ਹਫਤੇ ਈ ਮੇਰੇ ਨਾਲ ਚੜ੍ਹਿਆ ਇੱਕ," ਤੀਜਾ ਬੋਲਿਆ।

"ਕਿਰਾਇਆ ਦੇ ਗਿਆ ਸੀ?" ਪਹਿਲੇ ਨੇ ਕਿਹਾ।

ਤੀਜਾ ਥੋੜ੍ਹਾ ਜਿਹਾ ਹੱਸਿਆ ਤੇ ਫਿਰ ਬੋਲਿਆ," ਓਹਨੂੰ ਵਿਚਾਰੇ ਨੂੰ ਟੈਕਸੀ ਮਜਬੂਰੀ 'ਚ ਲੈਣੀ ਪਈ। ਕੁੜੀ ਕੁਛ ਘਰੇ ਭੁੱਲਗੀ ਓਹਦੀ, ਤੇ ਓਹਨੇ ਏਅਰਪੋਰਟ ਤੇ ਫੜਾਉਣ ਜਾਣਾ ਸੀ ਕੁੜੀ ਨੂੰ। ਬੈਠਣ ਸਾਰ ਹੀ ਦੱਸਣ ਲੱਗ ਪਿਆ ਕਿ ਕਿਵੇਂ ਸਾਰੇ ਕੰਮਾਂ 'ਤੇ ਗਏ ਹੋਣੇ ਕਰਕੇ ਉਸ ਨੂੰ ਟੈਕਸੀ ਲੈਣੀ ਪਈ ਜਿਵੇਂ ਕਿਸੇ ਗੁਨਾਹ ਦੀ ਸਫਾਈ ਦੇ ਰਿਹਾ ਹੋਵੇ। ਫਿਰ ਉਹ ਸਕੀਰੀਆਂ ਜੀਆਂ ਕੱਢਣ ਲੱਗ ਪਿਆ। ਮੇਰੇ ਚਿੱਤ 'ਚ ਆਈ ਕਿ ਆਖ ਦਿਆਂ ਕਾਹਨੂੰ ਬਜ਼ੁਰਗਾ ਐਵੇਂ ਔਖਾ ਹੁੰਨੈ, ਨਾ ਦੇਈਂ ਕਰਾਇਆ। ਊਂ ਵੀ ਆਪਣੇ ਬੰਦੇ ਤੋਂ ਕਿਰਾਇਆ ਫੜਦਿਆਂ ਈ ਸੰਗ ਜੀ ਆਉਂਦੀ ਆ। ਫੇਰ ਓਹ ਚਿੰਤਾ ਜੀ ਕਰਨ ਲੱਗ ਪਿਆ ਬਈ ਕੁੜੀ ਦੀ ਫਲੈਟ ਨਾ ਨੰਘਜੇ। ਮੈਂ ਸਪੀਡ ਚੱਕਤੀ ਸੋਚਿਆ ਬਈ ਨਹੀਂ ਤਾਂ ਸਾਲੇ ਨੇ ਕੰਨ ਖਾਈ ਜਾਣੇ ਆ। ਨਾਲੇ ਕੋਈ ਸੱਚੀਂ ਨਾ ਸਕੀਰੀ ਕੱਢਲੇ। ਪਰ ਕਰਾਇਆ ਦੇ ਗਿਆ ਪੂਰਾ।"

"ਟਿੱਪ-ਟੁੱਪ ਦੇ ਗਿਆ ਸੀ?" ਮੈਂ ਪੁੱਛਿਆ।

"ਕਰਾਇਆ ਤਾਂ ਪੂਰਾ ਈ ਦਿੱਤਾ। ਸਗੋਂ ਮੈਂ ਛੱਡੇ ਓਹਨੂੰ ਉਤਲੇ ਸੈਂਟ। ਪਰ ਜਾਂਦਾ ਜਾਂਦਾ 'ਸੀਸ ਦੇ ਗਿਆ। ਕਹਿੰਦਾ ਸ਼ਾਬਸ਼ੇ, ਜਿਉਂਦਾ ਰਹਿ।"

"ਸ਼ਾਬਸ਼ੇ ਨਾਲ ਟੈਕਸੀ ਦੀ ਟੈਂਕੀ ਭਰਗੀ ਸੀ ਗੈਸ ਨਾਲ?" ਪਹਿਲਾ ਹੱਸ ਕੇ ਬੋਲਿਆ। ਅਸੀਂ ਵੀ ਹੱਸ ਪਏ।

*ਵੀਡਸ: ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਵਾਰੀ ਦੀ ਉਡੀਕ ਵਿਚ ਟੈਕਸੀਆਂ ਖੜ੍ਹਾਉਣ ਵਾਲੀ ਥਾਂ ਕੱਚੀ ਹੁੰਦੀ ਸੀ। ਉੱਥੇ ਘਾਹ-ਫੂਸ ਉੱਗਿਆ ਹੁੰਦਾ ਸੀ। ਉਦੋਂ ਡਰਾਈਵਰ ਇਸ ਥਾਂ ਨੂੰ ਵੀਡਸ ਆਖਦੇ। ਹੁਣ ਇਹ ਜਗ੍ਹਾ ਬੱਜਰੀ ਵਿਛਾ ਕੇ ਪੱਕੀ ਕਰ ਦਿੱਤੀ ਗਈ ਹੈ। ਇਕ ਵੱਡ-ਅਕਾਰੀ ਸਕਰੀਨ ਲੱਗ ਚੁੱਕੀ ਹੈ ਅਤੇ ਡਰਾਈਵਰਾਂ ਦੇ ਬੈਠਣ-ਉੱਠਣ ਲਈ ਵਧੀਆ ਇਮਾਰਤ ਵੀ ਬਣ ਗਈ ਹੈ ਪਰ ਵਜਦੀ ਇਹ ਜਗ੍ਹਾ ਹਾਲੇ ਵੀ ਵੀਡਸ ਹੀ ਹੈ।

# ਸਿਆਸੀ ਸਵਾਰੀ ਦਾ ਧਰਮ-ਸੰਕਟ

ਉਸਦੇ ਕਾਲਾ ਲੰਮਾ ਕੋਟ ਪਾਇਆ ਹੋਇਆ ਸੀ। ਉਸ ਕੋਲ ਕੋਈ ਸੂਟਕੇਸ ਜਾਂ ਕੋਈ ਹੋਰ ਸਮਾਨ ਨਹੀਂ ਸੀ। ਉਸ ਨੇ ਹੱਥ ਚੁੱਕ ਕੇ ਇਸ਼ਾਰਾ ਕੀਤਾ। 'ਮਿਲਗੀ ਸ਼ੌਰਟੀ,' ਸੋਚਕੇ ਮੈਂ ਬੇਦਿਲੀ ਨਾਲ ਟੈਕਸੀ ਦਰਵਾਜ਼ੇ ਦੇ ਨੇੜੇ ਉਸ ਆਦਮੀ ਦੇ ਕੋਲ ਲੈ ਗਿਆ। ਟੈਕਸੀ 'ਹੋਟਲ ਵੈਨਕੂਵਰ' ਦੇ ਮੂਹਰੇ ਲਾਈ ਹੋਈ ਸੀ। ਸਵੇਰ ਦੇ ਪੰਜ ਵਜੇ ਦਾ ਟਾਈਮ ਸੀ। ਉਸ ਨੂੰ ਦੇਖ ਕੇ ਮੈਨੂੰ ਹੈਰਾਨੀ ਹੋਈ। ਉਹ ਕੋਈ ਹੋਰ ਨਹੀਂ ਸਗੋਂ ਬੀ ਸੀ ਦਾ ਸਾਬਕਾ ਪ੍ਰੀਮੀਅਰ ਤੇ ਮੌਜੂਦਾ ਮੈਂਬਰ ਪਾਰਲੀਮੈਂਟ ਉੱਜਲ ਦੁਸਾਂਝ ਸੀ। ਉਸ ਨੇ ਪਿਛਲਾ ਦਰਵਾਜ਼ਾ ਖੋਲ੍ਹ ਕੇ ਵਿਚ ਬੈਠਦੇ ਨੇ ਸਾਊਥ ਵੈਨਕੂਵਰ ਦਾ ਪਤਾ ਦੱਸਿਆ। ਮੇਰੇ ਲਈ ਅਚੇਤ ਹੀ ਉਹ ਇਕ ਖਾਸ ਸਵਾਰੀ ਬਣ ਗਈ। ਮੈਂ ਰਾਜਨੀਤਕ ਨੇਤਾਵਾਂ ਜਾਂ ਹੋਰ ਮਸ਼ਹੂਰ ਲੋਕਾਂ ਨਾਲ ਹੱਥ ਮਿਲਾਉਣ ਜਾਂ ਫੋਟੋ ਖਿਚਵਾਉਣ ਲਈ ਤਾਂਘੜ ਕੇ ਅਗਾਂਹ ਨਹੀਂ ਹੁੰਦਾ, ਸਗੋਂ ਇਕ-ਦੂਜੇ ਨੂੰ ਪਿਛਾਂਹ ਧੱਕ ਕੇ ਮੂਹਰੇ ਹੋਣ ਵਾਲਿਆਂ 'ਤੇ ਚਿੱਤ 'ਚ ਹੱਸਦਾ ਹਾਂ। ਪਰ ਉੱਜਲ ਦੁਸਾਂਝ ਦਾ ਟੈਕਸੀ ਵਿਚ ਬੈਠਣਾ ਪਤਾ ਨਹੀਂ ਕਿਓਂ ਮੈਨੂੰ ਅਚੰਭਿਤ ਕਰ ਰਿਹਾ ਸੀ। ਜਦੋਂ ਤੋਂ ਉਹ ਖੱਬੇ-ਪੱਖੀ ਸਮਝੀ ਜਾਂਦੀ ਐਨ ਡੀ ਪੀ ਪਾਰਟੀ ਨੂੰ ਛੱਡ ਕੇ ਸੈਂਟਰਲ ਅਖਵਾਉਂਦੀ ਲਿਬਰਲ ਪਾਰਟੀ ਵਿਚ ਚਲਾ ਗਿਆ ਸੀ, ਮੇਰੇ ਲਈ ਓਨਾ ਸਤਿਕਾਰਯੋਗ ਵੀ ਨਹੀਂ ਸੀ ਰਿਹਾ। ਫਿਰ ਵੀ ਪਤਾ ਨਹੀਂ ਕਿਓਂ ਮੈਂ ਉਤੇਜਿਤ ਹੋ ਰਿਹਾ ਸੀ। ਸਗੋਂ ਮੈਂ ਤਾਂ ਕਿਰਾਏ ਵਾਲਾ ਮੀਟਰ ਚਲਾਉਣਾ ਵੀ ਭੁੱਲ ਗਿਆ। ਛੇਤੀ ਵਿਚ ਮੈਂ ਸੋਚਿਆ ਕਿ ਉਸ ਨਾਲ ਕੀ ਗੱਲ ਸ਼ੁਰੂ ਕੀਤੀ ਜਾਵੇ; ਉਸਦਾ ਪਾਰਟੀ ਬਦਲਣਾ ਜਾਂ ਕੁਝ ਹਫਤੇ ਪਹਿਲਾਂ ਇੱਕ ਕਿਤਾਬ ਦੇ ਰੀਲੀਜ਼ ਸਮਾਰੋਹ ਮੌਕੇ ਦਿੱਤੀ ਉਸਦੀ ਤਕਰੀਰ, ਜਿਸ ਨੂੰ ਸੁਣ ਕੇ ਮੈਨੂੰ ਦੁੱਖ ਹੋਇਆ ਸੀ। ਮੈਂ ਝੱਟ ਫੈਸਲਾ ਕਰ ਲਿਆ ਕਿ ਤਕਰੀਰ ਵਾਲੀ ਗੱਲ ਹੀ ਸ਼ੁਰੂ ਕਰਾਂ। ਪਾਰਟੀ ਬਦਲਣ ਵਾਲੀ ਗੱਲ ਬਾਰੇ ਉਹ ਕੋਈ ਰਾਜਨੀਤਕ ਜਿਹਾ ਜਵਾਬ ਹੀ ਦੇਵੇਗਾ, ਜਿਹੜਾ ਕਿ ਉਹ ਕਈ ਵਾਰ ਰੇਡੀਓ ਟੀ ਵੀ ਵਾਲਿਆਂ ਨੂੰ ਦੇ ਚੁੱਕਾ ਸੀ। ਹਾਓ ਸਟਰੀਟ 'ਤੇ ਟੈਕਸੀ ਮੋੜਦਿਆਂ ਮੈਂ ਬਿਨਾਂ ਕਿਸੇ ਭੂਮਿਕਾ ਦੇ ਆਖ ਦਿੱਤਾ, " ਦੁਸਾਂਝ ਸਾਹਬ ਕੁਝ ਹਫਤੇ ਪਹਿਲਾਂ ਤੁਸੀਂ ਸੋਹਣ ਪੂੰਨੀ ਦੀ ਕਿਤਾਬ 'ਕਨੇਡਾ ਦੇ ਗਦਰੀ ਯੋਧੇ' ਦੇ ਰਲੀਜ਼ ਸਮਾਗਮ ਮੌਕੇ ਕਿਹਾ ਸੀ ਕਿ ਉਹ ਪੰਜਾਬੀ ਦੀ ਪਹਿਲੀ ਕਿਤਾਬ ਹੈ, ਜਿਹਨੂੰ ਲੇਖਕ ਨੇ ਪੱਲਿਓਂ ਖਰਚ ਕੇ ਨੀ

ਛਪਵਾਇਆ, ਸਗੋਂ ਪਬਲਿਸ਼ਰ ਨੇ ਰੌਇਲਟੀ ਦਿੱਤੀ ਆ?"

"ਮੈਂ 'ਨੌਰਥ ਅਮੇਰਿਕਾ ਵਿਚ ਕਿਹਾ ਸੀ।"

"ਨੌਰਥ ਅਮੇਰਿਕਾ ਵਿਚ ਵੀ ਇਹ ਗੱਲ ਸਹੀ ਨੀ। ਏਹਦੇ 'ਚ ਸ਼ੱਕ ਨੀ ਬਈ ਉਹ ਵਧੀਆ ਕਿਤਾਬ ਐ। ਮੇਰੀ ਕਿਤਾਬ ਤਿੰਨ ਸਾਲ ਪਹਿਲਾਂ ਛਪੀ ਸੀ। ਮੈਨੂੰ ਰੌਇਲਟੀ ਵਜੋਂ ਪੰਜਾਹ ਕਿਤਾਬਾਂ ਮਿਲੀਆਂ ਸੀ। ਇਹਦੀ ਤਸਦੀਕ ਤੁਸੀਂ ਆਪਣੇ ਦੋਸਤ ਦਰਸ਼ਨ ਗਿੱਲ ਕੋਲੋਂ ਕਰਵਾ ਸਕਦੇ ਆਂ। ਹੋਰ ਵੀ ਦੋਸਤਾਂ ਨੂੰ ਮੈਂ ਜਾਣਦੈਂ ਜਿਨ੍ਹਾਂ ਨੇ ਪੱਲਿਓਂ ਖਰਚ ਕੇ ਨਹੀਂ ਛਪਵਾਈਆਂ। ਗਿਆਨੀ ਕੇਸਰ ਸਿੰਘ ਹੋਰਾਂ ਨੂੰ ਵੀ ਮੇਰਾ ਖਿਆਲ ਨੀਂ ਬਈ ਪਬਲਿਸ਼ਰਾਂ ਨੂੰ ਕੁਛ ਦੇਣਾ ਪਿਆ ਹੋਊ।" ( ਬਾਅਦ ਵਿਚ ਮੈਂ ਪਛਤਾਇਆ ਕਿ ਕਾਹਲੀ ਵਿਚ ਮੈਂ ਆਪਣੀ ਹੀ ਗੱਲ ਕਰ ਗਿਆ। ਉਹ ਮੇਰੇ ਬਾਰੇ ਕੀ ਸੋਚਦਾ ਹੋਵੇਗਾ! ਮੈਨੂੰ ਸਗੋਂ ਕਿਸੇ ਹੋਰ ਲੇਖਕ ਦੇ ਹਵਾਲੇ ਨਾਲ ਗੱਲ ਕਰਨੀ ਚਾਹੀਦੀ ਸੀ)

"ਮੇਰੀ ਜਾਣਕਾਰੀ 'ਚ ਨਹੀਂ ਸੀ ਇਹ ਗੱਲ। ਆਈ ਐਮ ਸੌਰੀ," ਉਸ ਨੇ ਕਿਹਾ।

"ਮੈਨੂੰ ਲੱਗਦਾ ਹੁੰਦੈ ਬਈ ਜਦੋਂ ਅਸੀਂ ਕਿਸੇ ਕਿਤਾਬ ਨੂੰ ਸੈਲੀਬਰੇਟ ਕਰ ਰਹੇ ਹੁੰਨੇ ਆਂ ਉਦੋਂ ਅਚੇਤ ਹੀ ਅਸੀਂ ਹੋਰ ਕਿਤਾਬਾਂ ਨੂੰ ਛੁਟਿਆਉਣ ਲੱਗ ਪੈਨੇ ਆਂ।"

"ਤੁਹਾਡੀ ਇਸ ਗੱਲ ਨਾਲ ਮੈਂ ਸਹਿਮਤ ਇਆਂ ਪਰ ਮੈਂ ਆਪ ਵਹਾਅ 'ਚ ਆ ਕੇ ਕਦੇ ਤਕਰੀਰ ਨਹੀਂ ਕਰਦਾ ਹੁੰਦਾ। ਅਸਲ 'ਚ ਮੈਂ ਇਹ ਗੈੱਸ ਕੀਤਾ ਸੀ। ਉਹ ਕਿਤਾਬ ਬਹੁਤ ਵਧੀਆ। ਆਈ ਐਮ ਸੌਰੀ ਅਗੇਨ ਤੁਹਾਨੂੰ ਠੇਸ ਪਹੁੰਚੀ ਆ । ਸਗੋਂ ਮੈਨੂੰ ਹੋਰ ਬੰਦਿਆਂ ਦੇ ਨਾਂ ਵੀ ਦੱਸੋ, ਜਿਹੜੇ ਤੁਹਾਡੇ ਵਾਂਗ ਸੋਚਦੇ ਆ ਮੈਂ ਉਨ੍ਹਾਂ ਕੋਲੋਂ ਵੀ ਸੌਰੀ ਮੰਗਾਂਗਾ।"

ਉਸਦਾ ਫੋਨ ਵੱਜਣ ਲੱਗਾ। ਤੇ ਮੇਰੀ ਨਿਗ੍ਹਾ ਮੀਟਰ 'ਤੇ ਪਈ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਮੈਂ ਮੀਟਰ ਚਲਾ ਦਿੱਤਾ। ਮੈਂ ਸੋਚਣ ਲੱਗਾ ਕਿ ਫੋਨ ਬੰਦ ਹੁੰਦਿਆਂ ਹੀ ਕਿਹੜੀ ਗੱਲ ਸ਼ੁਰੂ ਕਰਾਂ। ਫੋਨ ਉਸ ਨੇ ਛੇਤੀਂ ਹੀ ਬੰਦ ਕਰ ਦਿੱਤਾ। ਮੈਂ ਫਿਰ ਛੇੜ ਲਿਆ, "ਤੁਸੀਂ ਪਹਿਲਾਂ ਤਾਂ ਐੱਚ ਐੱਸ ਟੀ (ਨਵਾਂ ਟੈਕਸ) ਦੇ ਖਿਲਾਫ਼ ਬੜੇ ਧੜੱਲੇ ਨਾਲ ਬਿਆਨ ਦਿੰਦੇ ਸੀ, ਜਦੋਂ ਥੋਡੇ ਲੀਡਰ ਨੇ ਇਸ ਦੇ ਹੱਕ 'ਚ ਸਟੈਂਡ ਲੈ ਲਿਆ। ਤੁਸੀਂ ਵੀ ਪਾਰਲੀਮੈਂਟ ਵਿਚ ਇਸ ਟੈਕਸ ਦੇ ਹੱਕ 'ਚ ਵੋਟ ਪਾ ਦਿੱਤੀ।"

"ਇਕ ਪਾਰਟੀ 'ਚ ਰਹਿੰਦਿਆਂ ਤੁਸੀਂ ਪਾਰਟੀ ਲੀਡਰ ਦੇ ਉਲਟ ਨੀ ਜਾ ਸਕਦੇ। ਮਿਸਟਰ ਇਗਨਾਟੀਅਫ ਨੇ ਜਦੋਂ ਵਿੱਪ ਜਾਰੀ ਕਰ ਦਿੱਤਾ ਤਾਂ ਪਾਰਟੀ ਦਾ ਮੈਂਬਰ ਹੋਣ ਦੇ ਨਾਤੇ ਮੇਰਾ ਫ਼ਰਜ਼ ਸੀ ਕਿ ਮੈਂ ਉਸਦੇ ਆਦੇਸ਼ ਦਾ ਪਾਲਣ ਕਰਦਾ- -----ਆਈ ਐਮ ਸੌਰੀ ਮੈਂ ਇਕ ਕਾਲ ਕਰਨੀ ਆ।" ਅਤੇ ਉਹ ਆਪਣੇ ਬਲੈਕ ਬੈਰੀ ਉਪਰ ਉਂਗਲਾਂ ਮਾਰਨ ਲੱਗਾ। ਮੈਨੂੰ ਲੱਗਾ ਕਿ ਉਹ ਮੇਰੇ ਪ੍ਰਸ਼ਨ ਦਾ ਜਵਾਬ

ਦੇਣੋਂ ਕਤਰਾ ਰਿਹਾ ਹੈ। ਮੈਨੂੰ ਖਿਝ ਚੜ੍ਹਨ ਲੱਗੀ। " ਫਿਰ ਜਿਹੜਾ ਬਿਆਨ ਤੁਸੀਂ ਪਹਿਲਾਂ ਐਚ ਐਸ ਟੀ ਦੇ ਵਿਰੋਧ ਵਿਚ ਦਿੱਤਾ ਸੀ ਉਹ ਆਪਣੀ ਪਾਰਟੀ ਦੇ ਸਟੈਂਡ ਨੂੰ ਜਾਣੇ ਬਿਨਾਂ ਹੀ ਪਬਲਿਕ ਸਪੋਰਟ ਲੈਣ ਲਈ ਦਿੱਤਾ ਸੀ?" ਉਸ ਦੇ ਫੋਨ ਨੂੰ ਕੰਨ ਨਾਲ ਲਾਉਂਦਿਆਂ-ਲਾਉਂਦਿਆਂ ਹੀ ਮੈਂ ਇੱਕ ਹੋਰ ਗੋਲ਼ਾ ਦਾਗ ਦਿੱਤਾ। ਮੈਂ ਉਡੀਕ ਕਰਨ ਲੱਗਾ ਕਿ ਕਦੋਂ ਉਹ ਫ਼ੋਨ ਤੋਂ ਵੇਹਲਾ ਹੁੰਦਾ ਹੈ। ਉਸ ਦੇ ਫ਼ੋਨ 'ਤੇ ਗੱਲ ਕਰਦਿਆਂ ਹੀ ਉਸ ਨੂੰ ਵਿੱਚੇ ਹੋਰ ਕਾਲ ਆ ਗਈ। ਉਸਦਾ ਟਿਕਾਣਾ ਨੇੜੇ ਆ ਰਿਹਾ ਸੀ ਪਰ ਉਸ ਦਾ ਫੋਨ ਬੰਦ ਨਹੀਂ ਸੀ ਹੋ ਰਿਹਾ। ਮੈਨੂੰ ਇਹ ਸਮਾਂ ਅਜਾਈਂ ਹੀ ਜਾਂਦਾ ਲੱਗ ਰਿਹਾ ਸੀ। ਟਿਕਾਣੇ 'ਤੇ ਪਹੁੰਚ ਕੇ ਜਦ ਉਸ ਨੇ ਫੋਨ ਕੰਨ ਨਾਲੋਂ ਲਾਹਿਆ ਤਾਂ ਮੈਂ ਕਿਹਾ, "ਤੁਸੀਂ ਮੇਰੇ ਐੱਚ ਐੱਸ ਟੀ ਵਾਲੇ ਸਵਾਲ ਦਾ ਜਵਾਬ ਤਾਂ ਦਿੱਤਾ ਨੀ।" "ਓ, ਆਈ ਐਮ ਸੌਰੀ ਕੁਝ ਇੰਪੋਰਟੈਂਟ ਟੈਲੀਫੋਨ ਆ ਗਏ। ਤੁਸੀਂ ਕਦੇ ਫਿਰ ਸਮਾਂ ਕੱਢ ਕੇ ਮਿਲ ਲਿਓ," ਉਸ ਨੇ ਕਿਹਾ। ਫਿਰ ਪੂਰਾ ਕਰਾਇਆ ਦਿੰਦਿਆਂ ਬੋਲਿਆ, " ਮੈਨੂੰ ਪਤੈ ਐਨੇ ਕੁ ਚੱਲ ਜਾਂਦੇ ਆ। ਮੈਂ ਆਮ ਹੀ ਟੈਕਸੀ ਲੈਨਾ ਓਥੋਂ।" ਮੀਟਰ ਲੇਟ ਚਲਾਇਆ ਹੋਣ ਕਰਕੇ ਉਸ ਉੱਪਰ ਘੱਟ ਭਾੜਾ ਬਣਿਆ ਸੀ। ਪੂਰਾ ਕਿਰਾਇਆ ਲੈ ਕੇ ਵੀ ਮੈਨੂੰ ਕੋਈ ਖੁਸ਼ੀ ਨਾ ਹੋਈ।

ਇਸ ਬਾਰੇ ਮੈਂ ਕਾਫ਼ੀ ਦੇਰ ਸੋਚਦਾ ਰਿਹਾ। ਕੁਝ ਸਮੇਂ ਬਾਅਦ ਮੈਨੂੰ ਖਿਆਲ ਆਇਆ ਕਿ ਇਕ ਟੈਕਸੀ ਚਾਲਕ ਵਜੋਂ ਇਕ ਸਵਾਰੀ ਕੋਲ ਆਪਣੇ ਨਿੱਜੀ ਗਿਲੇ-ਸ਼ਿਕਵੇ ਕਰਨੇ ਜ਼ਾਇਜ ਹਨ? ਮੈਨੂੰ ਕੁਝ ਹਫ਼ਤੇ ਪਹਿਲਾਂ ਪੜ੍ਹੀ ਪੀਟਰ ਮਕਸ਼ੈਰੀ ਦੀ ਕਿਤਾਬ 'ਮੀਨ ਸਟਰੀਟਸ : ਕਨਫੈਸ਼ਨਸ ਆਫ਼ ਏ ਨਾਈਟ ਟਾਈਮ ਟੈਕਸੀ ਡਰਾਈਵਰ' ਯਾਦ ਆਈ। ਉਸ ਵਿਚ ਲੇਖਕ ਨੇ ਕਿਹਾ ਹੈ ਕਿ ਟੈਕਸੀ ਡਰਾਈਵਰ ਨੂੰ ਮਸ਼ਹੂਰ ਹਸਤੀਆਂ ਨੂੰ ਇਕ ਸਵਾਰੀ ਵਜੋਂ ਬਣਦੀ ਸਰਵਿਸ ਦੇਣੀ ਚਾਹੀਦੀ ਹੈ ਨਾ ਕਿ ਉਨ੍ਹਾਂ ਪ੍ਰਤੀ ਆਪਣੇ ਗਿਲੇ ਜ਼ਾਹਰ ਕਰਨੇ ਚਾਹੀਦੇ ਹਨ। ਮੈਨੂੰ ਲੇਖਕ ਦੀ ਇਹ ਗੱਲ ਚੰਗੀ ਲੱਗੀ। ਮੈਂ ਸੋਚਣ ਲੱਗਾ ਕਿ ਉਜੱਲ ਦੁਸਾਂਝ ਨੇ ਇਸ ਰਾਈਡ ਦੀ ਕੀਮਤ ਤਾਰਨੀ ਸੀ । ਕੀ ਉਸਦਾ ਹੱਕ ਨਹੀਂ ਕਿ ਇਸ ਬਦਲੇ ਉਹ ਚੰਗੇ ਤੇ ਖੁਸ਼ਗਵਾਰ ਮਾਹੌਲ ਵਿਚ ਸਫ਼ਰ ਕਰਦਾ। ਮੈਂ ਬਾਕੀ ਸਵਾਰੀਆਂ ਨੂੰ ਖੁਸ਼ ਰੱਖਣ ਲਈ ਵੀ ਤਾਂ ਉਹੋ-ਜਿਹੀਆਂ ਗੱਲਾਂ ਕਰਨ ਦੀ ਕੋਸ਼ਿਸ਼ ਕਰਦਾ ਹਾਂ , ਜਿਸ ਨਾਲ ਉਨ੍ਹਾਂ ਦਾ ਟੈਕਸੀ ਵਿਚਲਾ ਸਫ਼ਰ ਚੰਗਾ ਹੋਵੇ। ਜੇ ਉਹ ਫੋਨ ਵਗੈਰਾ 'ਤੇ ਰੁੱਝੇ ਹੋਣ ਤਾਂ ਮੈਂ ਚੁੱਪ ਕਰ ਜਾਂਦਾ ਹਾਂ। ਤੇ ਫਿਰ ਮੈ ਇਕ ਰਾਜਨੀਤੀਵਾਨ ਤੋਂ ਕਿਓਂ ਆਸ ਰੱਖੀ ਕਿ ਉਹ ਮੇਰੇ ਸਵਾਲਾਂ ਦਾ ਜ਼ਰੂਰ ਹੀ ਜਵਾਬ ਦੇਵੇ? ਉਸਨੇ ਇਕ ਸਵਾਰੀ ਵਜੋਂ ਮੇਰੇ ਕੀ ਮਾਂਹ ਮਾਰੇ ਸਨ?

# ਗਰੀਡੀ ਡੌਗ

ਉਹ ਜਿਸ ਟੈਕਸੀ ਕੰਪਨੀ ਵਿੱਚੋਂ ਟੈਕਸੀ ਚਲਾਉਣੀ ਛੱਡ ਕੇ ਆਇਆ ਸੀ, ਉਸ ਕੰਪਨੀ ਦੇ ਡਰਾਈਵਰ ਉਸ ਨੂੰ 'ਗਰੀਡੀ ਡੌਗ' ਆਖਦੇ ਸਨ। ਇਸ ਬਾਰੇ ਨਵੀਂ ਕੰਪਨੀ, ਜਿੱਥੇ ਉਹ ਹੁਣ ਟੈਕਸੀ ਚਲਾਉਂਦਾ ਸੀ ਦੇ ਬਹੁਤ ਥੋੜ੍ਹੇ ਡਰਾਈਵਰਾਂ ਨੂੰ ਪਤਾ ਸੀ। ਇਸ ਕੰਪਨੀ ਦੇ ਡਰਾਈਵਰ ਉਸ ਨੂੰ 'ਬਲੈਕ ਜ਼ੀਰੋ ਟੈਕਸੀ' ਵਾਲਾ ਬਿੱਲ੍ਹਾ ਕਰਕੇ ਜਾਣਦੇ ਸਨ। ਬਿੱਲ੍ਹਾ ਰਾਤ ਦੀ ਸ਼ਿਫਟ ਟੈਕਸੀ ਚਲਾਉਂਦਾ। ਉਹ ਬਾਕੀ ਡਰਾਈਵਰਾਂ ਨਾਲੋਂ ਜਿਆਦਾ ਦਿਹਾੜੀ ਬਣਾਉਂਦਾ। ਚੌਥੇ ਕੁ ਦਿਨ ਉਹ ਸ਼ਿਫਟ ਖਤਮ ਹੋਣ ਵੇਲੇ ਕਿਸੇ ਨਾ ਕਿਸੇ ਡਰਾਈਵਰ ਨੂੰ ਦਾਰੂ ਪਿਲਾ ਦਿੰਦਾ। ਕਈ ਡਰਾਈਵਰ ਆਖਦੇ ਕਿ ਉਹ ਡਿਸਪੈਚਰਾਂ ਨੂੰ ਵੀ ਦਾਰੂ ਪਿਲਾਉਂਦਾ ਹੋਵੇਗਾ ਇਸੇ ਕਰਕੇ ਉਹ ਜਿਆਦਾ ਡਾਲਰ ਬਣਾਉਂਦਾ ਹੈ। ਪਰ ਧੰਨੇ ਦੇ ਇਹ ਗੱਲ ਹਜ਼ਮ ਨਾ ਹੁੰਦੀ। ਉਸ ਨੇ ਸੋਚਿਆ ਕਿ ਉਹ ਇਸ ਗੱਲ ਦਾ ਪਤਾ ਲਾ ਕੇ ਰਹੇਗਾ ਕਿ ਬਿੱਲ੍ਹੇ ਕੋਲ ਕਿਹੜੀ ਗਿੱਦੜਸਿੰਗੀ ਹੈ!

ਧੰਨਾ ਵੀ ਰਾਤ ਦੀ ਸ਼ਿਫਟ ਟੈਕਸੀ ਚਲਾਉਂਦਾ। ਉਸ ਨੇ ਦਾਰੂ ਦੀ ਬੋਤਲ ਲੈ ਕੇ ਆਪਣੀ ਕਾਰ ਵਿਚ ਰੱਖ ਲਈ। ਅਗਲੀ ਸਵੇਰ ਦੇ ਚਾਰ ਵਜੇ, ਜਦੋਂ ਰਾਤ ਦੀ ਸ਼ਿਫਟ ਖਤਮ ਹੁੰਦੀ, ਧੰਨੇ ਨੇ ਬਿੱਲ੍ਹੇ ਨੂੰ ਜਾ ਫੜਿਆ। ਧੰਨਾ ਕਹਿੰਦਾ, " ਬੜੇ ਭਾਈ, ਅੱਗੇ ਤੇਰੇ ਤੋਂ ਪੀਵੀ ਦੀ ਐ, ਅੱਜ ਮੈਨੂੰ ਮੌਕਾ ਦੇ।"

"ਕੋਈ ਨੀ ਜੇ ਮੈਂ ਕਿਤੇ ਪਿਆ 'ਤੀ, ਤਾਂ ਕੀ ਹੋ ਗਿਆ!' ਬਿੱਲ੍ਹਾ ਬੋਲਿਆ।

ਧੰਨਾ ਕਹਿੰਦਾ, "ਤੇਰੀ ਖਾਤਰ ਸਪੈਸ਼ਲ ਲਿਆਂਦੀ ਐ। ਭਾਰ ਲਾਹੁਣ ਦਾ ਮੌਕਾ ਦੇ।"

ਉਹ ਦੋਹੇਂ ਧੰਨੇ ਦੀ ਕਾਰ ਵਿੱਚ ਜਾ ਬੈਠੇ। ਗਲਾਸਾਂ 'ਚ ਸ਼ਰਾਬ ਪਾਉਂਦਾ ਧੰਨਾ ਫਿਰ ਕਹਿੰਦਾ, "ਬੜੇ ਭਾਈ, ਆਹ ਤਾਂ ਬਹੁਤ ਚੰਗਾ ਕੀਤਾ, ਜਿਹੜਾ ਆਖੇ ਲੱਗ ਗਿਆ। ਕੁਛ ਤਾਂ ਭਾਰ ਹੌਲਾ ਹੋਊ। ਤੂੰ ਪੱਲਿਓਂ ਪਿਆ ਪਿਆ ਕੇ ਭਾਰ ਚੜ੍ਹਾਈ ਜਾਨੈ। ਅੱਜ ਤੈਨੂੰ ਖਾਣਾ ਵੀ ਖਵਾਉਨੈਂ। ਥੋੜ੍ਹਾ ਤਰਾਰੇ 'ਚ ਹੋ ਕੇ ਆਪਾਂ ਡੈਨੀਜ਼ ਰੈਸਟੋਰੈਂਟ ਚੱਲਦੇ ਆਂ।" 'ਪੱਲਿਓਂ' ਸ਼ਬਦ 'ਤੇ ਧੰਨੇ ਜੋਰ ਦਿੱਤਾ।

"ਅੱਜ ਤਾਂ ਯਾਰ, ਬੜਾ ਦਿਆਲ ਹੋਇਐਂ!" ਬਿੱਲ੍ਹਾ ਬੋਲਿਆ।

" ਸਾਡੀ ਦਿਆਲਤਾ ਕਾਹਦੀ ਬੜੇ ਭਾਈ, ਤੇਰੇ ਜਿੱਡਾ ਜਿਗਰਾ ਕਿੱਥੋਂ ਲਿਆਈਏ, ਜਿਹੜਾ ਚੌਥੇ ਕੁ ਦਿਨ ਜੱਗ ਕਰ ਦਿੰਨੈ।"

ਦੂਜੀ ਵਾਰ ਗਲਾਸ ਭਰਦਾ ਧੰਨਾ ਬੋਲਿਆ, "ਬੜੇ ਭਾਈ, ਕਈ ਕਹਿੰਦੇ ਆ ਕਿ ਤੂੰ ਤਾਂ ਡਰਾਈਵਰਾਂ ਨੂੰ ਪਿਆ ਦਿੰਨੈ ਫਿਰ ਡਿਸਪੈਚਰਾਂ ਨੂੰ ਕਿਓਂ ਨਾ ਪਿਆਉਂਦਾ ਹੋਵੇਂਗਾ! ਕੀ ਮਿਲਦੈ ਤੈਨੂੰ ਨਾਲੇ ਗੱਲਾਂ ਕਰਾਉਨੈਂ, ਨਾਲੇ ਪੱਲਿਓਂ ਖਰਚਾ ਕਰਦੈਂ।"

"ਤੈਨੂੰ ਦੱਸ ਦਿੰਨੈ ਪਰ ਕਿਸੇ ਕੋਲ ਗੱਲ ਨਾ ਕਰੀਂ। ਖਰਚਾ ਮੈਂ ਕੋਈ ਨੀ ਕਰਦਾ। ਇਓਂ ਈ ਬੱਸ ਹੱਥ ਲੱਗ ਜਾਂਦੀ ਐ ਦਾਰੂ ਕਦੇ-ਕਦਾਈਂ।"

"ਲੈ ਐਂ ਕਿਵੇਂ ਲੱਗ ਜਾਂਦੀ ਐ ਹੱਥ! ਐਵੇਂ ਕਰਦੈਂ ਤੂੰ।"

"ਕੋਈ ਨਾ ਕੋਈ ਸਵਾਰੀ ਛੱਡ ਜਾਂਦੀ ਐ।"

"ਹੱਦ ਹੋਗੀ! ਸਾਡੀ ਟੈਕਸੀ 'ਚ ਤਾਂ ਕਦੇ ਕੋਈ ਸਵਾਰੀ ਛੱਡ ਕੇ ਨੀ ਗਈ।"

"ਤੁਸੀਂ ਯਾਰ ਦਿਮਾਗ ਨੀ ਵਰਤਦੇ। ਆਪਾਂ ਤਾਂ ਜੁਗਤ ਵਰਤਦੇ ਆਂ। ਜਦੋਂ ਕਿਸੇ ਸਵਾਰੀ ਦੇ ਹੱਥ 'ਚ ਦੇਖੀਦੀ ਐ ਤਾਂ ਝੱਟ ਅਗਲੇ ਨੂੰ ਆਖ ਦੇਈਦੈ ਕਿ ਟੈਕਸੀ 'ਚ ਪੀਣੀ ਇਲੀਗਲ ਐ। ਪਿੱਛੇ ਟਰੰਕ 'ਚ ਰੱਖੋ। ਦਾਰੂ ਟਰੰਕ 'ਚ ਰਖਾ ਕੇ ਅਗਲੇ ਨੂੰ ਐਸਾ ਗੱਲਾਂ 'ਚ ਲਾਈਦੈ ਕਿ ਬਹੁਤੀ ਵਾਰੀ ਅਗਲਾ ਉਤਰਨ ਲੱਗਾ ਦਾਰੂ ਬਾਰੇ ਭੁੱਲ ਜਾਂਦੈ।"

"ਬੜਾ ਗੁਰੂ ਐਂ, ਬੜੇ ਭਾਈ ਤੂੰ ਤਾਂ!" ਆਖਦਾ ਧੰਨਾ ਹੱਸਿਆ।

ਦੂਜਾ ਗਲਾਸ ਖਾਲੀ ਕਰਦਿਆਂ ਕਰਦਿਆਂ ਧੰਨੇ ਨੇ ਬਿੱਲੂ ਦੇ ਮੋਢੇ 'ਤੇ ਹੱਥ ਮਾਰ ਕੇ ਦੋ-ਤਿੰਨ ਵਾਰ 'ਤੂੰ ਤਾਂ ਬੜਾ ਦਿਮਾਗੀ ਬੰਦੈ' ਕਿਹਾ।

ਤੀਜਾ ਗਲਾਸ ਭਰ ਕੇ ਧੰਨਾ ਕਹਿੰਦਾ, "ਬੜੇ ਭਾਈ, ਅੱਜ ਫੇਰ ਕਿੰਨੇ ਬਣਾ ਕੇ ਲੈ ਚੱਲਿਐਂ?"

"ਪੌਣੇ ਤਿੰਨ ਸੌ ਐ।"

"ਮੇਰੇ ਬਣੇ ਐ ਸਵਾ ਦੋ ਸੌ। ਬੜੇ ਭਾਈ, ਜਿੱਦਣ ਮਰਜੀ ਪੁੱਛ ਲੀਏ, ਤੇਰੇ ਚਾਲੀ-ਪੰਜਾਹ ਵੱਧ ਬਣੇ ਹੁੰਦੇ ਆ। ਕੀ ਗਿੱਦੜਸਿੰਗੀ ਐ ਤੇਰੇ ਕੋਲ?

"ਗਿੱਦੜਸਿੰਗੀ ਕੀ ਹੋਣੀ ਐ! ਦਿਮਾਗ ਵਰਤੀਦੈ।"

" ਬੜੇ ਭਾਈ, ਮੈਨੂੰ ਵੀ ਦੱਸ ਕੋਈ ਗੁਰ-ਮੰਤਰ।"

"ਰਾਤਾਂ ਨੂੰ ਸ਼ਰਾਬੀਆਂ ਨਾਲ ਵਾਹ ਪੈਂਦਾ, ਜਿੰਨੇ ਮਰਜ਼ੀ ਡਾਲੇ ਬਣਾਈ ਜਾਓ। ਅੱਜ ਈ ਮਿਲਿਆ ਇੱਕ ਸ਼ਰਾਬੀ। ਓਹਨੇ ਬਰਨਬੀ ਜਾਣਾ ਸੀ। ਮੈਂ ਟੈਕਸੀ ਤੋਰਨ ਤੋਂ ਪਹਿਲਾਂ ਹੀ ਕਰਾਇਆ ਮੰਗ ਲਿਆ। ਉਸ ਤੋਂ ਵੀਹਾਂ ਦਾ ਨੋਟ ਲੈ ਕੇ ਮੈਂ ਟੈਕਸੀ ਤੋਰ ਲਈ। ਜਦੋਂ ਓਹਦੇ ਟਿਕਾਣੇ 'ਤੇ ਪਹੁੰਚੇ ਤਾਂ ਮੈਂ ਫੇਰ ਕਰਾਇਆ ਮੰਗ ਲਿਆ। ਓਹ ਕਹੇ ਮੈਂ ਪਹਿਲਾਂ ਹੀ ਤੈਨੂੰ ਵੀਹ ਡਾਲਰ ਦਿੱਤੇ ਆ। ਮੈਂ ਮੂਹਰੋਂ ਹੱਸ ਕੇ ਆਖ ਦਿੱਤਾ ਕਿ ਸ਼ਰਾਬ ਤਾਂ ਤੂੰ ਪੀਤੀ ਐ ਤੇ ਸ਼ਰਾਬੀ ਤੂੰ ਮੈਨੂੰ ਸਮਝੀ ਜਾਨੈਂ।

ਕਦੋਂ ਦਿੱਤੇ ਸੀ ਵੀਹ ਡਾਲਰ। ਓਹ ਜੀ ਮੰਨ ਗਿਆ। ਕਹਿੰਦਾ ਭੁਲੇਖਾ ਲੱਗ ਗਿਆ ਹੋਊ।"

"ਕੀ ਕਹਿਣੇ ਬੜੇ ਭਾਈ, ਤੇਰੇ," ਧੰਨੇ ਨੇ ਤਾੜੀ ਮਾਰੀ।

ਬਿੱਲ੍ਹਾ ਚਾਂਭਲ ਗਿਆ। ਕਹਿੰਦਾ, " ਲੈ ਕੱਲ੍ਹ ਦੀ ਸੁਣ ਲੈ। ਇੱਕ ਬੰਦੇ ਨੂੰ ਡਾਊਨ-ਟਾਊਨ 'ਚੋਂ ਚੁੱਕਿਆ। ਓਹਨੇ ਬਰਾਡਵੇ 'ਤੇ ਜਿਹੜਾ ਹੌਲੀ ਡੇਅ ਇੰਨ ਹੋਟਲ ਐ, ਉਥੇ ਜਾਣਾ ਸੀ। ਕਿਸੇ ਬਾਹਰਲੇ ਸ਼ਹਿਰ ਤੋਂ ਲੱਗਦਾ ਸੀ। ਓਹ ਫੋਨ 'ਤੇ ਕਿਸੇ ਨਾਲ ਗੱਲੀਂ ਲੱਗਾ ਸੀ। ਟ੍ਰਿਪ ਛੋਟਾ ਸੀ। ਮੈਂ ਸੋਚਿਆ ਏਹਨੂੰ ਥੋੜਾ ਵਲ ਕੇ ਲਿਆਓਨੇ ਆ। ਮੈਂ ਕੈਂਬੀ ਬ੍ਰਿਜ ਤੋਂ ਛੇ ਐਵੀਨਿਊ ਪਾ ਕੇ ਓਕ ਸਟਰੀਟ ਪਾ ਲਈ। ਮੇਰਾ ਵਿਚਾਰ ਸੀ ਬਈ ਕਿੰਗ ਇਡਵਰਡ ਸਟਰੀਟ ਪਾ ਕੇ ਫੇਰ ਬਰਾਡਵੇ ਵੱਲ ਨੂੰ ਮੋੜ ਕੇ ਲਿਆਊਂਗਾ। ਉਹ ਫੋਨ 'ਤੇ ਗੱਲੀਂ ਰੁੱਝਿਆ ਵਾ ਸੀ। ਜਦੋਂ ਟੈਕਸੀ ਸੋਲ੍ਹਾਂ ਐਵੀਨਿਊ 'ਤੇ ਪਹੁੰਚੀਂ ਤਾਂ ਓਹਦੀ ਨਿਗਾ ਬਾਹਰ ਵੱਲ ਗਈ। ਉਹ ਕਹਿੰਦਾ, 'ਕਿੱਧਰ ਲੈ ਚੱਲਿਐਂ?' ਮੈਨੂੰ ਲੱਗ ਗਿਆ ਪਤਾ ਬਈ ਏਹਨੂੰ ਰਾਹ ਦਾ ਪਤੈ। ਜੇ ਕੋਈ ਹੋਰ ਡਰੈਵਰ ਹੁੰਦਾ ਤਾਂ ਥਿੜਕ ਜਾਂਦਾ। ਮੈਂ ਜੁਗਤ ਵਰਤੀ। ਮੈਂ ਟੈਕਸੀ ਪਾਸੇ ਕਰਕੇ ਖੜ੍ਹਾ ਲਈ। ਦੋ ਕੁ ਵਾਰ ਸਿਰ ਨੂੰ ਝਟਕਿਆ। ਫੇਰ ਰੋਣਹਾਕੀ ਆਵਾਜ਼ ਬਣਾ ਕੇ ਓਸ ਨੂੰ 'ਸੌਰੀ' ਕਿਹਾ। ਤੇ ਫੇਰ ਸਟੋਰੀ ਬਣਾ ਕੇ ਓਹਨੂੰ ਦੱਸ ਦਿੱਤੀ। ਮੈਂ ਕਿਹਾ ਬਈ ਮੇਰੇ ਘਰਵਾਲੀ ਕੈਂਸਰ ਹਸਪਤਾਲ 'ਚ ਪਈ ਐ। ਦੋ ਰਾਤਾਂ ਤੋਂ ਮੈਂ ਸੁੱਤਾ ਨੀ। ਹਮੇਸ਼ਾ ਧਿਆਨ ਓਸੇ 'ਚ ਰਹਿੰਦਾ।ਏਸੇ ਕਰਕੇ ਟੈਕਸੀ ਕੈਂਸਰ ਹਸਪਤਾਲ ਵੱਲ ਲੈ ਚੱਲਿਆ ਸੀ। ਦੋ ਵਾਰ ਫੇਰ ਓਹ ਨੂੰ 'ਸੌਰੀ' ਕਿਹਾ। ਓਸ ਬੰਦੇ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਹੌਂਸਲਾ ਦਿੱਤਾ। ਫੇਰ ਹੋਟਲ ਪਹੁੰਚ ਕੇ ਵੀਹ ਡਾਲਰ ਟਿੱਪ ਦੇ ਕੇ ਗਿਆ। ਕਹਿੰਦਾ ਘਰ ਜਾ ਕੇ ਘੜੀ ਸੌਂ ਆ।"

"ਬੜੇ ਭਾਈ, ਬੜੀ ਕੁੱਤੀ ਸ਼ੈਅ ਐਂ ਤੂੰ। ਤੈਨੂੰ ਮੌਕੇ 'ਤੇ ਐਹੋ ਜੀਆਂ ਅਹੁੜਦੀਐਂ ਕਿਵੇਂ ਐਂ! ਕਮਾਲ ਐ ਬੜੇ ਭਾਈ! ਤੈਨੂੰ ਤਾਂ ਵਕੀਲ-ਵਕੂਲ ਬਨਣਾ ਚਾਹੀਦਾ ਸੀ।"

ਬਿੱਲ੍ਹਾ ਹੋਰ ਖੁਸ਼ ਹੋ ਗਿਆ।

"ਲੈ ਚੁੱਕ ਬੜੇ ਭਾਈ, ਫੇਰ ਤੈਨੂੰ ਖਾਣਾ ਵੀ ਖਵਾਉਣੈ। ਜੇ ਤੇਰੀ ਸੇਵਾ ਕਰਾਂਗੇ ਤਾਂ ਹੀ ਤੂੰ ਨਵੇਂ-ਨਵੇਂ ਗੁਰ ਦੱਸੇਂਗਾ!" ਆਖ ਕੇ ਧੰਨੇ ਨੇ ਬਿੱਲ੍ਹੇ ਵੱਲ ਦੇਖਿਆ। ਉਸ ਨੂੰ ਪੂਰਾ ਖੁਸ਼ ਦੇਖ ਕੇ ਫਿਰ ਬੋਲਿਆ, "ਬੜੇ ਭਾਈ, ਤੂੰ ਉਹ ਕੁੱਤੇ ਵਾਲੀ ਗੱਲ ਵੀ ਸੁਣਾ। ਉੱਡਦੀ ਜੀ ਆਸਿਓਂ-ਪਾਸਿਓਂ ਗੱਲ ਸੁਣੀ ਸੀ ਪਰ ਤੂੰ ਪੂਰੀ ਸੁਣਾ।"

"ਓਹ, ਅੱਛਾ ਅੱਛਾ। ਓਹ ਤਾਂ ਪੁਰਾਣੀ ਗੱਲ ਐ, ਯਾਰ।"

"ਕੋਈ ਨੀ ਪੁਰਾਣੀ ਕੀ ਕਹਿੰਦੀ ਐ। ਤੂੰ ਸੁਣਾ। ਹੋਊਗੀ ਉਹ ਵੀ ਸਿਰੇ ਸੱਟ ਈ।"

"ਉਹ ਗੱਲ ਏਦਾਂ ਸੀ ਕਿ ਮੈਨੂੰ ਇੱਕ ਵਾਰੀ ਖਾਣਾ ਡਲਿਵਰ ਕਰਨ ਦਾ

ਟ੍ਰਿੱਪ ਮਿਲਿਆ। ਮੈਂ ਰੈਸਟੋਰੈਂਟ ਤੋਂ ਖਾਣਾ ਚੁੱਕ ਕੇ ਹਾਲੇ ਚੱਲਿਆ ਹੀ ਸੀ ਕਿ ਰਾਹ 'ਚ ਮੈਨੂੰ ਇੱਕ ਫਲੈਗ ਮਿਲ ਗਿਆ। ਮੈਂ ਪਹਿਲਾਂ ਹੀ ਸੋਚਦਾ ਜਾਂਦਾ ਸੀ ਕਿ ਜੇ ਕੋਈ ਉਧਰ ਨੂੰ ਜਾਂਦਾ ਫਲੈਗ ਮਿਲ ਜੇ ਤਾਂ ਸਵਾਦ ਈ ਆ ਜੇ। ਮੈਂ ਟੈਕਸੀ ਰੋਕ ਲਈ। ਬੰਦੇ ਦੇ ਨਾਲ ਇੱਕ ਨਿੱਕਾ ਜਿਹਾ ਕੁੱਤਾ ਸੀ। ਉਹ ਕਹਿੰਦਾ ਕਿ ਏਸ ਕੁੱਤੇ ਨੂੰ ਘਰ ਪਚਾਉਨੈਂ। ਕਹਿੰਦਾ ਬਹੁਤ ਚੰਗਾ ਕੁੱਤਾ ਐ, ਜਿੱਥੇ ਬੈਠਾਤਾ ਓਥੇ ਹੀ ਬੈਠਾ ਰਹਿਨੈਂ ਏਹਨੇ। ਨਾਲ ਹੀ ਓਸ ਬੰਦੇ ਨੇ ਵੀਹਾਂ ਦਾ ਨੋਟ ਦਿਖਾ 'ਤਾ। ਵੀਹ ਤਾਂ ਓਦੋਂ ਏਅਰਪੋਰਟ ਦੇ ਮਸਾਂ ਚੱਲਦੇ ਸੀ। ਮੈਂ ਕਿਹਾ ਠੀਕ ਐ ਲੈ ਚੱਲਦੇ ਆਂ। ਮੈਂ ਖਾਣਾ ਵੀ ਉਧਰਲੇ ਪਾਸੇ ਹੀ ਡਲਿਵਰ ਕਰਨਾ ਸੀ। ਮੈਂ ਜੀ ਟੈਕਸੀ ਦਾ ਪਿਛਲਾ ਦਰਵਾਜਾ ਖੋਲ੍ਹ ਦਿੱਤਾ। ਓਸ ਬੰਦੇ ਨੇ ਪਿਛਲੀ ਸੀਟ ਦੇ ਪੈਰਾਂ 'ਚ ਕੁੱਤੇ ਨੂੰ ਬੈਠਾ ਦਿੱਤਾ। ਕੁੱਤੇ ਨੂੰ ਓਥੋਂ ਨਾ ਹਿੱਲਣ ਦੀ ਤਾੜਨਾ ਵੀ ਕਰ ਗਿਆ। ਮੈਂ ਟੈਕਸੀ ਹਾਲੇ ਤੋਰੀ ਹੀ ਸੀ ਕਿ ਕੁੱਤੇ ਨੇ ਟਪੂਸੀ ਮਾਰ ਕੇ ਮੂਹਰਲੀ ਸੀਟ 'ਤੇ ਪਏ ਖਾਣੇ ਨੂੰ ਸੰਨ੍ਹ ਲਾ ਲਈ। ਮੈਂ ਇਕ ਦਮ ਈ ਘਬਰਾ ਗਿਆ। ਕੁੱਤੇ ਨੂੰ ਹਟਾਉਣ ਲਈ ਓਹਦੇ ਮਾਰਿਆ ਤੇ ਟੈਕਸੀ ਪਾਸੇ ਨੂੰ ਕਰ ਕੇ ਰੋਕ ਲਈ। ਕੁੱਤਾ ਖੁੱਲ੍ਹੇ ਸ਼ੀਸ਼ੇ ਰਾਹੀਂ ਛਾਲ ਮਾਰ ਕੇ ਬਾਹਰ ਭੱਜ ਗਿਆ। ਮੈਂ ਬਥੇਰੀਆਂ ਬੁਸ਼ਕਰਾਂ ਮਾਰੀਆਂ ਪਰ ਉਹ ਆਵਦੇ ਮਾਲਕ ਵੱਲ ਦੌੜ ਗਿਆ। ਮੈਂ ਛੇਤੀਂ-ਛੇਤੀਂ ਆ ਕੇ ਟੈਕਸੀ ਤੋਰ ਲਈ। ਮੈਨੂੰ ਡਰ ਸੀ ਕਿ ਅਗਲਾ ਆਵਦੇ ਵੀਹ ਡਾਲਰ ਨਾ ਮੁੜਵਾ ਲਵੇ। ਮੇਰੀ ਨਿਗ੍ਹਾ ਖਾਣੇ ਵਾਲੀ ਟ੍ਰੇਅ 'ਤੇ ਪਈ ਤਾਂ ਸੋਚਿਆ ਕਿ ਹੁਣ ਕੀ ਕਰਾਂ? ਕੁੱਤੇ ਨੇ ਟ੍ਰੇਅ ਉੱਪਰਲਾ ਫੌਇਲ ਪੇਪਰ ਪਾੜ ਦਿੱਤਾ ਸੀ। ਉਹ ਮੀਟ ਦਾ ਪੀਸ ਵੀ ਲੈ ਗਿਆ ਸੀ। ਖਾਣੇ ਵਾਲੇ ਖਾਣਾ ਉਡੀਕਦੇ ਸੀ। ਡਿਸਪੈਚਰ ਦੇਰੀ ਦਾ ਕਾਰਣ ਪੁੱਛਣ ਲੱਗਾ ਤਾਂ ਘਬਰਾਏ ਦੇ ਮੂੰਹੋਂ ਨਿਕਲ ਗਿਆ ਕਿ ਖਾਣਾਂ ਤਾਂ ਠੀਕ ਹੈ ਪਰ ਕੁੱਤਾ ਭੱਜ ਗਿਆ। ਡਿਸਪੈਚਰ ਹੈਰਾਨ ਸੀ ਕਿ ਇਹ ਕੁੱਤਾ ਕਿਧਰੋਂ ਆ ਗਿਆ। ਮੇਰੀ ਸੁਰਤ ਜਦੋਂ ਟਿਕਾਣੇ ਸਿਰ ਆਈ ਤਾਂ ਮੈਂ ਜੁਗਤ ਵਰਤੀ । ਸਟੋਰ ਤੋਂ ਨਵਾਂ ਫੌਇਲ ਪੇਪਰ ਖ੍ਰੀਦ ਕੇ ਟ੍ਰੇਅ ਢੱਕ ਕੇ ਡਲਿਵਰ ਕਰ 'ਤੀ।"

"ਓਹ ਬੱਲੇ-ਬੱਲੇ, ਬੜੇ ਭਾਈ ਤੂੰ ਤਾਂ ਬੜਾ ਵੱਡਾ ਗਰੀਡੀ ਡੌਗ ਐਂ!" ਆਖ ਕੇ ਧੰਨਾ ਹੱਸਿਆ।

'ਗਰੀਡੀ ਡੌਗ' ਸੁਣ ਕੇ ਬਿੱਲ੍ਹਾ ਝੇਂਪ ਗਿਆ। ਉਸ ਨੂੰ ਸਮਝ ਨਾ ਲੱਗੀ ਕਿ ਧੰਨੇ ਨੇ ਪ੍ਰਸੰਸਾ ਕੀਤੀ ਸੀ ਜਾਂ ਟਾਂਚ ਲਾਈ ਸੀ।

# ਇਕ ਬੇ-ਰੰਗ-ਰਸ ਸ਼ਿਫ਼ਟ

ਮੈਂ ਸਵੇਰੇ ਦੋ ਵੱਜ ਕੇ ਪੰਜਾਹ ਮਿੰਟ 'ਤੇ ਜਾਗਦਾ ਹਾਂ ਅਤੇ ਤਿੰਨ ਪਚਵੰਜਾ 'ਤੇ ਟੈਕਸੀ ਮਾਲਕ ਦੇ ਘਰ ਮੂਹਰੇ ਪਹੁੰਚ ਜਾਂਦਾ ਹਾਂ। ਉੱਥੇ ਪਹਿਲਾਂ ਹੀ ਟੈਕਸੀ ਖੜ੍ਹੀ ਦੇਖ ਕੇ ਮੈਨੂੰ ਚੰਗਾ ਲੱਗਦਾ ਹੈ। ਸਵੇਰ ਦੇ ਉਸ ਵਕਤ ਉਡੀਕ ਕਰਨੀ ਬਹੁਤ ਹੀ ਔਖੀ ਲਗਦੀ ਹੈ; ਭਾਵੇਂ ਦੋ ਮਿੰਟ ਦੀ ਹੀ ਉਡੀਕ ਕਿਉਂ ਨਾ ਹੋਵੇ। ਟੈਕਸੀ ਦਾ ਦਰਵਾਜ਼ਾ ਖੋਹਲਦਾ ਹਾਂ ਤਾਂ ਕਾਰ ਵਿੱਚੋਂ ਮੁਸ਼ਕ ਦੀ ਭਬਕ ਨੱਕ ਨੂੰ ਚੜ੍ਹਦੀ ਹੈ। ਮੇਰਾ ਜੀਅ ਕਰਦਾ ਹੈ ਕਿ ਟੈਕਸੀ ਦੇ ਸ਼ੀਸ਼ੇ ਖੋਹਲ ਦੇਵਾਂ ਪਰ ਬਾਹਰ ਮੀਂਹ ਪੈ ਰਿਹਾ ਹੈ। ਗਲੱਵ ਕੰਪਾਰਟਮੈਂਟ ਵਿਚ ਦੇਖਦਾ ਹਾਂ ਜੇ ਏਅਰ ਫਰੈਸ਼ਨਰ ਸਪਰੇਅ ਪਈ ਹੋਵੇ। ਉਥੇ ਸਟਰਾਅ ਬੇਰੀ ਸੈਂਟ ਦੀ ਸਪਰੇਅ ਪਈ ਹੈ। ਇਹ ਸੈਂਟ ਮੈਨੂੰ ਚੰਗਾ ਨਹੀਂ ਲੱਗਦਾ। ਪਰ ਉਹ ਟੈਕਸੀ ਵਿੱਚੋਂ ਆ ਰਹੀ ਭੈੜੀ ਬੋਅ ਨਾਲੋਂ ਤਾਂ ਬੇਹਤਰ ਹੀ ਹੋਵੇਗਾ ਇਹ ਸੋਚਕੇ ਮੈਂ ਟੈਕਸੀ ਅੰਦਰ ਛਿੜਕ ਦਿੰਦਾ ਹਾਂ। ਟੈਕਸੀ ਵਿਚ ਆਪਣੀ ਫੋਟੋ ਵਾਲਾ ਪਛਾਣ ਪੱਤਰ ਟੰਗ ਕੇ ਮੈਂ ਕੰਪਿਊਟਰ ਸਕਰੀਨ ਔਨ ਕਰ ਕੇ ਆਪਣਾ ਪਾਸਵਰਡ ਪਾ ਦਿੰਦਾ ਹਾਂ। ਟੈਕਸੀ ਨੂੰ 180 ਤੇ 150 ਜ਼ੋਨ ਵਿਚ ਬੁੱਕ ਕਰ ਦਿੰਦਾ ਹਾਂ। ਫਿਰ ਨਵੀਂ ਟ੍ਰਿੱਪ ਸ਼ੀਟ ਕੱਢ ਕੇ ਉਸ ਵਿਚ ਕਿਰਾਏ ਵਾਲੇ ਮੀਟਰ 'ਤੇ ਪਹਿਲਾਂ ਚੱਲਿਆ ਕਿਰਾਇਆ, ਕੁਲ ਕਿਲੋਮੀਟਰ, ਕਿਰਾਏ ਵਾਲੇ ਕਿਲੋਮੀਟਰ, ਕੰਮ ਸ਼ੁਰੂ ਕਰਨ ਦਾ ਸਮਾਂ, ਟੈਕਸੀ ਨੰਬਰ ਤੇ ਆਪਣਾ ਨਾਂ ਪਤਾ ਭਰ ਕੇ ਟੈਕਸੀ ਤੋਰ ਲੈਂਦਾ ਹਾਂ। ਮੇਰਾ ਵਿਚਾਰ ਹੈ ਕਿ ਸਿੱਧਾ ਡਾਊਨ-ਟਾਊਨ ਵੱਲ ਜਾਵਾਂਗਾ। ਰਾਹ ਵਿਚ ਜੇ ਬੁੱਕ ਕੀਤੇ ਜ਼ੋਨਾਂ ਵਿੱਚੋਂ ਕੋਈ ਟ੍ਰਿੱਪ ਮਿਲ ਗਿਆ ਤਾਂ ਠੀਕ ਨਹੀਂ ਤਾਂ ਸਿੱਧਾ ਡਾਊਨ-ਟਾਊਨ ਦੇ ਕਿਸੇ ਹੋਟਲ ਮੂਹਰੇ ਜਾ ਲਾਵਾਂਗਾ, ਉਥੋਂ ਕਈ ਵਾਰ ਸਵੇਰੇ ਸਵੇਰੇ ਲੰਮਾ ਟ੍ਰਿੱਪ ਮਿਲ ਜਾਂਦਾ ਹੈ। ਪਰ ਮੈਨੂੰ 150 ਜ਼ੋਨ ਵਿੱਚੋਂ ਹੀ ਟ੍ਰਿੱਪ ਮਿਲ ਜਾਂਦਾ ਹੈ। ਮੈਂ ਦੋ-ਤਿੰਨ ਮਿੰਟਾਂ ਵਿਚ ਹੀ ਉਸ ਅਪਾਰਟਮੈਂਟ ਦੇ ਮੂਹਰੇ ਪਹੁੰਚ ਜਾਂਦਾ ਹਾਂ। ਕੰਪਿਊਟਰ 'ਤੇ ਦੱਸੇ ਪਤੇ ਵਿਚ ਸੂਈਟ ਨੰਬਰ ਨਹੀਂ ਦਿੱਤਾ ਹੋਇਆ ਪਰ 'ਕਾਲ-ਆਊਟ' ਲਿਖਿਆ ਹੋਇਆ ਹੈ। ਇਹ ਨਵਾਂ ਹੀ ਸ਼ੁਰੂ ਹੋਇਆ ਹੈ। ਇਸ ਦੀ ਇੱਕ ਮੌਜ ਇਹ ਹੈ ਕਿ ਟੈਕਸੀ ਵਿਚੋਂ ਨਿਕਲ ਕੇ ਘਰ ਦੀ ਘੰਟੀ ਨਹੀਂ ਖੜਕਾਉਣੀ ਪੈਂਦੀ। ਕੰਪਿਊਟਰ ਸਕਰੀਨ 'ਤੇ ਲੱਗੇ 'ਕਾਲ-ਆਊਟ' ਬਟਨ ਨੂੰ ਦੱਬਣ ਨਾਲ ਉਹ ਆਪ ਹੀ ਉਸ ਪਤੇ 'ਤੇ ਫ਼ੋਨ ਕਰਕੇ ਟੈਕਸੀ ਦੇ ਪਹੁੰਚ

ਚੁੱਕੀ ਹੋਣ ਦੀ ਸੂਚਨਾ ਦੇ ਦਿੰਦਾ ਹੈ। ਇਸ ਪਤੇ ’ਤੇ ‘ਕਾਲ-ਆਊਟ’ ਨੱਪਣ ਨਾਲ ਕੁਝ ਸਕਿੰਟਾਂ ਬਾਅਦ ‘ਨੋ ਅਨਸਰ’ ਦਾ ਸੁਨੇਹਾ ਆ ਜਾਂਦਾ ਹੈ। ‘ਹੋ ਸਕਦਾ ਹੈ ਕਿ ਸਵਾਰੀ ਘਰੋਂ ਚੱਲ ਪਈ ਹੋਵੇ,’ ਸੋਚ ਕੇ ਮੈਂ ਦੋ ਕੁ ਮਿੰਟ ਉਡੀਕ ਕਰਨ ਬਾਰੇ ਸੋਚਦਾ ਹਾਂ। ਉਸੇ ਵਕਤ ਇਕ ਵੀਹ-ਬਾਈ ਸਾਲ ਦਾ ਮੁੰਡਾ ਟੈਕਸੀ ਦਾ ਮੂਹਰਲਾ ਦਰਵਾਜ਼ਾ ਖੋਲ੍ਹ ਕੇ ਵਿਚ ਆ ਬੈਠਦਾ ਹੈ। ਉਹ ਨੌਰਥ ਵੈਨਕੂਵਰ ਚੱਲਣ ਲਈ ਆਖਦਾ ਹੈ। ਮੈਨੂੰ ਉਸ ਤੋਂ ਬੀਅਰ ਦਾ ਮੁਸ਼ਕ ਆਉਂਦਾ ਹੈ। ਮੈਂ ਉਸਦੀਆਂ ਅੱਖਾਂ ਵਿਚ ਦੇਖਦਾ ਹਾਂ। ਉਹ ਲਾਲ ਭਾਅ ਮਾਰਦੀਆਂ ਹਨ। ਮੈਂ ਨਰਮੀ ਨਾਲ ਉਸ ਨੂੰ ਦੱਸਦਾ ਹਾਂ ਕਿ ਲੰਮੇ ਟ੍ਰਿੱਪ ਲਈ ਟੈਕਸੀ ਦੀ ਨੀਤੀ ਪਹਿਲਾਂ ਅੰਦਾਜ਼ਨ ਕਰਾਇਆ ਵਸੂਲਣ ਦੀ ਹੈ। ਉਹ ਫ਼ਿਕਰ ਨਾ ਕਰਨ ਲਈ ਆਖ ਕੇ ਚੱਲਣ ਦਾ ਇਸ਼ਾਰਾ ਕਰਦਾ ਹੈ। ਮੈਨੂੰ ਸ਼ੱਕ ਹੁੰਦਾ ਹੈ ਕਿ ਉਸ ਕੋਲ ਕਰਾਏ ਜੋਗੇ ਡਾਲਰ ਨਹੀਂ ਹਨ। ਮੈਂ ਫਿਰ ਆਪਣੀ ਬੇਨਤੀ ਦੁਹਰਾਉਂਦਾ ਹਾਂ। ਉਹ ਖ਼ਰ੍ਹਵੀ ਆਵਾਜ਼ ਵਿਚ ਚੱਲਣ ਲਈ ਆਖਦਾ ਹੈ। ਮੈਂ ਕਿਸੇ ਪੰਗੇ ਤੋਂ ਬਚਣ ਲਈ ਟੈਕਸੀ ਤੋਰ ਲੈਂਦਾ ਹਾਂ। ਮੇਰਾ ਦਿਮਾਗ ਚੌਕਸ ਹੋ ਜਾਂਦਾ ਹੈ। ਉਹ ਆਖਦਾ ਹੈ, “ਮੈਨ, ਯੂ ਥਿੰਕ ਆਈ ’ਇੱਲ ਰੌਬ ਯੂ ਔਰ ਸਮਥਿੰਗ!” ਮੈਂ ਫਿਰ ਅਧੀਨਗੀ ਨਾਲ ਨਾਲ ਆਖਦਾ ਹਾਂ ਕਿ ਮੇਰਾ ਮਤਲਬ ਉਸ ਨੂੰ ਇਸ ਤਰ੍ਹਾਂ ਦਾ ਬੰਦਾ ਸਮਝਣ ਤੋਂ ਨਹੀਂ ਸਿਰਫ਼ ਕੰਪਨੀ ਦੀ ਨੀਤੀ ਦੱਸਣ ਤੋਂ ਸੀ। ਫਿਰ ਮੈ ਸਧਾਰਣ ਜਿਹੇ ਲਹਿਜ਼ੇ ਵਿਚ ਆਖਦਾ ਹਾਂ ਕਿ ਉਸਨੇ ਤਾਂ ਕਰਾਇਆ ਦੇਣਾ ਹੀ ਦੇਣਾ ਹੈ ਪਹਿਲਾਂ ਕੀ ਤੇ ਪਿੱਛੋਂ ਕੀ। ਪਰ ਉਹ ਟੱਸ ਤੋਂ ਮੱਸ ਨਹੀਂ ਹੁੰਦਾ। ਮੈਂ ਕੁਝ ਬਲਾਕ ’ਤੇ ਹੀ ਯੈਲੋ ਕੈਬ ਦੀ ਪਾਰਕਿੰਗ ਲਾਟ ਵਿਚ ਟੈਕਸੀ ਲਿਜਾ ਖੜ੍ਹਾਉਂਦਾ ਹਾਂ। ਸ਼ਿਫਟ ਬਦਲਣ ਦਾ ਸਮਾਂ ਹੋਣ ਕਰਕੇ ਉੱਥੇ ਬਹੁਤ ਸਾਰੀਆਂ ਟੈਕਸੀਆਂ ਤੇ ਡਰਾਈਵਰ ਹਨ। ਆਪਣੇ ਘਰ ਆ ਕੇ ਮੈਂ ਸ਼ੇਰ ਹੋ ਜਾਂਦਾ ਹਾਂ। ਮੈਂ ਸਖ਼ਤ ਆਵਾਜ਼ ਵਿਚ ਆਖਦਾ ਹਾਂ ਕਿ ਜਾਂ ਤਾਂ ਕਰਾਇਆ ਪਹਿਲਾਂ ਦੇ ਜਾਂ ਟੈਕਸੀ ਵਿਚੋਂ ਬਾਹਰ ਨਿਕਲ। ਉਹ ਨਰਮ ਆਵਾਜ਼ ਵਿਚ ਆਖਦਾ ਹੈ ਕਿ ਉਸ ਕੋਲ ਕਰਾਇਆ ਨਹੀਂ ਹੈ ਪਰ ਉਹ ਟਿਕਾਣੇ ’ਤੇ ਪਹੁੰਚ ਕੇ ਘਰੋਂ ਲਿਆ ਕੇ ਦੇ ਦੇਵੇਗਾ। ਮੇਰਾ ਤਜਰਬਾ ਉਸ ’ਤੇ ਵਿਸ਼ਵਾਸ਼ ਨਾ ਕਰਨ ਲਈ ਆਖਦਾ ਹੈ। ਮੈਂ ਉਸ ਨੂੰ ਟੈਕਸੀ ਵਿੱਚੋਂ ਬਾਹਰ ਨਿਕਲਣ ਲਈ ਆਖ ਦਿੰਦਾ ਹਾਂ। ਉਸਦੇ ਟੈਕਸੀ ’ਚੋਂ ਬਾਹਰ ਨਿਕਲਦਿਆਂ ਹੀ ਮੈਂ ਉਸ ਬਾਰੇ ਡਿਸਪੈਚਰ ਨੂੰ ਰੇਡੀਓ ਰਾਹੀਂ ਦੱਸ ਦਿੰਦਾ ਹਾਂ। ਉਹ ਮਿੰਟ ਕੁ ਵਿਚ ਹੀ ਸਾਰੀਆਂ ਟੈਕਸੀਆਂ ਨੂੰ ਸੁਨੇਹਾ ਪਾ ਦਿੰਦੀ ਹੈ : ‘ਯੈਲੋ ਕੈਬ ਦੀ ਪਾਰਕਿੰਗ ਲਾਟ ਵਿਚ ਇਕ ਵੀਹ-ਬਾਈ ਸਾਲ ਦਾ ਗੋਰਾ ਮੁੰਡਾ, ਜਿਸਨੇ ਨੌਰਥ ਵੈਨਕੂਵਰ ਜਾਣਾ ਹੈ, ਉਸ ਕੋਲ ਕਰਾਇਆ ਨਹੀਂ ਹੈ।’ ਮੈਂ ਟੈਕਸੀ ਡਾਊਨ-ਟਾਊਨ ਵੱਲ ਕਰ ਦਿੰਦਾ ਹਾਂ। ਅਤੇ ‘ਦਾ ਵੈਸਟਰਨ ਗਰੈਂਡ ਹੋਟਲ’ ਮੂਹਰੇ ਜਾ ਰੋਕਦਾ ਹਾਂ। ਉਥੋਂ ਛੇਤੀ ਹੀ ਇਕ ‘ਸ਼ੌਰਟੀ’* ਮਿਲ ਜਾਂਦੀ ਹੈ। ਉਨ੍ਹਾਂ ਨੂੰ ਟਿਕਾਣੇ ’ਤੇ ਪਹੁੰਚਾ ਕੇ ਮੈਂ ਟੈਕਸੀ ਹੋਟਲ ‘ਸੈਂਡਮੈਨ’ ਮੂਹਰੇ ਜਾ ਪਾਰਕ ਕਰਦਾ ਹਾਂ। ਛੇਤੀ ਹੀ ਇੱਕ ਟ੍ਰਿੱਪ ਸਿਟਡੈੱਲ ਪਲੇਸ ਤੋਂ ਡਿਸਪੈਚ ਹੁੰਦਾ ਹੈ। ਇਹ ਬਾਈ-ਤੇਈ ਸਾਲ

ਦੇ ਗੇੜ 'ਚ ਦੋ ਮੁੰਡੇ ਹਨ। ਇਨ੍ਹਾਂ ਨੇ ਕੈਟਸੀਲੈਨੋ ਏਰੀਏ ਵੱਲ ਜਾਣਾ ਹੈ। ਮੈਂ ਉਨ੍ਹਾਂ ਦਾ ਹਾਲ ਪੁੱਛਦਾ ਹਾਂ। ਉਨ੍ਹਾਂ ਚੋਂ ਇਕ ਆਖਦਾ ਹੈ ਕਿ ਉਹ ਥੱਕੇ ਹੋਏ ਹਨ ਤੇ ਸ਼ਰਾਬੀ ਵੀ ਹਨ। "ਫਿਰ ਤਾਂ ਪਾਰਟੀ ਵਧੀਆ ਰਹੀ ਹੋਵੇਗੀ?" ਮੈਂ ਤੁੱਕਾ ਮਾਰਦਾ ਹਾਂ। ਪਰ ਉਹ ਨਿਰਾਸ਼ਾ 'ਚ ਸਿਰ ਮਾਰਦੇ ਹਨ। ਉਨ੍ਹਾਂ ਦੀ ਰਾਤ ਅਜਾਈਂ ਹੀ ਲੰਘ ਗਈ ਸੀ, ਉਨ੍ਹਾਂ ਨੂੰ ਮਨਭਾਉਂਦੀਆਂ ਕੁੜੀਆਂ ਦਾ ਸਾਥ ਨਹੀਂ ਸੀ ਮਿਲਿਆ। ਮੈਂ ਕੰਪਿਊਟਰ ਸਕਰੀਨ 'ਤੇ ਉਂਗਲ ਮਾਰ ਕੇ ਦੇਖਦਾ ਹਾਂ ਕਿ ਉਨ੍ਹਾਂ ਦੇ ਟਿਕਾਣੇ ਵਾਲੇ ਜ਼ੋਨ ਵਿਚ ਕਿੰਨੀਆਂ ਕੁ ਟੈਕਸੀਆਂ ਪਹਿਲਾਂ ਹੀ ਬੁੱਕ ਹਨ। ਉੱਥੇ ਪੰਦਰਾਂ ਟੈਕਸੀਆਂ ਬੁੱਕ ਹਨ। ਮੈਂ ਆਸੇ-ਪਾਸੇ ਦੇ ਜ਼ੋਨਾਂ ਵਿਚ ਦੇਖਦਾ ਹਾਂ। ਉੱਥੇ ਕੁਝ ਘੱਟ ਹਨ। ਉਨ੍ਹਾਂ ਨੂੰ ਉਤਾਰ ਕੇ ਮੈਂ ਟੈਕਸੀ ਬੁੱਕ ਕਰਨ 'ਪਲਾਜ਼ਾ 500' ਹੋਟਲ ਵੱਲ ਚੱਲ ਪੈਂਦਾ ਹਾਂ। ਉੱਥੇ ਕੁਝ ਚਿਰ ਉਡੀਕ ਤੋਂ ਬਾਅਦ ਕੈਂਸਰ ਸੁਸਾਇਟੀ ਤੋਂ ਡਲਿਵਰੀ ਮਿਲ ਜਾਂਦੀ ਹੈ। ਇਕ ਛੋਟਾ ਲਿਫਾਫਾ, ਜਿਸ ਵਿਚ ਦੋ ਸ਼ੀਸ਼ੀਆਂ ਲੱਗਦੀਆਂ ਹਨ ਨੂੰ ਦੋ-ਤਿੰਨ ਬਲਾਕ ਦੀ ਵਿੱਥ 'ਤੇ ਵੈਕਨੂਵਰ ਜਨਰਲ ਹਸਪਤਾਲ ਵਿਚ ਪਹੁੰਚਾਉਣਾ ਹੈ। ਇਸਦਾ ਕਰਾਇਆ ਪੰਦਰਾਂ ਡਾਲਰ ਫਲੈਟ ਰੇਟ ਹੈ। ਇਹ ਚਾਰਜ ਟ੍ਰਿੱਪ** ਹੈ। ਇਸ ਤੋਂ ਵੇਹਲਾ ਹੋ ਕੇ ਮੈਂ ਨੇੜੇ ਹੀ ਵੈਸਟ ਬਰਾਡਵੇ 'ਤੇ ਸਥਿਤ ਹੋਟਲ 'ਹੌਲੀਡੇਅ ਇੰਨ' ਵੱਲ ਚਲਿਆ ਜਾਂਦਾ ਹਾਂ। ਉੱਥੇ ਮੇਰੇ ਮੂਹਰੇ ਇਕ ਹੋਰ ਟੈਕਸੀ ਬੁੱਕ ਹੈ। ਮੈਂ ਆਪਣੇ ਨਾਲ ਲਿਆਂਦੀ 'ਐਲਕਸ ਮਨਰੋ' ਦੀ ਕਹਾਣੀਆਂ ਦੀ ਕਿਤਾਬ 'ਓਪਨ ਸੀਕਰੇਟ' ਖੋਲ੍ਹ ਲੈਂਦਾ ਹਾਂ। ਵਿਚ-ਵਿਚ ਨਿਗ੍ਹਾ ਕੰਪਿਊਟਰ ਸਕਰੀਨ 'ਤੇ ਵੀ ਚਲੀ ਜਾਂਦੀ ਹੈ। ਉੱਥੇ ਸੁਨੇਹੇ ਆਉਂਦੇ ਹਨ: ਟੈਕਸੀ ਸਾਵਧਾਨੀ ਨਾਲ ਚਲਾਓ। ਸਵਾਰੀ ਦੇ ਉੱਤਰਨ ਤੋਂ ਬਾਅਦ ਪਿਛਲੀ ਸੀਟ 'ਤੇ ਨਿਗ੍ਹਾ ਮਾਰੋ, ਤਾਂ ਕਿ ਉਹ ਟੈਕਸੀ ਵਿਚ ਨਾ ਕੁਝ ਭੁੱਲ ਜਾਏ। ਹੋਟਲਾਂ ਨੂੰ ਕਵਰ ਰੱਖੋ। ਇਹ ਸੁਨੇਹਾ ਪੜ੍ਹ ਕੇ ਮੈਂ ਸੋਚਦਾ ਹਾਂ ਕਿ ਹੋਟਲ ਤਾਂ ਪੂਰੀ ਤਰ੍ਹਾਂ ਕਵਰ ਹੀ ਹਨ , ਇਨ੍ਹਾਂ 'ਚੋਂ ਕੋਈ ਸਵਾਰੀ ਵੀ ਨਿਕਲੇ। ਫਿਰ ਇਕ ਹੋਰ ਸੁਨੇਹਾ ਆਉਂਦਾ ਹੈ ਕਿ ਬਰਾਡਵੇ ਸਕਾਈਟ੍ਰੇਨ ਸਟੇਸ਼ਨ 'ਤੇ ਇਕ ਆਦਮੀ ਤੇ ਔਰਤ ਖੜ੍ਹੇ ਹਨ, ਉਨ੍ਹਾਂ ਨੇ ਸਰੀ ਜਾਣਾ ਹੈ, ਉਨ੍ਹਾਂ ਕੋਲ ਕਰਾਇਆ ਨਹੀਂ ਹੈ । ਸਾਵਧਾਨੀ ਵਰਤੋ। "ਉਹ ਯਾਰ, ਸੁਨੇਹੇ ਜੇ ਭੇਜੀ ਜਾਨੈਂ ਕੋਈ ਟ੍ਰਿੱਪ ਵੀ ਭੇਜ," ਮੈਂ ਬੁੜਬੁੜਾਉਂਦਾ ਹਾਂ। ਉਸੇ ਵੇਲੇ ਮੇਰੇ ਇਕ ਬੇਲੀ, ਹਰਜੀਤ ਦਾ ਫੋਨ ਆ ਜਾਂਦਾ ਹੈ। ਉਹ ਪੁੱਛਦਾ ਹੈ, "ਕਿਤੇ ਟ੍ਰਿੱਪ 'ਤੇ ਤਾਂ ਨੀ?"

"ਕਿੱਥੇ ਯਾਰ, ਘੰਟਾ ਹੋ ਗਿਆ ਹੌਲੀਡੇਅ ਇਨ ਮੂਹਰੇ ਬੈਠੇ ਨੂੰ।"

"ਕਿਤਾਬ ਪੜ੍ਹਣ ਲੱਗ ਪਿਆ ਹੋਵੇਂਗਾ!"

"ਹੋਰ ਕੀ ਕਰਾਂ?"

"ਪੜ੍ਹਣ ਆਉਨੈਂ ਕਿ ਕੰਮ ਕਰਨ? ਕਿਸੇ ਨੂੰ ਫੋਨ-ਫਾਨ ਕਰ ਲਈਦੈ ਹੁੰਦੈ। ਪਤਾ ਲੱਗਦਾ ਰਹਿੰਦਾ ਬਈ ਕਿਹੜਾ ਹੋਟਲ ਚੱਲਦੈ। ਐਂ ਕਰੀਂ ਐਧਰ ਆ ਜੀਂ ਹੋਟਲ ਵੈਨਕੂਵਰ ਵੱਲ। ਇਹ ਚੱਲਦੈ ਅੱਜ ਪੂਰਾ। ਕੱਲ੍ਹ ਕੋਈ ਕੜੀ-ਕਾਨਫਰੰਸ ਹੋ ਕੇ ਹਟੀ ਐ ਇੱਥੇ।"

"ਲੈ ਬਣਗੀ ਗੱਲ। ਆ ਗਿਆ ਟ੍ਰਿੱਪ," ਮੈਂ ਕੰਪਿਊਟਰ ਦੀ ਬੀਪ ਸੁਣ ਕੇ ਕਿਹਾ।

ਇਹ ਟ੍ਰਿੱਪ ਵੈਨਕੂਵਰ ਜਨਰਲ ਹਸਪਤਾਲ ਦੇ ਐਮਰਜੈਂਸੀ ਵਿੱਚੋਂ ਹੈ। ਇੱਕ ਅਧੇੜ ਉਮਰ ਦਾ ਆਦਮੀ ਹੈ। ਉਸਦੀ ਇਕ ਅੱਖ ਸੁੱਜੀ ਹੋਈ ਹੈ। ਮੱਥੇ 'ਤੇ ਪੱਟੀ ਬੰਨ੍ਹੀ ਹੋਈ ਹੈ। ਉਸ ਨੇ ਈਸਟ ਵੈਨਕੂਵਰ ਵਿਚ ਹੇਸਟਿੰਗਜ਼ ਤੇ ਨਨਾਇਮੋ ਸਟਰੀਟ ਤੇ ਜਾਣਾ ਹੈ। ਇਹ ਸੱਟਾਂ ਉਸਦੇ ਪਿਛਲੀ ਰਾਤ ਇੱਕ ਲੜਾਈ ਦੌਰਾਨ ਲੱਗੀਆਂ ਹਨ। ਉਸ ਨੂੰ ਉਤਾਰ ਕੇ ਮੈਂ ਹਰਜੀਤ ਦੇ ਆਖੇ ਲੱਗਣਾ ਹੀ ਮੁਨਾਸਿਬ ਸਮਝਿਆ ਅਤੇ ਹੋਟਲ ਵੈਨਕੂਵਰ ਵੱਲ ਚੱਲ ਪਿਆ। ਹੁਣ ਰਾਤ ਦਾ ਹਨੇਰਾ ਨਹੀਂ ਸੀ ਰਿਹਾ। ਚਾਨਣ ਸੀ ਪਰ ਮੇਨ ਤੇ ਹੇਸਟਿੰਗ ਇਲਾਕੇ ਵਿੱਚੋਂ ਗੁਜ਼ਰਦਿਆਂ ਮੈਂ ਟੈਕਸੀ ਦੇ ਚਾਰੇ ਲੌਕ ਲਾ ਦਿੱਤੇ। ਇਹ ਡਰੱਗ ਅਤੇ ਵੇਸਵਾਗਿਰੀ ਵਾਲਾ ਇਲਾਕਾ ਹੈ। ਇੱਥੇ ਕਈ ਵਾਰ ਲਾਲ ਬੱਤੀ 'ਤੇ ਰੁਕੀ ਟੈਕਸੀ ਵਿਚ ਬਿਨ੍ਹਾਂ ਪੁੱਛਿਆਂ ਹੀ ਕੋਈ ਆ ਬੈਠਦਾ ਹੈ। ਕਿਸੇ ਸੰਭਾਵੀ ਮੁਸੀਬਤ ਤੋਂ ਬਚਣ ਲਈ ਪਹਿਲਾਂ ਹੀ ਬਚਾਅ ਕੀਤਾ ਚੰਗਾ ਹੈ।

ਹੋਟਲ ਵੈਨਕੂਵਰ ਮੂਹਰੇ ਪਹਿਲਾਂ ਹੀ ਦੋ ਟੈਕਸੀਆਂ ਖੜ੍ਹੀਆਂ ਸਨ। ਉਨ੍ਹਾਂ ਦੇ ਪਿੱਛੇ ਮੈਂ ਪਾਰਕ ਕਰ ਲਈ। ਕਿਤਾਬ ਫਿਰ ਖੋਲ੍ਹ ਲਈ। ਅੱਧੇ ਘੰਟੇ ਬਆਦ ਮੇਰੀ ਵਾਰੀ ਪਹਿਲੀ ਹੋ ਗਈ। ਮੈਂ ਕਿਤਾਬ ਬੰਦ ਕਰ ਦਿੱਤੀ। ਹੁਣ ਮੈਂ ਸਾਹਮਣੇ ਦੇਖਦਾ ਹਾਂ। ਕੀ ਪਤਾ ਕਿ ਕਦੋਂ ਡੋਰਮੈਨ ਜਾਂ ਕਿਸੇ ਸਵਾਰੀ ਨੇ ਇਸ਼ਾਰਾ ਕਰਕੇ ਸੱਦ ਲੈਣਾ ਹੈ। ਕੁਝ ਮਿੰਟ ਬਾਅਦ ਹੀ ਇੱਥੋਂ ਟ੍ਰਿੱਪ ਮਿਲ ਜਾਂਦਾ ਹੈ। ਪੰਤਾਲੀ-ਪੰਜਾਹ ਦੇ ਗੇੜ ਵਿਚ ਇਸ ਸਵਾਰੀ ਨੇ ਏਅਰਪੋਰਟ ਜਾਣਾ ਹੈ। 'ਸਵਾਰੀ ਕਿੱਥੋਂ ਹੈ ਅਤੇ ਕਿਸ ਕਿੱਤੇ ਵਿਚ ਹੈ' ਬਾਰੇ ਘੋਖਣ ਦੀ ਮੇਰੀ ਆਦਤ ਹੈ। ਇਸ ਬਾਰੇ ਸਿੱਧਾ ਪੁੱਛਣਾ ਠੀਕ ਨਹੀਂ ਲੱਗਦਾ। ਟੇਢੀ ਤਰ੍ਹਾਂ ਪੁੱਛਣ ਲਈ ਮੈਂ ਕੁਝ ਪ੍ਰਸ਼ਨ ਘੜ ਰੱਖੇ ਹਨ। ਮੈਂ ਆਪਣਾ ਪਹਿਲਾ ਪ੍ਰਸ਼ਨ ਦਾਗਣ ਲਈ ਆਖਦਾ ਹਾਂ, " ਤੂੰ ਕਿਸਮਤ ਵਾਲਾ ਹੈਂ ਕਿ ਮੀਂਹ ਵਾਲਾ ਮੌਸਮ ਪਿੱਛੇ ਛੱਡ ਕੇ ਜਾ ਰਿਹਾ ਹੈਂ।"

" ਅਸਲ 'ਚ ਮੈਂ ਮੀਂਹ ਪਸੰਦ ਕਰਦਾਂ। ਮੈਂ ਕੁਬੈਕ ਤੋਂ ਹਾਂ। ਉੱਥੇ ਬਰਫ਼ਾਂ ਦੇ ਢੇਰ ਲੱਗ ਜਾਂਦੇ ਆ। ਬਰਫ਼ਾਂ ਨੂੰ ਸ਼ਾਵਲ ਨਾਲ ਚੁੱਕਣਾ ਪੈਂਦਾ ਮੀਂਹ ਨੂੰ ਕਿਹੜਾ ਚੁੱਕਣਾ ਪੈਂਦਾ।" ਮੈਂ ਉਸ ਬਾਰੇ ਹੋਰ ਜਾਨਣ ਲਈ ਦੂਜਾ ਪ੍ਰਸ਼ਨ ਕਰਦਾ ਹਾਂ, " ਕਿਵੇਂ ਹੈ ਆਰਥਿਕਤਾ ਉੱਥੋਂ ਦੀ? ਤੇਰੇ 'ਤੇ ਕੋਈ ਅਸਰ ਪਿਆ ਇਸ ਮੰਦਵਾੜੇ ਦਾ?"

"ਠੀਕ ਹੋ ਰਹੀ ਹੈ। ਇਸ ਮੰਦਵਾੜੇ ਦੇ ਅਸਰ ਤੋਂ ਤਾਂ ਕੋਈ ਹੀ ਬਚਿਆ ਹੋਵੇਗਾ!"

"ਹਾਂ ਅਸਰ ਤਾਂ ਸਭ ਤੇ ਹੀ ਹੋਇਆ ਹੋਵੇਗਾ। ਕਿਸੇ 'ਤੇ ਚੰਗਾ ਕਿਸੇ 'ਤੇ ਮੰਦਾ।"

"ਚੰਗਾ ਕਿਵੇਂ?"

"ਪਿੱਛੇ ਜਿਹੇ ਮੈਂ ਨਿਓਮੀ ਕਲੈਨ ਦੀ ਕਿਤਾਬ ਪੜ੍ਹ ਰਿਹਾ ਸੀ ਦਾ ਸ਼ੌਕ

ਡੌਕਟਰੀਨ –ਦਾ ਡੀਸਾਸਟਰ ਕੈਪੀਟਲਿਜ਼ਮ। ਉਸ ਵਿਚ ਲੇਖਕ ਨੇ ਬੜੇ ਵਿਸਤਾਰ ਵਿਚ ਦੱਸਿਆ ਹੈ ਕਿ ਅਜੇਹੇ ਮੰਦਵਾੜੇ ਦੇ ਮੌਕਿਆਂ 'ਤੇ ਸਰਕਾਰਾਂ ਤੇ ਵੱਡੀਆਂ ਕਾਰਪੋਰੇਸ਼ਨਾਂ ਲੋਕਾਂ ਅੰਦਰਲੇ ਡਰ ਦਾ ਕਿਵੇਂ ਨਜਾਇਜ਼ ਫਾਇਦਾ ਉਠਾਉਂਦੀਆਂ ਹਨ। ਤੇ ਕਿਵੇਂ ਨਵੇਂ ਟੈਕਸ ਲਾਉਂਦੇ ਹਨ ਜਾਂ ਤਨਖਾਹਾਂ ਵਗੈਰਾ ਵਿਚ ਕੱਟ ਲਾਉਂਦੇ ਹਨ।"

"ਇਹ ਬਲੱਡੀ ਸੋਸ਼ਲਿਸਟਾਂ ਦਾ ਪ੍ਰਾਪੇਗੰਡਾ ਹੈ।"

ਮੈਨੂੰ ਉਸਦੀ ਗੱਲ ਚੁੱਭਦੀ ਹੈ। ਜੇ ਮੈਂ ਕੁਝ ਕਿਹਾ ਤਾਂ ਗੱਲ-ਬਾਤ ਹੋਰ ਤਿੱਖਾ ਰੁਖ ਅਖਤਿਆਰ ਕਰ ਸਕਦੀ ਹੈ। ਮੈਂ ਚੁੱਪ ਵੱਟ ਲੈਂਦਾ ਹਾਂ। ਏਅਰਪੋਰਟ 'ਤੇ ਜਾ ਕੇ ਉਹ ਕਰੈਡਿਟ ਕਾਰਡ ਮੂਹਰੇ ਕਰ ਦਿੰਦਾ ਹੈ। ਜੇ ਉਹ ਕਰੈਡਿਟ ਕਾਰਡ ਰਾਹੀਂ ਕਰਾਇਆ ਦਿੰਦਾ ਤਾਂ ਮੈਨੂੰ ਇਹ ਟ੍ਰਿਪ ਸ਼ੀਟ 'ਤੇ ਲਿਖਣਾ ਪਵੇਗਾ। ਜੇ ਕੈਸ਼ ਦੇਵੇ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ। ਕਿਓਂ ਕਿ ਇਹ ਟ੍ਰਿਪ ਡਿਸਪੈਚ ਨਹੀਂ ਹੋਇਆ ਹੈ। ਕੰਪਿਊਟਰ ਵਿਚ ਇਸਦਾ ਕੋਈ ਰਿਕਾਰਡ ਨਹੀਂ ਹੈ। ਸਿੱਧਾ ਆਖਣਾ ਔਖਾ ਲੱਗਦਾ ਹੈ ਕਿ ਕੈਸ਼ ਦੇਵੇ। ਇਹ ਹੈ ਵੀ ਗਲਤ। ਇਸ ਕਰਕੇ ਮੈਂ ਆਪਣਾ ਇਕ ਟ੍ਰਿਕ ਵਰਤਦਾ ਹਾਂ। ਮੈਂ ਆਖਦਾ ਹਾਂ, "ਤੈਨੂੰ ਯਕੀਨ ਹੈ ਕਿ ਤੂੰ ਕਰੈਡਿਟ ਕਾਰਡ ਹੀ ਵਰਤਣਾ ਹੈ?"

"ਕੀ ਤੂੰ ਇਹ ਨਹੀਂ ਲੈਂਦਾ?"

"ਨਹੀਂ ਲੈ ਲੈਂਦਾ ਹਾਂ ਪ੍ਰ ਕੈਸ਼ ਨੂੰ ਤਰਜੀਹ ਦਿੰਦਾ ਹਾਂ।"

"ਮੈਨੂੰ ਦੁੱਖ ਹੈ। ਮੇਰੇ ਕੋਲ ਕੈਸ਼ ਨਹੀਂ ਹੈ।"

"ਕੋਈ ਗੱਲ ਨਹੀਂ," ਆਖ ਕੇ ਮੈਂ ਕਰੈਡਿਟ ਕਾਰਡ ਫੜ ਲੈਂਦਾ ਹਾਂ ਅਤੇ ਕੰਪਿਊਟਰ ਵਿਚ ਉਸਦਾ ਨੰਬਰ ਪਾ ਕੇ ਉਸ ਦੇ ਪ੍ਰਮਾਣਿਕ ਹੋਣ ਦੀ ਪੜਤਾਲ ਕਰਦਾ ਹਾਂ। ਇਸ ਤੋਂ ਵੇਹਲਾ ਹੋ ਕੇ ਮੈਂ ਫਿਰ ਸ਼ਹਿਰ ਵੱਲ ਮੁੜ ਪੈਂਦਾ ਹਾਂ। 'ਮੇਨ ਸਟਰੀਟ ਤੋਂ ਪੰਜਾਬੀ ਦਾ ਕੋਈ ਅਖਬਾਰ ਚੁੱਕ ਲਵਾਂਗਾ,' ਸੋਚ ਕੇ ਮੈਂ ਟੈਕਸੀ ਉੱਧਰ ਕਰ ਲੈਂਦਾ ਹਾਂ। ਦਿਲ 'ਚ ਇੱਛਾ ਹੈ ਕਿ ਸ਼ਹਿਰ ਵੱਲ ਮੁੜਦਿਆਂ ਕੋਈ ਫਲੈਗ (ਰਾਹ ਜਾਂਦਿਆਂ ਸੜਕ ਤੋਂ ਮਿਲੀ ਸਵਾਰੀ) ਹੀ ਮਿਲ ਜਾਵੇ। ਪਰ ਇਹ ਇੱਛਾ ਪੂਰੀ ਨਹੀਂ ਹੁੰਦੀ। ਪੰਜਾਬੀ ਮਾਰਕੀਟ ਵਿਚ ਦੁਕਾਨਾਂ ਦੇ ਬਾਹਰ ਅਖਬਾਰਾਂ ਦੇ ਢੇਰ ਪਏ ਹਨ। ਇੱਕ ਅਖਬਾਰ ਚੁੱਕ ਕੇ ਮੈਂ ਪੜ੍ਹਨ ਲੱਗਦਾ ਹਾਂ। ਅੱਧੇ ਕੁ ਘੰਟੇ ਬਾਅਦ ਇਕ 'ਸ਼ੌਰਟੀ' ਮਿਲ ਜਾਂਦੀ ਹੈ। ਮੈਂ ਫਿਰ ਅਖਬਾਰ ਪੜ੍ਹਣ ਲੱਗਦਾ ਹਾਂ। ਪੰਦਰਾਂ ਕੁ ਮਿੰਟ ਬਾਅਦ ਫਿਰ ਟ੍ਰਿਪ ਮਿਲ ਜਾਂਦਾ ਹੈ। ਮੀਟਰ 'ਤੇ ਪੰਜ ਡਾਲਰ ਤੇ ਪੈਂਹਠ ਸੈਂਟ ਕਰਾਇਆ ਚੱਲਦਾ ਹੈ। ਉਹ ਵੀਹ ਡਾਲਰ ਦਾ ਨੋਟ ਮੂਹਰੇ ਕਰ ਕੇ ਤੇਰਾਂ ਡਾਲਰ ਦੀ ਮੰਗ ਕਰਦੀ ਹੈ। ਮੇਰੇ ਕੋਲ ਇਕ ਦਸ ਡਾਲਰ ਦਾ ਨੋਟ ਹੈ ਅਤੇ ਇੱਕ ਪੰਜ ਡਾਲਰ ਦਾ। ਘਰੋਂ ਲਿਆਂਦੀਂ ਬਾਕੀ ਭਾਨ ਮੁੱਕ ਚੁੱਕੀ ਹੈ। ਮੈਂ ਉਸ ਨੂੰ ਪੰਦਰਾਂ ਡਾਲਰ ਦੇ ਦਿੰਦਾ ਹਾਂ। ਇਹ ਪਤਾ ਨਹੀ ਕੀ ਚੱਕਰ ਹੈ ਕਿ ਕਿਸੇ ਦਿਨ ਤਾਂ ਡਾਲਰ ਤੇ ਦੋ ਡਾਲਰ ਦੇ ਸਿੱਕਿਆਂ ਨਾਲ ਭਾਰ ਕਰਕੇ ਜੇਬ ਪਾਟਣ 'ਤੇ ਆ ਜਾਂਦੀ

ਹੈ ਤੇ ਕਈ ਵਾਰੀ ਜਿਓਂ ਵੀਹਾਂ ਦੇ ਨੋਟ ਮਿਲਣ ਲੱਗਦੇ ਹਨ ਕਿ ਭਾਨ ਮੁੱਕੀ ਹੀ ਰਹਿੰਦੀ ਹੈ। 'ਕਿਸੇ ਹੋਰ ਨੂੰ ਨਾ ਇਸ ਤਰ੍ਹਾਂ ਛੱਡਣੇ ਪੈ ਜਾਣ,' ਸੋਚ ਕੇ ਮੈਂ ਵੀਹ ਡਾਲਰ ਦਾ ਨੋਟ ਤੜਵਾਉਣ ਲਈ ਗੈਸ ਸਟੇਸ਼ਨ 'ਤੇ ਰੁਕ ਜਾਂਦਾ ਹਾਂ। ਦੋ ਡਾਲਰ ਦੀ ਚਾਕਲੇਟ ਖ੍ਰੀਦ ਲੈਂਦਾ ਹਾਂ। ਟੈਕਸੀ ਚਲਾਉਂਦਿਆਂ ਮੈਂ ਕਾਫ਼ੀ ਨਹੀਂ ਪੀਂਦਾ। ਇਸ ਨਾਲ ਪਿਸ਼ਾਬ ਦਾ ਜ਼ੋਰ ਪੈਣ ਦਾ ਡਰ ਰਹਿੰਦਾ ਹੈ। ਹੁਣ ਵੀ ਜ਼ੋਰ ਹੈ। ਗੈਸ ਸਟੇਸ਼ਨ ਵਾਲੇ ਨੂੰ ਦੋ ਡਾਲਰ ਵੀ ਵਟਾਏ ਹਨ ਇਸ ਲਈ ਵਾਸ਼ਰੂਮ ਵਰਤਣ ਵਿਚ ਕੋਈ ਸ਼ਰਮ ਨਹੀਂ ਮਹਿਸੂਸ ਹੋਵੇਗੀ। ਭਾਨ ਅਤੇ ਵਾਸ਼ਰੂਮ ਦੀ ਸਮੱਸਿਆ ਦਾ ਹੱਲ ਕਰਕੇ ਮੈਂ ਅਗਲੇ ਟ੍ਰਿੱਪ ਲਈ ਤਿਆਰ ਬਰ ਤਿਆਰ ਹਾਂ। ਮੀਂਹ ਹਟ ਗਿਆ ਹੈ। ਸਾਰੇ ਜ਼ੋਨਾਂ ਵਿਚ ਟੈਕਸੀਆਂ ਦੀ ਭਰਮਾਰ ਹੈ। 'ਕਿੱਥੇ ਬੁੱਕ ਕਰਾਵਾਂ?' ਮੈਂ ਸੋਚੀਂ ਪੈ ਜਾਂਦਾ ਹਾਂ। 'ਸ਼ਾਇਦ ਡਾਊਨ-ਟਾਊਨ ਦੇ ਕਿਸੇ ਹੋਟਲ ਤੋਂ ਲੰਮਾ ਟ੍ਰਿੱਪ ਮਿਲ ਜਾਵੇ,' ਸੋਚ ਕੇ ਮੈਂ ਟੈਕਸੀ ਡਾਊਨ-ਟਾਊਨ ਵੱਲ ਸਿੱਧੀ ਕਰ ਦਿੰਦਾ ਹਾਂ। ਨਾਲ-ਨਾਲ ਮੈਂ ਕੰਪਿਊਟਰ ਸਕਰੀਨ 'ਤੇ ਵੀ ਉਂਗਲ ਮਾਰਦਾ ਹਾਂ। ਹੌਲੀਡੇਅ ਇੰਨ ਹੋਟਲ ਵੈਸਟ ਬਰਾਡਵੇ ਵਾਲਾ ਸਟੈਂਡ ਖਾਲੀ ਹੋ ਜਾਂਦਾ ਹੈ। ਟੈਕਸੀ ਦਾ ਰੁਖ ਉੱਧਰ ਕਰਕੇ ਮੈਂ ਸਪੀਡ ਵਧਾ ਦਿੰਦਾ ਹਾਂ। ਕਿਸੇ ਹੋਰ ਟੈਕਸੀ ਦੇ ਪਹੁੰਚਣ ਤੋਂ ਪਹਿਲਾਂ ਮੈਂ ਉੱਥੇ ਪਹੁੰਚ ਜਾਣਾ ਚਾਹੁੰਦਾ ਹਾਂ। ਪਰ ਮੇਰੇ ਤੋਂ ਪਹਿਲਾਂ ਹੀ ਉੱਥੇ ਦੋ ਟੈਕਸੀਆਂ ਅੱਪੜ ਜਾਂਦੀਆਂ ਹਨ। ਮੈਂ ਫਿਰ ਕੰਪਿਊਟਰ ਸਕਰੀਨ 'ਤੇ ਉਂਗਲ ਮਾਰਦਾ ਹਾਂ। ਉਹ ਪਲਾਜ਼ਾ 500 ਹੋਟਲ ਵਾਲੇ ਸਟੈਂਡ 'ਤੇ ਇੱਕ ਟੈਕਸੀ ਦਿਖਾਉਂਦਾ ਹੈ। ਉਹ ਦੋ ਟੈਕਸੀਆਂ ਦਾ ਸਟੈਂਡ ਹੈ। ਮੈਂ ਟੈਕਸੀ ਉਧਰ ਮੋੜ ਲੈਂਦਾ ਹਾਂ। ਉੱਥੇ ਵੀ ਮੇਰੇ ਪਹੁੰਚਣ ਤੱਕ ਸਟੈਂਡ ਭਰ ਜਾਂਦਾ ਹੈ। ਹੁਣ ਹੋਰ ਕਿਸੇ ਪਾਸੇ ਵੱਲ ਭੱਜਣ ਲਈ ਦਿਲ ਨਹੀਂ ਮੰਨਦਾ। ਮੈਂ ਉੱਥੇ ਹੀ ਸੜਕ 'ਤੇ ਟੈਕਸੀ ਰੋਕ ਲੈਂਦਾ ਹਾਂ ਅਤੇ ਵਾਰੀ ਦੀ ਉਡੀਕ ਕਰਦਾ ਹਾਂ ਕਿ ਕਦੋਂ ਪਹਿਲੇ ਨੰਬਰ ਵਾਲੀ ਟੈਕਸੀ ਸਟੈਂਡ ਤੋਂ ਜਾਵੇ ਅਤੇ ਮੈਂ ਉੱਥੇ ਬੁੱਕ ਕਰਾਵਾਂ। ਇੱਥੇ ਸੜਕ 'ਤੇ ਟੈਕਸੀ ਪਾਰਕ ਨਹੀਂ ਕਰ ਸਕਦਾ। ਜੁਰਮਾਨਾ ਹੋ ਸਕਦਾ ਹੈ। ਚੌਕਸੀ ਦੀ ਲੋੜ ਹੈ। ਕਿਤਾਬ ਪੜ੍ਹਣ ਲਈ ਇਹ ਢੁੱਕਵੀਂ ਥਾਂ ਨਹੀਂ ਹੈ। ਮੈਂ ਰੇਡੀਓ ਚਲਾ ਲੈਂਦਾ ਹਾਂ। ਪੰਜਾਬੀ ਰੇਡੀਓ ਸਟੇਸ਼ਨ 'ਤੇ 'ਟਾਕ ਸ਼ੋਅ' ਚੱਲ ਰਿਹਾ ਹੈ। ਸਰੀ ਗੁਰਦੁਆਰੇ ਦੀਆਂ ਚੋਣਾ ਕਰਕੇ ਰੇਡੀਓ 'ਤੇ ਰੌਣਕਾਂ ਹਨ। ਮੇਰਾ ਧਿਆਨ ਸੜਕ 'ਤੇ ਵੀ ਹੈ। ਕਿਸੇ ਪੁਲੀਸ ਵਾਲੇ ਦੀ ਕਾਰ ਦੇਖ ਕੇ ਮੈਂ ਟੈਕਸੀ ਨੂੰ ਅਗਾਂਹ ਤੋਰ ਲੈਣਾ ਹੈ ਅਤੇ ਬਲਾਕ ਤੋਂ ਦੀ ਗੇੜਾ ਕੱਢ ਕੇ ਵਾਪਸ ਫਿਰ ਮੁੜ ਆਉਣਾ ਹੈ। ਪਰ ਇਸ ਦੀ ਨੌਬਤ ਨਹੀਂ ਆਉਂਦੀ। ਛੇਤੀ ਹੀ ਹੋਟਲ ਦੀ ਪਾਰਕਿੰਗ 'ਚੋਂ ਪਹਿਲੇ ਨੰਬਰ ਵਾਲੀ ਟੈਕਸੀ ਬਾਹਰ ਨਿਕਲ ਆਉਂਦੀ ਹੈ ਅਤੇ ਮੈਂ ਟੈਕਸੀ ਸਟੈਂਡ 'ਤੇ ਲਾ ਕੇ ਸੁਰਖਰੂ ਹੋ ਕੇ ਰੇਡੀਓ ਸੁਨਣ ਲੱਗਦਾ ਹਾਂ। ਲੋਕ ਧੜਾ-ਧੜ ਫ਼ੋਨ ਕਰ ਰਹੇ ਹਨ। ਗੁਰਦੁਆਰੇ ਦੇ ਲੰਗਰ ਹਾਲ ਵਿਚ ਤੱਪੜਾਂ 'ਤੇ ਬੈਠ ਕੇ ਲੰਗਰ ਛਕਣ ਦੇ ਹਾਮੀ ਬੋਲ ਰਹੇ ਹਨ। ਮੈਂ ਟੈਕਸੀ ਨੰਬਰ 0 ਵਾਲੇ ਗਿਆਨੀ ਦੀ ਆਵਾਜ਼ ਪਛਾਣ ਲੈਂਦਾ ਹਾਂ। ਉਸ ਅਨੁਸਾਰ ਲੰਗਰ ਹਾਲ ਵਿਚ ਕੁਰਸੀਆਂ ਵਾਲਿਆਂ

ਤੋਂ ਪੰਥ ਨੂੰ ਖਤਰਾ ਲੱਗਦਾ ਹੈ। ਕੱਲ੍ਹ ਇਸੇ ਸਮੇਂ, ਇਸੇ ਰੇਡੀਓ ਸਟੇਸ਼ਨ 'ਤੇ, ਇਸੇ ਸੰਚਾਲਕ ਨਾਲ ਕੁਰਸੀਆਂ ਦੇ ਹੱਕ ਵਿਚ ਬੋਲਣ ਵਾਲੇ ਪਹੁੰਚੇ ਹੋਏ ਸਨ। ਉਨ੍ਹਾਂ ਦੇ ਹਮਾਇਤੀ ਤੱਪੜਾਂ ਵਾਲਿਆਂ ਤੋਂ ਕੌਮ ਨੂੰ ਖਤਰਾ ਦੱਸ ਰਹੇ ਸਨ। ਰੇਡੀਓ ਸੁਣਦਿਆਂ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਅੱਧਾ ਘੰਟਾ ਲੰਘ ਗਿਆ। ਸਟੈਂਡ 'ਤੇ ਖੜ੍ਹੀ ਦੂਜੀ ਟੈਕਸੀ ਵਾਲਾ ਸ਼ੀਸ਼ਾ ਹੇਠ ਕਰਕੇ ਪੁੱਛਦਾ ਹੈ, "ਰੇਡੀਓ ਸੁਣਦੈਂ?"

"ਹਾਂ।"

"ਸੰਤ ਆਲੀ ਗੱਲ-ਬਾਤ ਸੁਣਦੈਂ?"

"ਨਹੀਂ, ਗੁਰਦੁਆਰੇ ਆਲੀਆਂ ਚੋਣਾਂ ਵਾਲੀ।"

"ਦੂਜੇ ਸਟੇਸ਼ਨ 'ਤੇ ਲਾ, ਉੱਥੇ ਜ਼ਿਆਦਾ ਰੌਣਕਾਂ। ਮੈਂ ਵੀ ਕਾਲ ਕਰਨ ਲੱਗੈਂ," ਆਖ ਕੇ ਉਹ ਸ਼ੀਸ਼ਾ ਉੱਪਰ ਚੜ੍ਹਾ ਲੈਂਦਾ ਹੈ। ਬਾਹਰ ਠੰਡ ਹੈ। ਮੈਂ ਸਟੇਸ਼ਨ ਬਦਲ ਲੈਂਦਾ ਹਾਂ। ਇਸ ਸਟੇਸ਼ਨ ਨੂੰ ਸੁਣ ਕੇ ਲੱਗਦਾ ਹੈ ਕਿ ਕੌਮ ਲਈ ਇਹ ਵੱਡਾ ਸੰਕਟ ਹੈ। ਇੱਕ ਗਾਉਣ ਵਾਲੇ ਨੇ ਆਪਣੇ ਗੀਤ ਵਿਚ ਇਕ ਸੰਤ 'ਤੇ ਵਿਅੰਗ ਕੱਸ ਦਿੱਤਾ। ਜਵਾਬ ਵਿਚ ਸੰਤ ਨੇ ਗਾਇਕ ਦੇ ਪੋਤੜੇ ਫੋਲ ਦਿੱਤੇ। ਨਾਲ ਵਾਲੀ ਟੈਕਸੀ ਸਟਾਰਟ ਹੋ ਜਾਂਦੀ ਹੈ। ਮੈਂ ਸ਼ੀਸ਼ਾ ਥੱਲੇ ਕਰਕੇ ਪੁੱਛਦਾ ਹਾਂ, "ਕ਼ਰਤੀ ਕਾਲ?"

"ਨਹੀਂ ਯਾਰ, ਲਾਈਨ ਈ ਨੀਂ ਮਿਲੀ। ਬਿਜ਼ੀ ਬਹੁਤ ਐ।"

" ਐਂ ਲੱਗਦੈ ਜਿਵੇਂ ਸਾਰੀ ਕਮਿਊਨਿਟੀ ਈ ਇਸ ਸਦਮੇ ਦੀ ਮਾਰ 'ਚ ਹੋਵੇ।"

"ਟੈਮ ਪਾਸ ਕਰਦੇ ਆਂ ਭਰਾ। ਏਨੇ ਨਾਲ ਟੈਮ ਲੰਘ ਜਾਂਦੈ। ਨਹੀਂ ਤਾਂ ਕੰਪਿਊਟਰ ਸਕਰੀਨ ਵੱਲ ਈ ਝਾਕੀ ਜਾਈਦੈ ਕਿ ਹੁਣ ਟ੍ਰਿੱਪ ਆਇਆ ਕਿ ਹੁਣ ਆਇਆ। ਚੰਗਾ, ਮੈਂ ਤਾਂ ਚੱਲਦੈਂ। ਮਿਲ ਗਿਆ ਟ੍ਰਿੱਪ, ਤੂੰ ਕਰ ਟੈਮ ਪਾਸ ਲੋਕਾਂ ਦੇ ਪ੍ਰਵਚਨ ਸੁਣ ਕੇ," ਆਖ ਕੇ ਉਹ ਡੰਡੀ ਪਿਆ। ਮੈਨੂੰ ਵੀ ਮਗਰ ਹੀ ਟ੍ਰਿੱਪ ਡਿਸਪੈਚ ਹੋ ਗਿਆ। ਜਦ ਉਹ ਔਰਤ ਘਰ ਚੋਂ ਨਿਕਲੀ, ਮੈਂ ਅੰਦਾਜ਼ਾ ਲਾ ਲਿਆ ਕਿ ਏਅਰਪੋਰਟ ਦਾ ਟ੍ਰਿੱਪ ਹੋਵੇਗਾ। ਉਸ ਕੋਲ ਵੱਡਾ ਸੂਟਕੇਸ ਅਤੇ ਹੈਂਡਬੈਗ ਹਨ। ਮੈਂ ਉਸਦੀ ਮੱਦਦ ਕਰਨ ਲਈ ਦੋ ਕੁ ਕਦਮ ਪੁੱਟ ਕੇ ਉਸ ਤੋਂ ਸੂਟਕੇਸ ਦਾ ਹੱਥਾ ਫੜ ਲੈਂਦਾ ਹਾਂ। ਟ੍ਰਿੱਪ ਇਹ ਏਅਰਪੋਰਟ ਦਾ ਹੀ ਹੈ, ਪਰ ਉਸਨੇ ਉੱਥੇ ਟੈਕਸੀ ਰਾਹੀਂ ਨਹੀਂ, ਟ੍ਰੇਨ ਰਾਹੀਂ ਜਾਣਾ ਹੈ। ਉਹ ਮੈਨੂੰ ਬਰਾਡਵੇ ਤੇ ਕੈਂਬੀ ਵਾਲੇ ਸਟੇਸ਼ਨ 'ਤੇ ਛੱਡਣ ਲਈ ਆਖਦੀ ਹੈ। ਇਸ ਨਵੀਂ ਟ੍ਰੇਨ ਨੇ ਟੈਕਸੀਆਂ ਦਾ ਏਅਰਪੋਰਟ ਦਾ ਬਹੁਤ ਸਾਰਾ ਕੰਮ ਖੋਹ ਲਿਆ ਹੈ। ਇਹ 'ਸ਼ੌਰਟੀ' ਲਾ ਕੇ ਮੈਂ ਫਿਰ ਪਲਾਜ਼ਾ 500 ਹੋਟਲ ਵੱਲ ਜਾਣ ਬਾਰੇ ਸੋਚਦਾ ਹਾਂ। ਉਹ ਨਜ਼ਦੀਕ ਹੀ ਹੈ ਪਰ ਉੱਥੇ ਪਹਿਲਾਂ ਹੀ ਦੋ ਟੈਕਸੀਆਂ ਬੁੱਕ ਹਨ। ਮੈਂ ਟੈਕਸੀ 150 ਜ਼ੋਨ ਵਿਚ ਬੁੱਕ ਕਰਵਾ ਕੇ ਹਾਵਰਡ ਜੌਨਸਨ ਹੋਟਲ ਵੱਲ ਚੱਲ ਪੈਂਦਾ ਹਾਂ। ਬਰਾਡਵੇ ਤੇ ਕਿੰਗਜ਼ਵੇਅ ਦੇ ਕੋਨੇ 'ਤੇ ਖੜ੍ਹੀ ਇਕ ਕੁੜੀ ਟੈਕਸੀ ਰੋਕਣ ਦਾ ਇਸ਼ਾਰਾ ਕਰਦੀ ਹੈ। ਉਸਦੇ ਕੱਪੜੇ

ਭੜਕੀਲੇ ਹਨ। ਹੱਥ ਵਿਚ ਸਿਗਰਟ ਹੈ। ਟੈਕਸੀ ਵਿਚ ਬੈਠਣ ਲੱਗਿਆਂ ਉਹ ਸਿਗਰਟ ਬਾਹਰ ਨਹੀਂ ਸੁੱਟਦੀ। ਸਗੋਂ ਧੂੰਆਂ ਉਡਾ ਕੇ ਆਖਦੀ ਹੈ, "ਬਰਾਡਵੇ ਸਟੇਸ਼ਨ।" ਮੈਂ ਆਖਦਾ ਹਾਂ, " ਆਈ ਐਮ ਸੌਰੀ ਮੈਡਮ, ਦਿਸ ਇਜ਼ ਨਾਨ-ਸਮੋਕਿੰਗ ਕੈਬ।" ਮੈਨੂੰ ਲੱਗਦਾ ਹੈ ਕਿ ਉਹ ਸੁਣ ਕੇ ਸਿਗਰਟ ਬਾਹਰ ਸੁੱਟ ਦੇਵੇਗੀ। ਪਰ ਉਹ ਟੈਕਸੀ ਵਿੱਚੋਂ ਬਾਹਰ ਨਿਕਲ ਕੇ ਆਖਦੀ ਹੈ, "ਫੱਕ ਯੂ ਦੈਨ।" ਟੈਕਸੀ ਦਾ ਦਰਵਾਜ਼ਾ ਉਹ ਉਵੇਂ ਹੀ ਖੁੱਲ੍ਹਾ ਛੱਡ ਜਾਂਦੀ ਹੈ। ਮੈਂ ਟੈਕਸੀ 'ਚੋਂ ਉੱਤਰ ਕੇ ਦਰਵਾਜ਼ਾ ਬੰਦ ਕਰਦਾ ਹਾਂ ਅਤੇ ਹੌਵਰਡ ਜੌਨਸਨ ਹੋਟਲ ਵੱਲ ਚੱਲ ਪੈਂਦਾ ਹਾਂ। ਆਪਣੇ ਨਾਲ ਲਿਆਂਦੇ ਫਲਾਂ ਵਿੱਚੋਂ ਮੈਂ ਕੇਲਾ ਖਾ ਲੈਂਦਾ ਹਾਂ। ਛਿਲਕਾ ਸੁੱਟਣ ਗਿਆ ਅੰਗੜਾਈ ਲੈ ਕੇ ਲੱਤਾਂ-ਬਾਹਾਂ ਸਿੱਧੀਆਂ ਕਰ ਲੈਂਦਾ ਹਾਂ। ਇਸ ਜ਼ੋਨ ਵਿੱਚੋਂ ਗਰੈਨਵੈੱਲ ਆਈਲੈਂਡ ਦਾ ਟ੍ਰਿੱਪ ਮਿਲ ਜਾਂਦਾ ਹੈ। ਉਸ ਨੂੰ ਉਤਾਰ ਕੇ ਮੈਂ ਡਾਊਨ-ਟਾਊਨ ਜਾਣ ਲਈ ਬੁਰਾਰਡ ਸਟਰੀਟ ਵੱਲ ਟੈਕਸੀ ਪਾ ਲੈਂਦਾ ਹਾਂ। ਰਾਹ ਵਿੱਚੋਂ ਹੀ ਇਕ ਮੁੰਡਾ ਟੈਕਸੀ ਰੋਕਣ ਦਾ ਇਸ਼ਾਰਾ ਕਰਦਾ ਹੈ। ਉਸ ਕੋਲ ਸਨੋਅ ਬੋਰਡ ਚੁੱਕਿਆ ਹੋਇਆ ਹੈ। ਟੈਕਸੀ ਰੁਕਦਿਆਂ ਹੀ ਉਹ ਪੁੱਛਦਾ ਹੈ, "ਨੌਰਥ ਵੈਨਕੂਵਰ ਲਿਜਾ ਸਕਦੈਂ।"

"ਯਕੀਨਨ," ਆਖ ਕੇ ਮੈਂ ਉਸਦਾ ਸਨੋਅ ਬੋਰਡ ਫੜ ਕੇ ਟੈਕਸੀ ਦੇ ਟਰੰਕ ਵਿਚ ਰੱਖਣ ਲਈ ਟੈਕਸੀ 'ਚੋਂ ਬਾਹਰ ਨਿਕਲਣ ਲਈ ਅਹੁਲਦਾ ਹਾਂ ਪਰ ਉਹ ਮੈਨੂੰ ਬੈਠਾ ਰਹਿਣ ਲਈ ਆਖ ਕੇ ਟਰੰਕ ਖੋਲ੍ਹਣ ਦਾ ਇਸ਼ਾਰਾ ਕਰਦਾ ਹੈ। ਆਪਣੇ ਸਨੋਅ ਬੋਰਡ ਟਿਕਾਅ ਕੇ ਉਹ ਮੇਰੇ ਬਰਾਬਰ ਮੂਹਰਲੀ ਸੀਟ 'ਤੇ ਆਣ ਬੈਠਦਾ ਹੈ। ਉਸ ਨੇ ਸਾਈਪਰਸ ਪਹਾੜ 'ਤੇ ਬਰਫ਼ ਵਿਚ ਖੇਡਣ ਜਾਣਾ ਹੈ। ਉਸ ਨੇ ਨੌਰਥ ਵੈਨਕੂਵਰ ਤੋਂ ਉੱਥੋਂ ਦੀ ਬੱਸ ਲੈਣੀ ਹੈ। ਪਹਾੜਾਂ 'ਤੇ ਸਾਲ ਦੀ ਪਹਿਲੀ ਬਰਫ ਪੈ ਚੁੱਕੀ ਹੈ। ਉਹ ਬਹੁਤ ਉਤਸ਼ਾਹਤ ਹੈ। ਗੱਲਾਂ ਦਾ ਗਲਾਧੜ। ਲੰਮੇ ਟ੍ਰਿੱਪ ਲਈ ਮੈਨੂੰ ਐਹੋ-ਜਿਹੀਆਂ ਸਵਾਰੀਆਂ ਚੰਗੀਆਂ ਲੱਗਦੀਆਂ ਹਨ। ਗੱਲਾਂ ਦੀ ਸ਼ੁਰੂਆਤ ਕਰਨ ਲਈ ਦਿਮਾਗ ਨੂੰ ਕਸ਼ਟ ਨਹੀਂ ਦੇਣਾ ਪੈਂਦਾ। ਉਹ ਮੈਨੂੰ ਵੀ ਕਿਸੇ ਦਿਨ 'ਸਨੋਅ ਬੋਰਡਿੰਗ' ਕਰਨ ਦੀ ਸਲਾਹ ਦਿੰਦਾ ਹੈ। ਨੌਰਥ ਵੈਨਕੂਵਰ ਤੋਂ ਬੱਸ ਦੇ ਚੱਲਣ ਵਿਚ ਹਾਲੇ ਘੰਟਾ ਪਿਆ ਹੈ। ਪਹਾੜ ਤੋਂ ਵਾਪਸੀ ਲਈ ਚਾਰ ਵਜੇ ਆਖਰੀ ਬੱਸ ਚਲਦੀ ਹੈ। "ਫਿਰ ਮੇਰੇ ਕੋਲ ਖੇਡਣ ਲਈ ਕੀ ਸਮਾਂ ਬਚੇਗਾ?" ਉਹ ਆਖਦਾ ਹੈ। ਫਿਰ ਉਹ ਅੱਧਾ ਕੁ ਮਿੰਟ ਚੁੱਪ ਰਹਿ ਕੇ ਆਖਦਾ ਹੈ, " ਪਹਾੜ 'ਤੇ ਚੱਲੇਂਗਾ?" ਮੈਨੂੰ ਯਕੀਨ ਨਹੀਂ ਆਉਂਦਾ। ਲੱਗਦਾ ਹੈ ਕਿ ਉਹ ਮਜ਼ਾਕ ਕਰਦਾ ਹੈ। ਉਹ ਫਿਰ ਆਖਦਾ ਹੈ, " ਚੱਲ ਚੱਲੀਏ, ਯਾਰ।" ਮੇਰੀ 'ਓ ਕੇ' ਸੁਣਦਿਆਂ ਹੀ ਉਹ ਪੁੱਛਦਾ ਹੈ, "ਕਰੈਡਿਟ ਕਾਰਡ ਲੈ ਲਵੇਂਗਾ।"

ਉਸਦਾ ਖੁੱਲ੍ਹਾ-ਡੁੱਲ੍ਹਾ ਵਤੀਰਾ ਦੇਖ ਕੇ ਮੈਂ ਸਿੱਧਾ ਹੀ ਆਖ ਦਿੰਦਾ ਹਾਂ, "ਕਿਸੇ ਬੈਂਕ ਮਸ਼ੀਨ 'ਚੋਂ ਕੈਸ਼ ਕਢਾ ਲੈ।" ਉਸ ਨੂੰ ਕੋਈ ਇਤਰਾਜ਼ ਨਹੀਂ ਹੈ। ਸਗੋਂ ਉਹ ਆਖਦਾ ਹੈ, "ਇਹ ਵਧੀਆ ਸੁਝਾਅ ਹੈ। ਇਸ ਬਹਾਨੇ ਕੌਫੀ ਵੀ ਲੈ ਲਵਾਂਗਾ।"

ਗੈਸ ਸਟੇਸ਼ਨ ਤੋਂ ਕੈਸ਼ ਲੈਣ ਗਿਆ ਉਹ ਕਾਫ਼ੀ ਦੇ ਦੋ ਕੱਪ ਲੈ ਆਉਂਦਾ ਹੈ। ਇੱਕ ਮੈਨੂੰ ਦੇ ਦਿੰਦਾ ਹੈ। ਦੂਜੇ ਕੱਪ ਵਿੱਚੋਂ ਚੁਸਕੀਆਂ ਲੈਂਦਾ ਉਹ ਪਹਾੜਾਂ 'ਤੇ ਪਈ ਬਰਫ਼ ਦੀਆਂ ਤਰੀਫਾਂ ਕਰਦਾ ਹੈ। ਮੈਨੂੰ ਲੱਗਦਾ ਹੈ ਕਿ ਜਿਵੇਂ ਉਹ ਬਰਫ਼ਾਂ ਦੀ ਸੁੰਦਰਤਾ ਦੇ ਗੀਤ ਗਾ ਰਿਹਾ ਹੋਵੇ। ਮੈਨੂੰ ਵੀ ਬਰਫ਼ ਚੰਗੀ-ਚੰਗੀ ਲੱਗਦੀ ਹੈ। ਸ਼ਾਇਦ ਸੱਚੀਂ ਹੀ ਸੋਹਣੀ ਹੈ ਜਾਂ ਲੰਮੇ ਟ੍ਰਿੱਪ ਦੀ ਖੁਸ਼ੀ ਕਾਰਣ ਇਹ ਸੋਹਣੀ ਲੱਗਦੀ ਹੈ। ਐਹੋ-ਜਿਹੇ ਟ੍ਰਿੱਪ ਵਰ੍ਹੇ-ਛਿਮਾਹੀ ਹੀ ਮਿਲਦੇ ਹਨ।

ਵਾਪਸੀ ਵੇਲੇ ਮੈਂ ਫਿਰ ਕੰਪਿਊਟਰ ਸਕਰੀਨ 'ਤੇ ਉਂਗਲਾ ਮਾਰਦਾ ਹਾਂ। ਪਰ ਉੱਥੇ ਸਿਗਨਲ ਨਹੀਂ ਹੈ। ਮੈਂ ਰੇਡੀਓ ਚਲਾ ਕੇ ਦੇਖਦਾ ਹਾਂ, ਉਹ ਵੀ ਘਰੜ ਘਰੜ ਕਰਦਾ ਹੈ। ਮੈਂ ਸੀ ਡੀ ਚਲਾ ਲੈਂਦਾ ਹਾਂ। ਟੈਕਸੀ ਚਲਾਉਂਦਿਆਂ ਹੀ ਸੇਬ ਅਤੇ ਅੰਗੂਰ ਖਾ ਕੇ ਆਪਣਾ 'ਲੰਚ' ਖਾਣ ਦਾ ਕੰਮ ਵੀ ਨਬੇੜ ਲੈਂਦਾ ਹਾਂ। ਟੈਕਸੀ 148 ਜ਼ੋਨ ਵਿਚ ਬੁੱਕ ਕਰਵਾ ਦਿੰਦਾ ਹਾਂ। ਹਾਲੇ ਮੈਂ ਸੈਕਿੰਡ ਨੈਰੋਜ਼ ਪੁਲ 'ਤੇ ਹੀ ਹਾਂ, ਜਦੋਂ ਜ਼ੋਨ ਵਿਚ ਮੇਰਾ ਨੰਬਰ ਪਹਿਲਾ ਹੋ ਜਾਂਦਾ ਹੈ। ਮੈਨੂੰ ਡਰ ਹੈ ਕਿ ਹੁਣੇ ਹੀ ਟ੍ਰਿੱਪ ਨਾ ਮਿਲ ਜਾਵੇ। ਇਸ ਲਈ ਮੈਂ 'ਟੈਂਪ੍ਰੇਰੀ ਆਫ਼' ਵਾਲਾ ਬਟਨ ਦੱਬ ਦਿੰਦਾ ਹਾਂ। ਇਸ ਤਰ੍ਹਾਂ ਮੈਂ ਵੀਹ ਮਿੰਟ ਲਈ 'ਆਫ਼' ਰਹਿ ਸਕਦਾ ਹਾਂ। ਜ਼ੋਨ ਵਿਚ ਮੇਰੀ ਪੁਜ਼ੀਸ਼ਨ ਪਹਿਲੀ ਹੀ ਰਹੇਗੀ। ਉਨੀ ਦੇਰ ਵਿਚ ਮੈਂ ਉੱਥੇ ਅੱਪੜ ਹੀ ਜਾਵਾਂਗਾ। ਨੇੜੇ ਪਹੁੰਚ ਕੇ ਮੈਂ ਫਿਰ ' ਅਵੇਲੇਬਲ' ਬਟਨ ਨੱਪ ਦਿੰਦਾ ਹਾਂ। ਛੇਤੀਂ ਹੀ ਮੈਨੂੰ ਸੇਫਵੇਅ ਗਰੋਸਰੀ ਸਟੋਰ 'ਤੋਂ ਟ੍ਰਿੱਪ ਡਿਸਪੈਚ ਹੋ ਜਾਂਦਾ ਹੈ। ਮੇਰਾ ਜੀਅ ਨਹੀਂ ਕਰਦਾ ਕਿ ਇਹ ਟ੍ਰਿੱਪ 'ਐਕਸਿਪਟ' ਕਰਾਂ। ਨਾ ਹੋਇਆਂ ਵਰਗਾ ਹੋਵੇਗਾ ਇਹ ਟ੍ਰਿੱਪ। ਹੋ ਸਕਦਾ ਹੈ ਕਿ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਕੋਈ ਹੋਰ ਟੈਕਸੀ ਲੈ ਜਾਵੇ। ਜੇ ਮੈਂ ਇਹ ਟ੍ਰਿੱਪ 'ਰੀਜੈਕਟ' ਕਰਦਾ ਹਾਂ ਤਾਂ ਜ਼ੋਨ ਵਿਚ ਮੇਰਾ ਨੰਬਰ ਅਖ਼ੀਰ 'ਤੇ ਚਲਿਆ ਜਾਵੇਗਾ। ਇਸ ਲਈ ਮੈਂ ਅਣਮੰਨੇ ਜਿਹੇ ਮਨ ਨਾਲ ਉਹ ਟ੍ਰਿੱਪ ਲੈ ਲੈਂਦਾ ਹਾਂ। ਇਹ ਇਕ ਬੁੱਢੀ ਔਰਤ ਹੈ। ਉਸ ਕੋਲ ਵਾਕਰ ਹੈ। ਇਕ ਦਵਾਈਆਂ ਵਾਲਾ ਲਿਫਾਫਾ ਹੈ। ਮੈਂ ਉਸ ਨੂੰ ਸਹਾਰਾ ਦੇ ਕੇ ਟੈਕਸੀ ਦੀ ਮੂਹਰਲੀ ਸੀਟ 'ਤੇ ਬਿਠਾਉਂਦਾ ਹਾਂ। ਉੱਥੇ ਬੈਠਣਾ ਉਸ ਲਈ ਆਸਾਨ ਹੈ। ਫਿਰ ਉਸਦਾ ਵਾਕਰ ਟਰੰਕ ਵਿਚ ਰੱਖਦਾ ਹਾਂ। ਸੀਟ ਬੈਲਟ ਲਾਉਣ ਵਿਚ ਉਸ ਦੀ ਮੱਦਦ ਕਰਦਾ ਹਾਂ। ਉਸ ਨੇ ਬਹੁਤ ਹੀ ਨਜ਼ਦੀਕ ਜਾਣਾ ਹੈ। ਉੱਥੇ ਪਹੁੰਚ ਕੇ ਉਹ 'ਟੈਕਸੀ ਸੇਵਰ ਕੂਪਨ' ਦੇ ਦਿੰਦੀ ਹੈ। ਉਨ੍ਹਾਂ ਨੂੰ ਭਰਨ ਦਾ ਵੀ ਖਲਜਗਣ ਹੈ। ਮੈਂ ਟਰੰਕ ਵਿੱਚੋਂ ਉਸਦਾ ਵਾਕਰ ਕੱਢਦਾ ਹਾਂ। ਫਿਰ ਉਸ ਔਰਤ ਦਾ ਦਰਵਾਜ਼ਾ ਖੋਹਲ ਕੇ ਮੈਂ ਉਸ ਨੂੰ ਸਹਾਰਾ ਦੇ ਕੇ ਉਸਦਾ ਵਾਕਰ ਉਸਦੇ ਹੱਥ ਹੇਠ ਕਰਕੇ 'ਸਾਈਡ ਵਾਕ' ਤੱਕ ਛੱਡ ਆਉਂਦਾ ਹਾਂ। ਚਾਰ ਡਾਲਰ ਦੇ ਇਸ ਟ੍ਰਿੱਪ ਵਿਚ ਮੇਰਾ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਟ੍ਰਿੱਪ ਤੋਂ ਵਿਹਲਾ ਹੋ ਕੇ ਮੈਂ ਘਰ ਫੋਨ ਕਰਕੇ ਹਾਲ-ਚਾਲ ਪੁੱਛਦਾ ਹਾਂ। ਮੇਰੀ ਬੇਟੀ ਵਾਪਸੀ 'ਤੇ ਪੀਜ਼ਾ ਲੈ ਕੇ ਆਉਣ ਦੀ ਤਾਕੀਦ ਕਰਦੀ ਹੈ। ਪਿੱਛੋਂ ਬੇਟਾ

'ਮੈਕਡੋਨਲਡ ਤੋਂ ਚਿਕਨ ਨਗਟ' ਦਾ ਰੌਲਾ ਪਾਉਂਦਾ ਹੈ। ਉਹ ਆਪਸ ਵਿਚ ਖਹਿਬੜਣ ਲੱਗਦੇ ਹਨ। ਮੈਂ ਦੋਹੇਂ ਚੀਜ਼ਾਂ ਲੈ ਆਉਣ ਦਾ ਵਾਅਦਾ ਕਰਦਾ ਹਾਂ। ਮੈਂ ਮਾਂ ਦਾ ਹਾਲ ਪੁੱਛਣ ਲਈ ਫੋਨ ਉਸ ਨੂੰ ਫੜਾਉਣ ਲਈ ਆਖਦਾ ਹਾਂ। ਫੋਨ ਫੜ ਕੇ ਉਹ ਪੁੱਛਦੀ ਹੈ, "ਆਉਂਦੇ ਨੂੰ ਕੀ ਬਣਾ ਕੇ ਰੱਖਾਂ, ਸਵੇਰ ਦਾ ਗਿਐਂ।"

ਫੋਨ 'ਤੇ ਗੱਲ ਕਰਦਿਆਂ ਮੇਰੀ ਨਿਗਾਹ ਸੜਕ ਦੇ ਦੂਸਰੇ ਪਾਸੇ ਟੈਕਸੀ ਲਈ ਹੱਥ ਹਿਲਾ ਰਹੀ ਕੁੜੀ 'ਤੇ ਪੈਂਦੀ ਹੈ। ਮੈਂ ਝੱਟ ਫੋਨ ਬੰਦ ਕਰ ਦਿੰਦਾ ਹਾਂ। ਇਹ ਸੜਕ ਕਮਰਸ਼ੀਅਲ ਡਰਾਈਵ ਕਾਫੀ ਟ੍ਰੈਫਿਕ ਵਾਲੀ ਹੈ। ਜੇ ਟ੍ਰੈਫਿਕ ਲਾਈਟਾਂ ਤੋਂ ਟੈਕਸੀ ਮੋੜ ਕੇ ਲਿਆਵਾਂ ਤਾਂ ਉਦੋਂ ਤੱਕ ਕੋਈ ਹੋਰ ਟੈਕਸੀ ਇਸ ਨੂੰ ਚੁੱਕ ਸਕਦੀ ਹੈ। ਮੈਂ ਆਸਾ-ਪਾਸਾ ਦੇਖ ਕੇ ਯੂ-ਟਰਨ ਮਾਰਦਾ ਹਾਂ ਅਤੇ ਕੁੜੀ ਦੇ ਮੂਹਰੇ ਟੈਕਸੀ ਰੋਕ ਦਿੰਦਾ ਹਾਂ। ਇਸ ਕੁੜੀ ਨੇ ਮੈਰੀਨ ਡਰਾਈਵ ਤੇ ਮੇਨ ਸਟਰੀਟ 'ਤੇ ਜਾਣਾ ਹੈ। ਚੰਗਾ ਟ੍ਰਿੱਪ ਹੈ। ਦਸਾਂ ਡਾਲਰਾਂ ਤੋਂ ਉੱਪਰ ਦੇ ਟ੍ਰਿੱਪ ਨੂੰ ਮੈਂ ਚੰਗਾ ਟ੍ਰਿੱਪ ਹੀ ਮੰਨਦਾ ਹਾਂ। ਉਸ ਨੂੰ ਕਾਹਲੀ ਹੈ। ਕੰਮ ਲਈ ਲੇਟ ਹੋ ਰਹੀ ਹੈ। ਤੇਜ਼ ਚੱਲਣ ਦੀ ਬੇਨਤੀ ਕਰਕੇ ਆਪਣੇ ਫੋਨ ਨਾਲ ਖੇਡਣ ਲੱਗ ਜਾਂਦੀ ਹੈ। ਮੈਨੂੰ ਇਹ ਚੰਗਾ ਲੱਗਦਾ ਹੈ। ਜੇ ਇਹ ਖੇਡਣ ਵਿਚ ਨਾ ਰੁੱਝਦੀ ਤਾਂ ਇਸ ਨੇ ਤੇਜ਼ ਚੱਲਣ ਲਈ ਅੱਗ ਮਚਾਉਣੀ ਸੀ।

ਉਸ ਤੋਂ ਬਾਅਦ ਮੈਂ ਦੋ ਹੋਰ ਨਿੱਕੇ-ਨਿੱਕੇ ਟ੍ਰਿੱਪ ਲਾਉਂਦਾ ਹਾਂ। ਤਿੰਨ ਵਜ ਗਏ ਹਨ। ਮੇਰੀ ਇੱਛਾ ਹੈ ਕਿ ਇੱਕ ਹੋਰ ਛੋਟਾ ਜਿਹਾ ਟ੍ਰਿੱਪ ਮਿਲੇ। ਲੰਮੇ ਟ੍ਰਿੱਪ ਲਈ ਸਮਾਂ ਨਹੀਂ ਹੈ।ਤਿੰਨ ਤੋਂ ਪੰਜ ਵਜੇ ਦੇ ਵਿਚਕਾਰ ਟੈਕਸੀਆਂ ਦੇ ਸ਼ਿਫ਼ਟ ਬਦਲਣ ਦਾ ਸਮਾਂ ਹੈ। ਕੋਈ ਤਿੰਨ ਵਜੇ ਬਦਲਦਾ ਹੈ, ਕੋਈ ਚਾਰ ਕੋਈ ਸਾਢੇ ਚਾਰ। ਮੇਰੀ ਟੈਕਸੀ ਦਾ ਸਮਾਂ ਚਾਰ ਵਜੇ ਦਾ ਹੈ। ਇਸ ਵੇਲੇ ਕੰਪਿਊਟਰ ਤੇ ਮਿਲਣ ਵਾਲੇ ਟ੍ਰਿੱਪ ਵਿਚ ਸਵਾਰੀ ਦੀ ਡੈਸਟੀਨੇਸ਼ਨ ਵੀ ਦੱਸੀ ਹੁੰਦੀ ਹੈ ਤਾਂ ਕਿ ਡਰਾਈਵਰ ਫੈਸਲਾ ਕਰ ਸਕੇ ਕਿ ਉਸ ਕੋਲ ਇਸ ਟ੍ਰਿੱਪ ਲਈ ਸਮਾਂ ਹੈ ਜਾਂ ਨਹੀਂ। ਜੇ ਇਸ ਵੇਲੇ ਮਿਲੇ ਟ੍ਰਿੱਪ ਦੀ ਡੈਸਟੀਨੇਸ਼ਨ ਦੂਰ ਦੀ ਲਿਖੀ ਹੋਵੇ ਤਾਂ ਚਿੱਤ ਵਿਚ ਖੋਹ ਪੈਣ ਲੱਗਦੀ ਹੈ ਕਿ ਜੇ ਕਿਤੇ ਇਹੀ ਟ੍ਰਿੱਪ ਅੱਧਾ ਘੰਟਾ ਪਹਿਲਾਂ ਮਿਲ ਜਾਂਦਾ! ਲੱਗਦਾ ਨਹੀਂ ਕਿ ਛੋਟੇ ਟ੍ਰਿੱਪ ਦੀ ਇੱਛਾ ਪੂਰੀ ਹੋਵੇਗੀ। ਸਾਢੇ ਕੁ ਤਿੰਨ ਵਜੇ ਜਾ ਕੇ ਜ਼ੋਨ ਵਿਚ ਪਹਿਲਾ ਨੰਬਰ ਹੁੰਦਾ ਹੈ। ਪਰ ਹੁਣ ਛੋਟੇ ਟ੍ਰਿੱਪ ਦਾ ਵੀ ਸਮਾਂ ਨਹੀਂ ਹੈ। ਟੈਕਸੀ ਵਿਚ ਗੈਸ ਪਵਾ ਕੇ ਮੈਂ ਟ੍ਰਿੱਪ ਸ਼ੀਟ ਪੂਰੀ ਕਰਦਾ ਹਾਂ। ਜਿਹੜੇ ਟ੍ਰਿੱਪ ਡਿਸਪੈਚ ਨਹੀਂ ਹੋਏ, ਉਹ ਮੈਂ ਸ਼ੀਟ ਵਿਚ ਨਹੀਂ ਭਰਦਾ। ਜੇ ਉਹ ਭਰਦਾ ਹਾਂ ਤਾਂ ਉਨ੍ਹਾਂ 'ਤੇ ਵੀ ਟੈਕਸ ਕਟਵਾਉਣਾ ਪੈਣਾ ਹੈ। ਉਨ੍ਹਾਂ 'ਤੇ ਟੈਕਸ ਤੋਂ ਬਚਣਾ ਚਾਹੁੰਦਾ ਹਾਂ। ਉਨ੍ਹਾਂ ਦਾ ਅੱਧ ਕਰਕੇ ਮੈਂ ਟੈਕਸੀ ਮਾਲਕ ਨੂੰ ਕੈਸ਼ ਦੇ ਦਿੰਦਾ ਹਾਂ। ਇਹ ਮਾਲਕ ਦੇ ਹਿੱਤ ਵਿਚ ਵੀ ਹੈ ਤੇ ਮੇਰੇ ਵੀ।

ਬਾਰ੍ਹਾਂ ਘੰਟਿਆਂ ਦੀ ਦਿਹਾੜੀ ਲਾ ਕੇ ਸਰੀਰ ਥੱਕ ਕੇ ਚੂਰ ਹੋਇਆ ਪਿਆ ਹੈ। ਸਿਰ ਪਾਟਣ-ਪਾਟਣ ਕਰ ਰਿਹਾ ਹੈ। ਜੇਬ ਵਿਚਲੇ ਨੋਟ: ਮੇਰੀ ਕਮਾਈ,

ਮੇਰੀ ਦੂਜੀ ਰੈਗੂਲਰ ਅੱਠ ਘੰਟਿਆਂ ਦੀ ਦਿਹਾੜੀ ਵਾਲੀ ਨੌਕਰੀ ਤੋਂ ਕਿਤੇ ਘੱਟ ਬਣਦੀ ਹੈ। ਪਰ ਜਦ ਮੈਂ ਘਰ ਪਹੁੰਚ ਕੇ ਖਾਣੇ ਵਾਲੇ ਮੇਜ਼ 'ਤੇ ਪਰਿਵਾਰ ਲਈ ਖਾਣੇ ਵਾਲੇ ਡੱਬੇ ਰੱਖਦਾ ਹਾਂ ਤਾਂ ਮੈਨੂੰ ਤਸੱਲੀ ਭਰਪੂਰ ਖੁਸ਼ੀ ਹੁੰਦੀ ਹੈ। ਅੰਦਰ ਭਰਿਆ-ਭਰਿਆ ਲੱਗਦਾ ਹੈ।

# ਦੁਖੀ ਡਰਾਈਵਰ ਦਾ ਇਕਬਾਲੀਆ ਬਿਆਨ

ਮੇਰੀ ਉਮਰ ਸੱਠ ਸਾਲ ਤੋਂ ਉੱਪਰ ਹੈ। ਮੈਂ 1976 'ਚ ਡਾਊਨ-ਟਾਊਨ ਦੀ ਕੰਪਨੀ ਨਾਲ ਟੈਕਸੀ ਚਲਾਉਣ ਲੱਗਾ ਸੀ। ਉਦੋਂ ਮੈਂ ਪਾਰਟ ਟਾਈਮ ਟੈਕਸੀ ਚਲਾਉਂਦਾ ਸੀ। ਪੱਕਾ ਕੰਮ ਮੇਰਾ ਬੇਕਰੀ ਵਿਚ ਸੀ। ਉਦੋਂ ਉਸ ਟੈਕਸੀ ਕੰਪਨੀ ਵਿਚ ਆਪਣੇ ਬੰਦੇ ਬਹੁਤ ਘੱਟ ਹੁੰਦੇ ਸੀ। ਜਦੋਂ ਮੈਂ ਪਹਿਲੇ ਦਿਨ ਟੈਕਸੀ ਦਾ ਕੰਮ ਮੰਗਣ ਗਿਆ ਤਾਂ ਮੇਰੇ ਕੱਪੜੇ-ਲੱਤੇ ਦੇਖ ਕੇ ਕੰਪਨੀ ਦਾ ਮਨੇਜਰ ਕਹਿੰਦਾ ਕਿ ਇਹ ਕੰਮ ਤੇਰੇ ਕਰਨ ਵਾਲਾ ਨੀਂ। ਉਦੋਂ ਟੈਕਸੀ ਚਲਾਉਣ ਦਾ ਕੰਮ ਬਹੁਤ ਖਤਰਨਾਕ ਹੁੰਦਾ ਸੀ। ਡਰਾਈਵਰ ਰਫ਼-ਟਫ਼ ਕਿਸਮ ਦੇ ਬੰਦੇ ਹੁੰਦੇ ਸੀ। ਜਿਹੜੇ ਕਿਸੇ ਦੇ ਦੋ ਘਸੁੰਨ ਲਾਉਣ ਜੋਗੇ ਵੀ ਹੁੰਦੇ ਜਾਂ ਕਿਸੇ ਤੋਂ ਚਾਰ ਘਸੁੰਨ ਖਾ ਵੀ ਸਕਦੇ ਹੁੰਦੇ। ਮੇਰੀ ਕਾਠੀ ਛੋਟੀ ਐ। ਮੇਰੇ ਕੱਪੜੇ ਵੀ ਹੁਣ ਵਾਂਗ ਸਾਫ਼-ਸੁਥਰੇ ਸੀ। (ਉਸਦੇ ਡਰੈੱਸ ਪੈਂਟ ਅਤੇ ਸ਼ਰਟ ਪਾਈ ਹੋਈ ਸੀ)। ਉਸ ਕੰਪਨੀ ਵਿਚ ਮੈਂ ਪਾਰਟ ਟਾਈਮ ਤਿੰਨ ਸਾਲ ਨੌਕਰੀ ਕੀਤੀ। ਦੋ-ਦੋ ਨੌਕਰੀਆਂ ਕਰਕੇ ਡਾਲਰ ਜੋੜੇ। ਫਿਰ ਮੇਰਾ ਵਿਆਹ ਹੋ ਗਿਆ। ਕਦੇ-ਕਦਾਈ ਫੇਰ ਵੀ ਮੈਂ ਟੈਕਸੀ ਚਲਾ ਆਉਂਦਾ। ਫੇਰ ਮੈਂ 1986 ਤੋਂ 1991 ਤੱਕ ਕਿਸੇ ਹੋਰ ਕੰਪਨੀ ਦੀ ਟੈਕਸੀ ਚਲਾਈ। ਉੱਥੇ ਵੀ ਮੈਂ ਪਾਰਟ-ਟਾਈਮ ਹੀ ਟੈਕਸੀ ਚਲਾਈ। ਫੇਰ ਹਾਲਾਤ ਏਦਾਂ ਦੇ ਬਣੇ ਕਿ ਮੇਰੀ ਬੇਕਰੀ ਵਾਲੀ ਨੌਕਰੀ ਵੀ ਜਾਂਦੀ ਲੱਗੀ ਤੇ ਟੈਕਸੀ ਵਾਲੀ ਵੀ। ਟੈਕਸੀ 'ਚ ਮੇਰੀ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਸੀ। ਮਨੇਜਰ ਨੇ ਮੈਨੂੰ ਕੱਢ ਦਿੱਤਾ; ਕਹਿੰਦਾ ਕਿ ਤੂੰ ਕਿਸੇ ਸਵਾਰੀ ਨਾਲ ਮਿਸ-ਬੀਹੇਵ ਕੀਤਾ ਸੀ। ਫੇਰ ਮੈਂ ਇਕ ਹੋਰ ਟੈਕਸੀ ਕੰਪਨੀ ਵਿਚ ਚਲਿਆ ਗਿਆ। ਓਥੇ 2008 ਤੱਕ ਰਿਹਾ। ਉਸ ਟੈਕਸੀ ਕੰਪਨੀ ਦਾ ਪਹਿਲਾਂ ਇੱਕ ਗੋਰਾ ਹੀ ਮਾਲਕ ਸੀ। ਜਦੋਂ ਉਹ ਵੇਚ ਗਿਆ ਤਾਂ ਫੇਰ ਆਪਣੇ ਬੰਦਿਆਂ ਨੇ ਟੈਕਸੀਆਂ ਖ਼ੀਦ ਲਈਆਂ। ਮੇਰੇ ਕੋਲ ਵੀ ਆਵਦੀ ਟੈਕਸੀ ਸੀ। ਫੇਰ ਮੈਂ ਵੇਚ ਦਿੱਤੀ।

ਟੈਕਸੀ ਨੇ ਮੈਨੂੰ ਸ਼ਰਾਬ ਤੇ ਰੰਨਾਂ ਦੀ ਆਦਤ ਪਾ 'ਤੀ। ਕਈ ਵਾਰ ਏਦਾਂ ਹੋਣਾ ਕਿ ਪੁਲੀਸ ਨੇ ਮੈਨੂੰ ਸ਼ਰਾਬੀ ਹੋਏ ਨੂੰ ਘਰ ਛੱਡ ਕੇ ਜਾਣਾ ਜਾਂ ਹਸਪਤਾਲ।

ਇੱਕ ਵਾਰੀ ਮੈਂ ਮਸਾਜ-ਪਾਰਲਰ ਤੇ ਗਿਆ ਹੀ ਸ਼ਰਾਬੀ ਹੋ ਕੇ ਸੌਂ ਗਿਆ। ਫੇਰ ਪੁਲੀਸ ਘਰ ਛੱਡ ਕੇ ਗਈ। ਮੈਂ ਕਦੇ ਸ਼ਰਾਬ ਪੀ ਕੇ ਟੈਕਸੀ ਨਹੀਂ ਚਲਾਈ ਪਰ ਫੇਰ ਵੀ ਮੇਰਾ ਪੁਲੀਸ ਰਿਕਾਰਡ ਬਣ ਗਿਆ। ਜਦੋਂ ਮੈਂ ਸਿਟੀ ਹਾਲ ਸ਼ੋਫਰ ਪਰਮਿਟ ਰੀਨਿਊ ਕਰਵਾਉਣ ਗਿਆ ਤਾਂ ਉਨ੍ਹਾਂ ਨੇ ਮੇਰਾ ਪਰਮਿਟ ਰੀਨਿਊ ਨਾ ਕੀਤਾ। ਮੈਂ ਕਿਸੇ ਹੋਰ ਸ਼ਹਿਰ ਦੀ ਟੈਕਸੀ ਕੰਪਨੀ ਵਿਚ ਚਲਾ ਗਿਆ। ਉਸ ਮਿਊਂਸਪਿਲਟੀ ਦੇ ਸਿਟੀ ਹਾਲ ਵਾਲੇ ਕਹਿੰਦੇ ਕਿ ਆਪਣੇ ਡਾਕਟਰ ਤੋਂ ਨੋਟ ਲਿਖਵਾ ਕੇ ਲਿਆ। ਡਾਕਟਰ ਨੇ ਲਿਖ ਦਿੱਤਾ ਕਿ ਇਸ ਨੂੰ ਮਨੋਵਿਗਿਆਨੀ ਤੋਂ ਕੌਂਸਲਿੰਗ ਦੀ ਜਰੂਰਤ ਹੈ। ਕੌਂਸਲਿੰਗ ਕਰਵਾ ਕੇ ਮੈਂ ਫਿਰ ਗਿਆ ਤਾਂ ਉਨ੍ਹਾਂ ਮੈਨੂੰ ਛੇ ਮਹੀਨੇ ਲਈ ਪਰਮਿਟ ਦੇ ਦਿੱਤਾ। ਹੁਣ ਮੈਂ ਬਾਹਰ ਨੀ ਪੀਂਦਾ। ਜੇ ਨਾ ਪੀਵਾਂ ਤਾਂ ਮਹੀਨਾ-ਮਹੀਨਾ, ਦੋ-ਦੋ ਮਹੀਨੇ ਨੀ ਪੀਂਦਾ ਜਦੋਂ ਲੱਗ ਜਾਵਾਂ ਫਿਰ ਹਫ਼ਤਾ-ਹਫ਼ਤਾ ਪੀਂਦਾ ਰਹਿੰਨੈ। ਜਿਹੜੇ ਮਹੀਨੇ-ਦੋ ਮਹੀਨਿਆਂ 'ਚ ਪੈਸੇ ਬਣਾਏ ਹੁੰਦੇ ਆ ਉਹ ਮੁਕਾ ਕੇ ਸਾਹ ਲੈਨਾਂ। ਉੱਠਣ ਸਾਰ ਹੀ ਘਰ ਦੇ ਨਾਲ ਮਸਾਜ-ਪਾਰਲਰ ਹੈ ਉੱਥੇ ਚਲਿਆ ਜਾਨੈ। ਕਈ ਵਾਰੀ ਤਾਂ ਉੱਥੇ ਸਿਰਫ਼ ਗੱਲਾਂ ਮਾਰ ਕੇ ਮੁੜ ਆਉਨੈਂ। ਪਰ ਉਹ ਦੋ ਸੌ ਤੋਂ ਘੱਟ ਮੁੜਣ ਨੀ ਦਿੰਦੀਆਂ। ਆਉਂਦਾ ਹੋਇਆ ਠੇਕੇ ਤੋਂ ਬੋਤਲ ਫੜ ਲਿਆਉਨਾਂ। ਫਿਰ ਪੀਂਦਾ ਰਹਿੰਨੈ। ਜਦੋਂ ਹੌਲ ਉੱਠਦਾ ਹੈ ਫੇਰ ਮਸਾਜ-ਪਾਰਲਰ ਚਲਿਆ ਜਾਨੈ। ਆਪਣੇ-ਆਪ ਨੂੰ ਰੋਕ ਨੀਂ ਹੁੰਦਾ। ਜਦੋਂ ਠੀਕ ਹੁੰਨੈ, ਉਦੋਂ ਬਹੁਤ ਅਰਦਾਸਾਂ ਕਰਦੈਂ ਬਈ ਰੱਬਾ ਮੇਰਾ ਮਾੜੀਆਂ ਆਦਤਾਂ ਤੋਂ ਖਹਿੜਾ ਛੁਡਾ। (ਅੱਖਾਂ ਭਰ ਆਉਂਦਾ ਹੈ) ਡਾਕਟਰ ਦੇ ਮੈਂ ਡਰਦਾ ਜਾਂਦਾ ਨੀ ਬਈ ਉਸ ਨੇ ਫੇਰ ਜੇ ਸਿਟੀ ਹਾਲ ਵਾਲਿਆਂ ਨੂੰ ਆਖ ਦਿੱਤਾ ਕਿ ਇਹ ਸ਼ਰਾਬੀ ਹੈ ਮੇਰੀ ਇਹ ਨੌਕਰੀ ਵੀ ਜਾਂਦੀ ਲੱਗਣੀ ਆ। ਜਦੋਂ ਮੈਨੂੰ ਦੌਰਾ ਪੈਂਦਾ, ਉਦੋਂ ਟੈਕਸੀ ਖੜ੍ਹੀ ਰਹਿੰਦੀ ਐ। ਖੜ੍ਹੀ ਦਾ ਖਰਚਾ ਮੇਰੇ ਸਿਰ ਪਈ ਜਾਂਦਾ। ਜਦੋਂ ਫਿਰ ਚਲਾਉਣ ਲੱਗਦਾਂ ਤਾਂ ਪਿਛਲਾ ਘਾਟਾ ਵੀ ਪੂਰਾ ਕਰਨਾ ਪੈਂਦਾ। ਘਰਦਿਆਂ ਨੂੰ ਹੁਣ ਮੈਂ ਨੀ ਦਿੰਦਾ ਕੁਝ। ਪਹਿਲਾਂ ਬਥੇਰਾ ਦੇ ਦਿੱਤਾ। ਸੱਤੇ ਦਿਨ ਬਾਰਾਂ-ਬਾਰਾਂ ਘੰਟੇ ਕੰਮ ਕਰਦਾ ਸੀ। ਹੁਣ ਤਾਂ ਆਵਦੇ ਜੋਗਾ ਕਰਦਾਂ। ਬੱਚੇ ਆ ਤਿੰਨ। ਕੁੜੀ ਬੱਤੀਆਂ ਸਾਲਾਂ ਦੀ ਆ। ਉਹ ਅੱਡ ਰਹਿੰਦੀ ਆ। ਵਿਚਕਾਰਲਾ ਮੁੰਡਾ ਆਵਦਾ ਅੱਡ ਰਹਿੰਦਾ। ਛੋਟਾ ਸਾਡੇ ਨਾਲ ਰਹਿੰਦਾ। ਪਰਿਵਾਰ ਮੇਰਾ ਬਹੁਤ ਚੰਗਾ। ਉਨ੍ਹਾਂ ਨੂੰ ਪਤਾ ਬਈ ਮੈਂ ਰੰਡੀਆਂ ਦੇ ਜਾਨੈ। ਸ਼ਰਾਬ ਪੀਨੈ। ਘਰਵਾਲੀ ਮੇਰੀ ਅੰਤਾਂ ਦੀ ਚੰਗੀ ਐ। ਉਹਨੂੰ ਇਓਂ ਆ ਬਈ ਹੁਣ ਮੈਂ ਘਰੇ ਲਿਆ ਕੇ ਪੀਨੈ। ਬਾਹਰੋਂ ਪਏ ਨੂੰ ਪੁਲਸ ਨੀ ਚੁੱਕ ਕੇ ਲਿਆਉਂਦੀ।

ਟੈਕਸੀ ਚਲਾਉਂਦਿਆਂ ਵੀ ਮਨ ਬਹੁਤ ਡੋਲਦੈ, ਜਦੋਂ ਕੋਈ ਸੈਕਸੀ ਤੀਵੀਂ ਨਾਲ ਆ ਬੈਠੇ। ਪਰ ਬਹੁਤ ਸਾਵਧਾਨੀ ਵਰਤਣੀ ਪੈਂਦੀ ਆ। ਜੌਬ ਜਾਣ ਦਾ ਡਰ ਰਹਿੰਦੈ। ਬਹੁਤ ਸੰਭਲ ਕੇ ਕਈ ਵਾਰੀ ਪੁੱਛ ਵੀ ਲਈਦੈ। ਜੇ ਅਗਲੀ ਮੰਨ ਜਾਵੇ ਤਾਂ ਠੀਕ ਨਹੀਂ ਫਿਰ ਆਖ ਦੇਈਦੈ ਬਈ ਆਈ ਐਮ ਸੌਰੀ। ਮੈਨੂੰ ਤੀਵੀਆਂ ਨਾਲ ਗੱਲ ਕਰਨ ਦਾ ਬਹੁਤ ਤਰੀਕਾ ਆ। ਇਕ ਵਾਰੀ ਫਸਿਆ ਸੀ, ਉਹ ਵੀ ਉਸ ਤੀਵੀਂ ਦੇ

ਮੁੰਡੇ ਕਰਕੇ। ਉਹ ਗੱਲ ਇਓਂ ਹੋਈ ਕਿ ਇਕ ਸਿਆਣੀ ਉਮਰ ਦੀ ਤੀਵੀਂ ਰੋਜ਼ ਟੈਕਸੀ ਸੱਦਦੀ ਸੀ। ਓਹਨੂੰ ਗੱਲਾਂ ਸੁਨਣ ਦਾ ਭੁਸ ਸੀ। ਓਹ ਪੁੱਛਿਆ ਕਰੇ ਕਿ ਵੀਕ ਐਂਡ ਤੇ ਤੂੰ ਕੀ ਕਰਦਾ ਹੁੰਨੈ। ਮੈਂ ਮਸਾਲਾ ਲਾ ਕੇ ਗੱਲਾਂ ਸੁਣਾ ਦੇਣੀਆਂ ਕਿ ਦਾਰੂ ਪੀ ਕੇ ਤੀਵੀ ਨਾਲ ਏਦਾਂ-ਏਦਾਂ ਕੀਤਾ। ਇਕ ਦਿਨ ਕਹਿੰਦੀ ਕਿ ਮੇਰੇ ਨਾਲ ਬੈਠ ਕੇ ਵੀ ਪੀ। ਫੇਰ ਸਾਡੀ ਗੱਲ ਖੁੱਲ੍ਹ ਗਈ। ਓਹਨੇ ਨਿੱਤ ਹੀ ਮੈਨੂੰ ਸੱਦ ਲਿਆ ਕਰਨਾ। ਉਸ ਤੀਵੀਂ ਦਾ ਤੀਹਾਂ ਸਾਲਾਂ ਦਾ ਮੁੰਡਾ ਸੀ। ਉਹ ਉਹਦੇ ਨਾਲ ਹੀ ਰਹਿੰਦਾ ਸੀ। ਇਕ ਦਿਨ ਓਹਨੇ ਟੈਕਸੀ ਦੇ ਦਫ਼ਤਰ ਫੋਨ ਕਰ ਦਿੱਤਾ ਕਿ ਥੋਡਾ ਡਰਾਈਵਰ ਕੰਮ ਦੇ ਦੌਰਾਨ ਮੇਰੀ ਮਾਂ ਕੋਲ ਆਉਂਦੈ। ਮੇਰੀ ਮਾਂ ਸੱਠਾਂ-ਪੈਂਹਟਾਂ ਸਾਲਾਂ ਦੀ ਆ। ਕੰਪਨੀ ਨੇ ਮੈਨੂੰ ਵਾਰਨਿੰਗ ਦੇ ਦਿੱਤੀ ਕਿ ਟੈਕਸੀ ਚਲਾਉਂਦਿਆਂ ਏਦਾਂ ਨੀ ਕਰ ਸਕਦਾ। ਫੇਰ ਮੈਂ ਏਸ ਗੱਲੋਂ ਸਾਵਧਾਨ ਹੋ ਗਿਆ। ਜਦੋਂ ਕਿਸੇ ਨੇ 'ਹਾਂ' ਕਰਨੀ ਮੈਂ ਟੈਕਸੀ ਪਾਰਕ ਕਰ ਦੇਣੀ ਤੇ ਆਪਣੀ ਪਰਾਈਵੇਟ ਕਾਰ 'ਚ ਲੈ ਜਾਣਾ। ਜਦੋਂ ਤੁਹਾਨੂੰ ਇਹ ਬਾਣ ਪੈ ਜਾਵੇ ਨਾ ਫਿਰ ਥੋਡਾ ਨਿੱਤ ਨਵੀਂ ਭਾਲਣ ਨੂੰ ਜੀਅ ਕਰਦੈ। ਕਦੇ ਗੋਰੀ, ਕਦੇ ਕਾਲੀ, ਕਦੇ ਚੀਨਣ। ਟੈਕਸੀ 'ਚ ਬਥੇਰੀਆਂ ਮਿਲ ਜਾਂਦੀਆਂ ਪਰ ਥੋਨੂੰ ਪੁੱਛਣ ਦਾ ਤਰੀਕਾ ਆਉਣਾ ਚਾਹੀਦਾ। ਆਪਾਂ ਇੱਕ ਅੱਧੀ ਤਾਂ ਰੱਖੀ ਦੀ ਈ ਆ। ਪਰ ਫੇਰ ਵੀ ਜੀਅ ਨੀ ਭਰਦਾ। ਬਾਨ ਇਹ ਮੈਨੂੰ ਟੈਕਸੀ ਨੇ ਪਾਈ ਆ। ਕਈ ਵਾਰੀ ਲੱਗਦੈ ਜੇ ਟੈਕਸੀ 'ਚ ਨਾ ਪੈਂਦਾ ਤਾਂ ਇਹ ਬਾਨ ਤਾਂ ਨਾ ਪੈਂਦੀ। ਮੈਂ ਦੁਖੀ ਬਹੁਤ ਹੁੰਨੈਂ ਆਪਣੀ ਇਸ ਆਦਤ ਤੋਂ ਪਰ ਛੱਡ ਨਹੀਂ ਹੁੰਦੀ। ਅੱਜ ਪੂਰਾ ਹਫ਼ਤਾ ਹੋ ਗਿਆ ਘਰ ਬੈਠੇ ਨੂੰ। ਪਤਾ ਈ ਨੀ ਲੱਗਦਾ ਕਦੇ-ਕਦੇ ਕੀ ਹੋ ਜਾਂਦਾ। ਕੁਸ਼ ਕਰਨ ਨੂੰ ਜੀਅ ਨੀ ਕਰਦਾ। ਨਾ ਬਾਹਰ ਨਿਕਲਣ ਨੂੰ। ਨਾ ਕਿਸੇ ਨੂੰ ਮਿਲਣ-ਗਿਲਣ ਨੂੰ। ਦਿਨ-ਰਾਤ ਦਾਰੂ ਪੀਵੀ ਜਾਨੈ। ਵਿਚ-ਵਿਚ ਮਸਾਜ-ਪਾਰਲਰ ਜਾ ਆਉਨੈਂ। ਪੈਸੇ ਸਾਰੇ ਮੁੱਕ ਗਏ ਆ। ਕੱਲ੍ਹ ਛੋਟੇ ਮੁੰਡੇ ਨੇ ਮੈਥੋਂ ਸਤੇ ਨੇ ਕੰਧ 'ਚ ਘਸੁੰਨ ਮਾਰ ਕੇ ਮੋਰੀ ਕਰ ਦਿੱਤੀ। ਮੇਰਾ ਮਨ ਭਰ-ਭਰ ਆਉਂਦੈ ਕਿ ਮੈਂ ਕਿੰਨਾਂ ਦੁੱਖ ਦਿੰਨੈ ਸਾਰਿਆਂ ਨੂੰ। ਅੱਜ ਨੀ ਪੀਤੀ। ਕੱਲ੍ਹ ਨੂੰ ਕੰਮ 'ਤੇ ਜਾਊਂਗਾ। ਰੱਬ ਅੱਗੇ ਅਰਦਾਸ ਐ ਕਿ ਮੇਰਾ ਮਨ ਨਾ ਡੋਲੇ ਕੱਲ੍ਹ ਤੱਕ।

# ਜੈਰੀ ਸਹੋਤਾ

1967 'ਚ ਮੈਂ ਇੰਗਲੈਂਡ ਤੋਂ ਇੱਥੇ ਆਇਆ ਸੀ। ਇੰਗਲੈਂਡ ਮੈਂ ਪੰਜ ਸਾਲ ਰਿਹਾ। ਇੰਡੀਆ ਮੈਂ ਇੱਕੀ ਸਾਲ ਦੀ ਉਮਰ ਵਿਚ ਛੱਡਿਆ। ਉਥੋਂ ਮੈਂ ਬੀ ਐੱਸ ਸੀ ਕੀਤੀ ਸੀ। ਕੰਮ ਬੜੇ ਮੁਸ਼ਕਲ ਨਾਲ ਮਿਲਦੇ ਸੀ ਉਦੋਂ। ਇੱਕ-ਦੋ ਥਾਈਂ ਕੰਮ ਮਿਲੇ ਵੀ ਪਰ ਛੇਤੀਂ ਹੀ ਲੇ-ਆਫ਼ ਹੋ ਜਾਂਦੀ ਰਹੀ। ਫੇਰ ਇੱਕ ਦਿਨ ਖਾਂਦਿਆਂ-ਪੀਂਦਿਆਂ ਮੇਰੇ ਭਾਈਬੰਦ ਕਹਿੰਦੇ ਕਿ ਤੈਨੂੰ ਤਾਂ ਇੰਗਲਿਸ਼ ਦੀ ਵੀ ਕੋਈ ਸਮੱਸਿਆ ਨਹੀਂ ਟੈਕਸੀ ਕਿਓਂ ਨੀ ਚਲਾਉਂਦਾ। ਆਪਣਾ ਬੰਦਾ ਕੋਈ ਹੈ ਨੀ ਸੀ ਇਸ ਪਾਸੇ। ਗੱਲ ਮੇਰੇ ਮਨ ਨੂੰ ਲੱਗ ਗਈ। ਮੈਂ ਡਰਾਵਰ ਲਾਈਸੈਂਸ ਲੈ ਲਿਆ ਫੇਰ ਪੁਲੀਸ ਰੀਪੋਰਟ ਵੀ ਲੈ ਆਂਦੀ।। ਰੌਇਲ ਸਿਟੀ ਦਾ ਮਾਲਕ ਸੀ ਬਿਲ ਫਾਰਬ੍ਰਿਜ ਉਸ ਕੋਲ ਮੈਂ ਗਿਆ। 1968 ਦੀ ਗੱਲ ਐ।ਉਸ ਨੇ ਇਕ ਡਰਾਈਵਰ ਨੂੰ ਸੱਦ ਕੇ ਆਖ ਦਿੱਤਾ ਕਿ ਇਸ ਨੂੰ ਟ੍ਰੇਨਿੰਗ ਦੇ। ਉਸ ਨੇ ਮੈਨੂੰ ਕੁਝ ਥਾਵਾਂ ਦਾ ਗੇੜਾ ਕਢਵਾ ਦਿੱਤਾ। ਕਹਿੰਦਾ ਕਿ ਪੂਰਾ ਭੇਤੀ ਤਾਂ ਕੰਮ ਕਰਕੇ ਹੀ ਬਣੀਦੈ। ਦੂਜੇ ਦਿਨ ਉਨ੍ਹਾਂ ਨੇ ਮੈਨੂੰ ਟੈਕਸੀ ਦੇ ਦਿੱਤੀ ਚਲਾਉਣ ਨੂੰ। ਫੇਰ ਮੈਂ ਸੁਰੂ ਹੋ ਗਿਆ। ਰਾਤ ਨੂੰ ਤੇ ਵੀਕਐਂਡ 'ਤੇ ਟੈਕਸੀ ਚਲਾਉਂਦਾ। ਦਿਨੇ ਮੈਨੂੰ ਮੇਰੀ ਫੈਕਟਰੀ ਵਾਲਿਆ ਨੇ ਫੇਰ ਕੰਮ 'ਤੇ ਸੱਦ ਲਿਆ, ਉੱਥੇ ਚਲਾ ਜਾਂਦਾ। ਡਾਲਰ ਜਮ੍ਹਾਂ ਹੋਈ ਜਾਂਦੇ ਸੀ। ਖਰਚਣ ਨੂੰ ਤਾਂ ਟਾਈਮ ਨੀ ਸੀ ਮਿਲਦਾ। ਡਾਲਰ ਮੈਂ ਇੰਗਲੈਂਡ ਤੋਂ ਵੀ ਆਵਦੇ ਨਾਲ ਲੈ ਕੇ ਆਇਆ ਸੀ। ਇਥੇ ਅਸੀਂ ਤਿੰਨ ਜਣੇ ਇਕ ਬੇਸਮੈਂਟ ਵਿਚ ਰਹਿੰਦੇ ਸੀ। ਖਰਚਾ ਕੋਈ ਹੈ ਨੀ ਸੀ। ਫੈਕਟਰੀ 'ਚ ਕੰਮ ਕਰਨ ਨੂੰ ਜੀਅ ਕਰਨੋਂ ਹਟ ਗਿਆ। ਸੋਚਿਆਂ ਕਰਾਂ ਕਿ ਚੰਗਾ ਪੜ੍ਹਿਆ ਹਾਂ, ਘੁੰਮਿਆ ਫਿਰਿਆਂ , ਆਈ ਕੈਨ ਡੂ ਸਮਥਿੰਗ ਬੈਟਰ। ਬੈਟਰ ਹੋਰ ਕੀ ਕਰਨਾ ਸੀ। ਆਪਣੇ ਬੰਦਿਆਂ ਨੂੰ ਹੋਰ ਕਿਤੇ ਕੋਈ ਜੌਬ ਮਿਲਦੀ ਨਹੀਂ ਸੀ। ਤੇ ਏਧਰੋਂ ਰੌਇਲ ਸਿਟੀ ਵਾਲਿਆਂ ਨੇ ਵੀ ਮੈਨੂੰ ਫਾਇਰ ਕਰ ਦਿੱਤਾ, ਮੇਰੇ ਕੋਲੋਂ ਇੱਕ ਐਕਸੀਡੈਂਟ ਹੋ ਗਿਆ ਸੀ। ਮੈਂ ਨਾਲ ਦੇ ਸ਼ਹਿਰ ਬਰਨਬੀ 'ਚ ਕਰਟਸੀ ਕੈਬ ਨਾਂ ਦੀ ਕੰਪਨੀ ਚ ਚਲਿਆ ਗਿਆ। ਡਰਾਈਵਰਾਂ ਦੀ ਤਾਂ ਹਮੇਸ਼ਾਂ ਲੋੜ ਹੀ ਰਹਿੰਦੀ ਸੀ। ਪੰਜ-ਛੇ ਮਹੀਨੇ ਮੈਂ ਟੈਕਸੀ ਚਲਾਈ ਓਥੇ ਪਰ ਉਨ੍ਹਾਂ ਦਾ ਬਿਜਨਸ ਨਹੀਂ ਸੀ ਐਨਾਂ ਚੰਗਾ। ਪੰਜ-ਛੇ ਟੈਕਸੀਆਂ ਸੀ ਓਨ੍ਹਾਂ ਕੋਲ। ਅਰਕੋਲਾ ਸਟਰੀਟ 'ਤੇ ਦਫਤਰ ਸੀ ਉਨ੍ਹਾਂ ਦਾ। ਤੇ ਸੜਕ ਦੇ ਦੂਜੇ ਪਾਸੇ ਬੋਨੀਜ਼ ਟੈਕਸੀ ਦਾ

ਟਿਕਾਣਾ ਸੀ। ਮੈਂ ਬੋਨੀਜ਼ ਵੱਲ ਚਲਾ ਗਿਆ। ਓਥੇ ਮੈਨੂੰ ਇੱਕ ਬੰਦਾ ਕਹਿੰਦਾ ਕਿ ਮੈਂ ਉਨ੍ਹਾਂ ਦੀ ਟੈਕਸੀ ਖ੍ਰੀਦ ਲਵਾਂ। ਓਥੇ ਇਕ ਵੇਨ ਫਿਸ਼ਰ ਨਾਂ ਦਾ ਬੰਦਾ ਸੀ। ਬਹੁਤ ਚੰਗਾ ਬੰਦਾ ਸੀ। ਉਹ ਕਹਿੰਦਾ ਕਿ ਬਹੁਤੀਆਂ ਕਾਰਾਂ ਵਾਲੇ ਮਾਲਕਾਂ ਤੋਂ ਨਾ ਟੈਕਸੀ ਖ੍ਰੀਦੀਂ। ਬੌਬ ਲਸ਼ਿਓਰ ਤੋਂ ਟੈਕਸੀ ਖ੍ਰੀਦ ਉਸ ਕੋਲ ਇੱਕ ਹੀ ਟੈਕਸੀ ਹੈ। ਬੌਬ ਨਾਲ ਮੇਰਾ ਸੌਦਾ ਹੋ ਗਿਆ। ਸੌਦਾ ਹੋਇਆ ਨੌਂ ਹਜ਼ਾਰ ਦਾ। ਟੈਕਸੀ ਨੰਬਰ ਸੀ 31। ਚਾਰ ਹਜ਼ਾਰ ਡਾਊਂਨ ਪੇਮੈਂਟ ਦੇ ਦਿੱਤੀ। ਟੈਕਸੀ ਲਈ ਨੂੰ ਹਾਲੇ ਮਹੀਨਾ ਹੀ ਹੋਇਆ ਸੀ ਕਿ ਮੈਨੂੰ ਗੌਰਮਿਟ ਵੱਲੋਂ ਜੌਬ ਆਫ਼ਰ ਆ ਗਈ। ਪਹਿਲਾਂ ਕਈ ਥਾਈਂ ਅਪਲਾਈ ਕੀਤਾ ਸੀ ਨਾ। ਜੌਬ ਸੀ ਜੇਲ ਗਾਰਡ ਦੀ। ਫਿਰ ਮੈਂ ਕਾਫ਼ੀ ਦੇਰ ਇਸੇ ਤਰ੍ਹਾਂ ਟੈਕਸੀ ਵੀ ਰੱਖੀ ਤੇ ਜੌਬ ਵੀ ਕਰਦਾ ਰਿਹਾ, ਟਿੱਡ ਮੈਕਲੌਡ ਤੇ ਡੈਨਿਸ ਹੌਰਟਨ ਮੇਰੇ ਨਾਲ ਲੱਗਦੇ ਸੀ ਕਿਓਂ ਕਿ ਮੈਂ ਉਨ੍ਹਾਂ ਦੀ ਟੈਕਸੀ ਨਹੀਂ ਸੀ ਖ੍ਰੀਦੀ। ਵੇਨ ਫਿਸ਼ਰ, ਮੈਂ ਤੇ ਰੌਡ ਮੈਕਡੌਨਲਡ ਰਲ ਗਏ। ਇੱਕ ਹੋਰ ਬੰਦਾ ਸੀ ਓਹ ਵੀ ਸਾਡੇ ਨਾਲ ਰਲ ਗਿਆ। ਚਾਰ-ਪੰਜ ਟੈਕਸੀਆਂ ਹੋ ਗਈਆਂ। ਸਾਡੇ ਬਹੁਤੀਆਂ ਕਾਰਾਂ ਵਾਲੇ ਟਿੱਡ ਮੈਕਲੌਡ ਹੋਰਾਂ ਨਾਲ ਸਿੰਗ ਫਸੇ ਹੀ ਰਹਿੰਦੇ। ਉਹ ਬਹੁਤ ਕੁਰੱਖਤ ਸੀ। ਉਹ ਸਮਝਦੇ ਸੀ ਕਿ ਉਨ੍ਹਾਂ ਕੋਲ ਜਿਆਦਾ ਟੈਕਸੀਆਂ। ਏਸ ਕਰਕੇ ਉਹ ਆਪਣੀ ਹੀ ਚਲਾਉਣਾ ਚਾਹੁੰਦੇ। ਬੌਨੀਜ਼ ਟੈਕਸੀ ਦਾ ਦਫ਼ਤਰ ਵੀ ਜਿੱਥੇ ਹੁਣ ਐ ਇੰਪੀਰੀਅਲ ਸਟਰੀਟ ’ਤੇ, ਉੱਥੇ ਚਲਾ ਗਿਆ। ਮੇਰਾ ਘਰ ਵੀ ਨਾਲ ਹੀ ਮੈਕਫਰਸਨ ਤੇ ਹੁੰਦਾ ਸੀ। ਜਦੋਂ ਅਸੀਂ ਟੈਕਸੀ ਖ੍ਰੀਦਦੇ ਸੀ, ਉਦੋਂ ਕੰਟਰੈਕਟ ਵਿਚ ਲਿਖਿਆ ਹੁੰਦਾ ਸੀ ਕਿ ਸਾਲ ਭਰ ਡਿਸਪੈਚ ਫੀਸ ਨਹੀਂ ਵਧੇਗੀ। ਪਰ ਇਨ੍ਹਾਂ ਨੇ ਨਵੇਂ ਦਫਤਰ ਵਿਚ ਜਾ ਕੇ ਫੀਸ ਵਧਾ ਦਿੱਤੀ। ਮੈਂ ਕਿਹਾ ਮੈਂ ਤਾਂ ਨਹੀਂ ਦੇਣੀ। ਮੇਰਾ ਤਾਂ ਹਾਲੇ ਸਾਲ ਵੀ ਪੂਰਾ ਨਹੀਂ ਹੋਇਆ। ਉਨ੍ਹਾਂ ਨੇ ਪਹਿਲਾਂ ਹੀ ਸਕੀਮ ਬਣਾਈ ਹੋਈ ਸੀ। ਜਿਸ ਦਿਨ ਡਿਸਪੈਚ ਫੀਸ ਦੇਣ ਦਾ ਅਖੀਰਲਾ ਦਿਨ ਹੋਇਆ। ਅਸੀਂ ਪੁਰਾਣੇ ਹਿਸਾਬ ਨਾਲ ਡਿਸਪੈਚ ਫੀਸ ਦੇ ਦਿੱਤੀ। ਮੇਰੇ ਬਾਕੀ ਤਿੰਨਾਂ ਸਾਥੀਆ ਨੇ ਵੀ ਇਵੇਂ ਹੀ ਕੀਤਾ। ਉਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਏਅਰ ਤੋਂ ਲਾਹ ਦਿੱਤਾ( ਟਰੈਂਪ ਡਿਸਪੈਚ ਕਰਨੋ ਹਟ ਗਏ)। ਅਸੀਂ ਪਹਿਲਾਂ ਕੋਈ ਤਿਆਰੀ ਨਹੀਂ ਸੀ ਕੀਤੀ ਇਸ ਹਾਲਤ ਲਈ। ਸੋ ਦੋ ਤਿੰਨ ਦਿਨ ਇਸੇ ਤਰ੍ਹਾਂ ਲੰਘ ਗਏ। ਫੇਰ ਅਸੀਂ ਕਰਟਸੀ ਕੈਬ ਕੰਪਨੀ ਨਾਲ ਜਾ ਰਲੇ। ਸਾਲ ਲੰਘ ਗਿਆ। ਮੇਰਾ ਇਕ ਬੰਦਾ ਬੌਨੀਜ਼ ਟੈਕਸੀ ਵਿੱਚ ਛੱਡਿਆ ਹੋਇਆ ਸੀ। ਉਹ ਮੈਨੂੰ ਅੰਦਰਲੀਆਂ ਸਾਰੀ ਗਤੀਵਿਧੀਆਂ ਦੱਸਦਾ ਰਹਿੰਦਾ। ਉਸਦਾ ਮੈਨੂੰ ਫੋਨ ਆਇਆ, ਕਹਿੰਦਾ ਕਿ ਟਿੱਡ ਮੈਕਲੌਡ ਹੋਰਾਂ ਦੀਆਂ ਚਿਕਾਂ ਕੈਸ਼ ਨਹੀਂ ਹੋਈਆਂ। ਕੰਪਨੀ ਆਰਥਕ ਸੰਕਟ ’ਚ ਹੈ। ਮੈਂ ਸੋਚਿਆ ਕਿ ਇਸ ਤੋਂ ਵਧੀਆ ਮੌਕਾ ਮੇਰੇ ਕੋਲ ਕਦੋਂ ਆਉਣਾਂ। ਮੈਂ ਇਸ ਮੌਕੇ ਦਾ ਪੂਰਾ ਫਾਇਦਾ ਲਿਆ। ਮੈਂ ਬੁੜ੍ਹੇ ਨੂੰ ਫੋਨ ਕੀਤਾ। ਗੋਰਾ ਸੀ। ਨਾਂ ਸੀ ਓਹਦਾ ਅਰਬਰਟ ਕਲੇਰੈਂਸ। ਅਸੀਂ ਓਹਨੂੰ ਬੁੜ੍ਹਾ ਸੱਦਦੇ। ਉਹ ਫਾਈਨੈਂਸਰ ਹੁੰਦਾ ਸੀ। ਮੈਂ ਓਹਦੇ ਨਾਲ ਗੱਲ ਕੀਤੀ। ਓਹਨੇ ਬੌਨੀਜ਼ ਟੈਕਸੀ ਨੂੰ ਟੇਕ ਓਵਰ ਕਰ ਲਿਆ।

ਅਸਲ ਚ ਤਾਂ ਸਾਰਾ ਪੈਸਾ ਓਸੇ ਦਾ ਚਲਦਾ ਸੀ। ਤੇ ਉਸ ਨੇ ਬੌਬ ਲਸ਼ਿਓਰ, ਜਿਸ ਤੋਂ ਮੈਂ ਟੈਕਸੀ ਖ੍ਰੀਦੀ ਸੀ ਨੂੰ ਵਾਪਸ ਬੁਲਾ ਲਿਆ। ਬੌਬ ਲਸ਼ਿਓਰ ਮੈਨੂੰ ਟੈਕਸੀ ਵੇਚ ਕੇ ਟਰੱਕ ਚਲਾਉਣ ਲੱਗ ਗਿਆ ਸੀ। ਤੇ ਸਾਡੀ ਓਧਰ ਕਰਟਸੀ ਕੈਬ ਦੇ ਮਨੇਜਰ ਨਾਲ ਜੋਅ ਕਲੈਟ ਨਾਲ ਨਹੀਂ ਸੀ ਬਣਦੀ। ਉਹ ਸਾਨੂੰ ਐਵੇਂ ਬੌਨੀਜ਼ 'ਚੋਂ ਆਏ ਵਾਧੂ ਜਿਹੇ ਸਮਝਦਾ ਸੀ। ਜਦੋਂ ਮੈਂ ਕਲੇਰੈਂਸ ਅਰਬਰਟ ਨਾਲ ਗੱਲ ਕੀਤੀ ਕਿ ਜੇ ਅਸੀਂ ਤੇਰੇ ਨਾਲ ਆ ਰਲੇ ਤਾਂ ਕਰਟਸੀ ਕੈਬ ਨੇ ਤਾਂ ਛੇ ਮਹੀਨੇ ਨਹੀਂ ਚੱਲਣਾ। ਉਨ੍ਹਾਂ ਦੀ ਫਾਈਨੈਂਸ਼ੀਅਲ ਹਾਲਤ ਬਹੁਤੀ ਵਧੀਆ ਨਹੀਂ ਤੇ ਜਦੋਂ ਸਾਡੀਆਂ ਪੰਜ ਟੈਕਸੀਆਂ ਉਨ੍ਹਾਂ ਨਾਲੋਂ ਹਟ ਗਈਆਂ ਉਨ੍ਹਾਂ ਦੀ ਹਾਲਤ ਹੋਰ ਵੀ ਨਿੱਘਰ ਜਾਊ। ਓਹੀ ਗੱਲ ਹੋਈ ਸਾਡੇ ਬੌਨੀਜ਼ ਟੈਕਸੀ ਵਿਚ ਰਲਣ ਤੋਂ ਮਹੀਨਾ ਬਾਅਦ ਹੀ ਕਰਟਸੀ ਕੈਬ ਬੌਨੀਜ਼ ਵਿਚ ਰਲ ਗਈ। ਸਾਰਾ ਕੁਝ ਠੀਕ ਚੱਲਣ ਲੱਗਾ। ਫਿਰ ਮੈਨੂੰ ਇਕ ਚਾਨਸ ਮਿਲਿਆ ਕੁਕਿਟਲਮ ਟੈਕਸੀ ਕੰਪਨੀ ਖ੍ਹੋਲ੍ਹਣ ਦਾ। ਕੰਪਨੀ ਬੰਦ ਈ ਹੋਈ ਵੀ ਸੀ। ਓਹਨਾਂ ਕੋਲ ਪੰਜ-ਛੇ ਟੈਕਸੀ ਪਲੇਟਾਂ ਸੀ। ਮੈਂ ਉਹ ਕੰਪਨੀ ਹੀ ਖ੍ਰੀਦ ਲਈ। ਫਿਰ ਉਸ ਕੰਪਨੀ ਨੂੰ ਚਲਾਇਆ। ਏਧਰ ਬੌਨੀਜ਼ ਵਿਚ ਮੇਰੀਆਂ ਦੋ ਟੈਕਸੀਆਂ ਹੋਗੀਆਂ ਸੀ। ਓਹ ਮੈਂ ਵੇਚ ਦਿੱਤੀਆਂ। ਤੇ ਫੇਰ ਮੈਂ ਕੁਕਿਟਲਮ ਟੈਕਸੀ ਕੰਪਨੀ ਆਪਣੇ ਭਣੋਈਏ ਨੂੰ ਵੇਚ ਦਿੱਤੀ। ਬੌਨੀਜ਼ ਟੈਕਸੀ ਵਿਚ ਮੇਰਾ ਇਕ ਮਿੱਤਰ ਅਜੀਤ ਕੰਗ ਹੁੰਦਾ ਸੀ। ਉਹ ਮੈਨੂੰ ਜੋਰ ਪਾਇਆ ਕਰੇ ਕਿ ਮੈਂ ਵਾਪਸ ਮੁੜ ਕੇ ਬੌਨੀਜ਼ ਕੰਪਨੀ ਵਿਚ ਜਾਵਾਂ। ਉਹ ਆਖਿਆ ਕਰੇ ਕਿ ਯਾਰ ਸਾਨੂੰ ਤਾਂ ਕੋਈ ਪੁੱਛਦਾ ਈ ਨੀ। ਤੂੰ ਕਰ ਸਕਦੈਂ ਸਾਰਾ ਕੁਝ ਸਹੀ। ਇਕ ਦਿਨ ਬਹੁਤਾ ਹੀ ਖਹਿੜੇ ਪੈ ਗਿਆ ਕਹਿੰਦਾ ਕਿ ਇਕ ਟੈਕਸੀ ਵਿਕਾਊ ਆ, ਲੈ ਓਹ। ਸੋ ਮੈਂ ਫਿਰ ਬੌਨੀਜ਼ ਵਿਚ ਆ ਗਿਆ। ਇਥੇ ਬੌਬ ਲਸ਼ਿਓਰ ਪ੍ਰਜ਼ੀਡੈਂਟ ਸੀ ਤੇ ਉਸ ਨੇ ਭੋਲੀ ਨੂੰ, ਮਨਜੀਤ ਆ ਓਹਦਾ ਨਾਂ , ਸਾਡੇ ਪਿੰਡ ਦਾ ਈ ਆ, ਨੂੰ ਬਣਾਇਆ ਵਾਈਸ ਪ੍ਰੈਜ਼ੀਡੈਂਟ ਤੇ ਮਿੱਕੀ (ਅਮਰੀਕ ਸਹੋਤਾ)ਬਣਾਇਆ ਡਾਇਰੈਕਟਰ । ਇਕ ਹੋਰ ਗੋਰਾ ਸੀ ਓਹਨੂੰ ਵੀ ਡਾਇਰੈਕਟਰ ਬਣਾਇਆ ਵਿਐ, ਇਕ ਸੋਹਣ ਦੀਓ ਨੂੰ ਡਾਇਰੈਕਟਰ ਬਣਾਇਆ ਵਿਐ। ਪਰ ਇਹ ਸਾਰੇ ਨਾਂ ਨੂੰ ਹੀ ਸੀ। ਚਲਦੀ ਸਾਰੀ ਬੌਬ ਲਸ਼ਿਓਰ ਦੀ ਈ ਸੀ। ਕੋਈ ਓਹਦੇ ਮੂਹਰੇ ਬੋਲਦਾ ਨਹੀਂ ਸੀ। ਜੋਅ ਕਲੈਟ ਜਿਹੜਾ ਕਰਟਸੀ ਕੈਬ ਵਾਲਾ ਸੀ, ਓਹ ਬੌਨੀਜ਼ ਦਾ ਮਨੇਜਰ ਬਣਾਇਆ ਵਿਆ। ਮਿੱਕੀ ਨੇ ਮੈਨੂੰ ਆਵਦੀ ਪਰੌਕਸੀ ਦੇ ਦਿੱਤੀ। ਕਹਿੰਦਾ ਸਾਨੂੰ ਓਥੇ ਕੋਈ ਪੁੱਛਦਾ ਨੀ। ਪਹਿਲਾਂ ਮੈਂ ਜੋਅ ਕਲੈਟ ਨੂੰ ਕਢਾਇਆ। ਆਪਣੇ ਮੁੰਡੇ ਓਹਦੇ ਤੋਂ ਡਰਦੇ ਸੀ ਬਈ ਗੋਰਾ ਪਤਾ ਨੀ ਕੀ ਕਰਦੂ। ਸਾਡਾ ਕੰਮ ਚੱਲ ਪਿਆ। ਪਹਿਲਾਂ ਸਾਡੇ ਕੋਲ ਬੀ ਸ਼ੇਅਰ ਹੁੰਦੇ ਸੀ। ਸਾਨੂੰ ਵੋਟਿੰਗ ਦਾ ਹੱਕ ਨਹੀਂ ਸੀ। ਸਾਰੀ ਕੰਪਨੀ ਦਾ ਅਸਲੀ ਮਾਲਕ ਰੌਬਰਟ ਕਲੇਰੈਂਸ ਈ ਸੀ। ਉਸ ਕੋਲ ਈ ਏ ਸ਼ੇਅਰ ਸਨ। ਉਸ ਨੇ ਏ ਸ਼ੇਅਰ ਵੇਚਣੇ ਸ਼ੁਰੂ ਕਰ ਦਿੱਤੇ। ਏ ਸ਼ੇਅਰ ਦੀ ਕੀਮਤ ਜਿਆਦਾ ਸੀ। ਅਸੀਂ ਏ ਸ਼ੇਅਰ ਲੈ ਲਏ। ਹੌਲੀ-ਹੌਲੀ ਅਰਬਰਟ ਕਲੇਰੈਂਸ ਲਾਂਭੇ ਹੋ ਗਿਆ। ਫੇਰ ਬੌਬ

ਲਸ਼ਿਓਰ ਵੀ ਪਾਸੇ ਹੋ ਗਿਆ ਤੇ ਵਾਪਸ ਟਰੱਕ ਚਲਾਉਣ ਲੱਗ ਪਿਆ। ਸਾਨੂੰ ਵੋਟਿੰਗ ਦਾ ਹੱਕ ਮਿਲ ਗਿਆ। ਅਸੀਂ ਭਾਈਬੰਦਾਂ ਵਾਂਗੂ ਕੰਮ ਕਰਨ ਲੱਗੇ। ਪਹਿਲਾਂ ਏਅਰਪੋਰਟ ਤੋਂ ਸਿਰਫ਼ ਮੈਕਲੋਅਰ ਕੈਬ ਹੀ ਸਵਾਰੀਆਂ ਚੁੱਕ ਸਕਦੀ ਸੀ। ਮੈਂ ਰੌਲ਼ਾ ਪਾਇਆ ਕਿ ਏਅਰਪੋਰਟ ਇੰਟਰਨੈਸ਼ਨਲ ਆ, ਸਾਨੂੰ ਵੀ ਮੌਕਾ ਮਿਲਣਾ ਚਾਹੀਦਾ। ਮੈਂ ਬੌਨੀਜ਼ ਵਾਸਤੇ ਸੰਨ ਅੱਸੀ ਵਿਚ ਕੰਟਰੈਕਟ ਲੈ ਲਿਆ। ਦੂਜੇ ਦਿਨ ਅਖ਼ਬਾਰਾਂ 'ਚ ਸੁਰਖੀ ਸੀ, 'ਬਲੂਜ਼ ਆਊਟ, ਔਰੈਂਜ ਇਨ' ਬੌਨੀਜ਼ ਦਾ ਓਦੋਂ ਔਰੈਂਜ ਰੰਗ ਹੁੰਦਾ ਸੀ।

ਫੇਰ ਡਾਊਨ-ਟਾਊਨ 'ਚੋਂ ਆਪਣੇ ਕੁਝ ਬੰਦੇ ਆ ਗਏ ਬੌਨੀਜ਼ ਵਿਚ। ਬੌਨੀਜ਼ ਦੀਆਂ ਪਲੇਟਾਂ ਸਸਤੀਆਂ ਸੀ ਨਾਲੇ ਡਾਊਨ-ਟਾਊਨ ਚ ਮਿਲਦੀਆਂ ਵੀ ਨਹੀਂ ਸੀ। ਉਨ੍ਹਾਂ ਨੇ ਆ ਕੇ ਕੁਝ ਪਲੇਟਾਂ ਖ਼੍ਰੀਦ ਲਈਆਂ। ਉਹ ਦੂਜਾ ਗਰੁੱਪ ਬਣ ਗਿਆ। ਸਾਡੀ ਦੂਜੇ ਗਰੁੱਪ ਨਾਲ ਖੜਕਦੀ ਰਹਿੰਦੀ। ਫੇਰ ਸ਼ੇਅਰ ਹੋਲਡਰਾਂ ਦੀ ਇਲੈਕਸ਼ਨ ਹੋਈ। ਸੱਤ ਡਰੈਕਟਰ ਚੁਣਨੇ ਸਨ। ਛੇ ਸਾਡੇ ਗਰੁੱਪ ਦੇ ਬਣ ਗਏ ਤੇ ਇਕ ਦੂਜੇ ਗਰੁੱਪ ਦਾ ਬਣ ਗਿਆ। ਜਿਹੜੇ ਕੁਝ ਗੋਰੇ ਰਹਿੰਦੇ ਸਨ, ਉਨ੍ਹਾਂ ਦੀਆਂ ਵੋਟਾਂ ਮੇਰੇ ਨਾਲ ਸੀ। ਅਸੀਂ ਸੋਹਣ ਦੀਓ ਨੂੰ ਪ੍ਰੈਜ਼ੀਡੈਂਟ ਬਣਾ ਦਿੱਤਾ। ਮੈਨੂੰ ਬਨਾਉਣ ਨੂੰ ਕਹਿੰਦੇ ਸੀ ਪਰ ਮੈਂ ਬਣਿਆ ਨੀ। ਦੋਹਾਂ ਗਰੁੱਪਾਂ ਵਿਚ ਖਹਿਬਾਜ਼ੀ ਚੱਲਦੀ ਰਹਿੰਦੀ। ਇਸੇ ਖਹਿਬਾਜੀ 'ਚ ਹੀ ਇੱਕ ਮੁੰਡਾ ਸੀ ਚਾਰਲੀ ਸੇਖੋਂ , ਉਹ ਮਾਰ ਦਿੱਤਾ ਗਿਆ। ਮੇਰਾ ਮੂੰਹ-ਮੁਲਾਜਾ ਸਾਰਿਆਂ ਨਾਲ ਈ ਸੀ। ਫੇਰ ਪਿਆਰੇ ਹੋਰੀਂ, ਗਿੱਲ ਤੇ ਝੂਟੀ ਹੋਰੀਂ ਵੀ ਆ ਗਏ। ਏਨ੍ਹਾਂ ਨੇ ਕਈ ਕਈ ਟੈਕਸੀਆਂ ਲੈ ਲਈਆਂ। ਜਿਹੜੇ ਬੰਦੇ ਨੂੰ ਕੋ -ਆਰਡੀਨੇਟਰ ਬਣਾ ਦਿੰਦੇ, ਉਹ ਆਪਣੀਆਂ ਟੈਕਸੀਆਂ ਤੇ ਤਾਂ ਡਰਾਈਵਰ ਲਾ ਦਿੰਦਾ, ਦੂਜਿਆਂ ਦੀਆਂ ਟੈਕਸੀਆਂ ਖੜ੍ਹੀਆਂ ਰਹਿੰਦੀਆਂ। ਮੂੰਹ ਤੇ ਸਾਰੇ ਆਖੀ ਜਾਂਦੇ ਕਿ ਹਾਂ ਬਈ ਹਾਂ ਸਾਰੀਆਂ ਟੈਕਸੀਆਂ ਤੇ ਵਾਰੀ ਅਨੁਸਾਰ ਡਰਾਈਵਰ ਲੱਗਣੇ ਚਾਹੀਦੇ ਆ ਪਰ ਇੱਕ ਦੇ ਜਾਂਦਿਆਂ ਹੀ ਦੂਜਾ ਆਖਣ ਲੱਗ ਜਾਂਦਾ ਨਹੀਂ ਬਈ ਨਹੀਂ ਮੇਰੀ ਟੈਕਸੀ ਨੀ ਖੜ੍ਹੀ ਰਹਿਣੀ ਚਾਹੀਦੀ ਹੋਰਾਂ ਦੀਆਂ ਭਾਵੇਂ ਖੜ੍ਹੀਆਂ ਰਹਿਣ। ਮੈਨੂੰ ਕਹਿਣ ਲੱਗੇ ਬਈ ਤੂੰ ਬਣ ਕੋ- ਆਰਡੀਨੇਟਰ। ਮੈਂ ਏਨ੍ਹਾਂ ਨੂੰ ਕਿਹਾ ਬਈ ਸਾਰੇ ਪੈਸੇ ਇੱਕ ਅਕਾਊਂਟ ਵਿਚ ਜਮ੍ਹਾਂ ਕਰਾ ਦਿਆ ਕਰੀਏ ਤੇ ਦੋ-ਹਫਤੇ ਜਾਂ ਮਹੀਨੇ ਬਾਅਦ ਹਿਸਾਬ ਕਰਕੇ ਸਾਰਿਆਂ ਨੂੰ ਹਿੱਸੇ ਆਉਂਦੇ ਦੇ ਦਿਆ ਕਰੀਏ ਏਸ ਤਰ੍ਹਾਂ ਕਿਸੇ ਨੂੰ ਫਿਕਰ ਨਾ ਰਹੂ ਕਿ ਕੀਹਦੀ ਟੈਕਸੀ ਤੇ ਡਰਾਈਵਰ ਲੱਗਾ ਹੈ ਕੀਹਦੀ ਖੜ੍ਹੀ ਹੈ। ਪਰ ਇਹ ਗੱਲ ਕਿਸੇ ਦੇ ਖਾਨੇ ਨਾ ਵੜੀ। ਕੋ- ਆਰਡੀਨੇਟਰ ਦੇ ਕੰਮ ਦੀ ਬਹੁਤ ਸਿਰਦਰਦੀ ਸੀ। ਮੈਂ ਕਿਹਾ ਮੈਥੋਂ ਨੀ ਹੁੰਦਾ ਇਹ ਕੰਮ। ਆਪਣੇ ਬੰਦਿਆਂ ਨਾਲ ਕੰਮ ਕਰਨਾ ਬਹੁਤ ਔਖਾ ਹਰੇਕ ਨੂੰ ਬੱਸ ਮੇਰੀ ਟੈਕਸੀ ਮੇਰੀ ਟੈਕਸੀ ਦੀ ਪਈ ਰਹਿੰਦੀ ਸੀ।। 1990-91 'ਚ ਮੈਂ ਟੈਕਸੀ ਬਿਜ਼ਨੈੱਸ 'ਚੋਂ ਬਾਹਰ ਹੋ ਗਿਆ। ਜੇਲ੍ਹ ਗਾਰਡ ਦੀ ਨੌਕਰੀ ਤੋਂ ਰੀਟਾਇਰਮੈਂਟ ਹੋ ਗਈ। ਫੇਰ ਮੈਂ ਰੀਅਲਟਰ ਦਾ ਕੋਰਸ ਕਰ ਲਿਆ। ਤੇ ਹੁਣ ਇੰਸ਼ੋਰੈਂਸ ਦੇ ਕੰਮ 'ਚ ਆਂ ।

# ਇਕਬਾਲ ਸਿੰਘ ਅਟਵਾਲ

ਮੈਨੂੰ 37 ਸਾਲ ਹੋ ਗਏ ਟੈਕਸੀ ਚਲਾਉਂਦੇ। 1972 'ਚ ਮੈਂ ਕਨੇਡਾ ਆਇਆ ਸੀ, ਦੋ-ਤਿੰਨ ਮਹੀਨੇ ਬਆਦ ਚਲਾਉਣ ਲੱਗ ਪਿਆ ਸੀ। ਮੈਂ ਇੰਡੀਆ ਤੋਂ ਬੀ ਐੱਸ ਸੀ ਮੈਡੀਕਲ ਕਰ ਕੇ ਆਇਆ ਸੀ।

ਜਦੋਂ ਮੈਂ ਟੈਕਸੀ ਚਲਾਉਣ ਲੱਗਾਂ, ਉਦੋਂ ਕੋਈ ਟਰੇਨਿੰਗ ਨਹੀਂ ਸੀ ਹੁੰਦੀ। ਇਥੋਂ ਤੱਕ ਕਿ ਮੈਂ ਆਪਣਾ ਡਰਾਈਵਿੰਗ ਲਾਈਸੈਂਸ ਲੈਣ ਤੋਂ ਬਾਅਦ ਜਿਹੜੀ ਕਾਰ ਵਿਚ ਆਪਣੇ ਤੌਰ ਤੇ ਇਕੱਲਾ ਚਲਾਉਣ ਲੱਗਾ, ਉਹ ਟੈਕਸੀ ਹੀ ਸੀ।

ਉਦੋਂ ਡਿਸਕ੍ਰਿਮੀਨੇਸ਼ਨ ਬਹੁਤ ਹੁੰਦੀ ਸੀ। ਯੈਲੋ ਕੈਬ ਕੰਪਨੀ 'ਚ ਆਪਣੇ ਬੰਦੇ ਚਲਾ ਤਾਂ ਸਕਦੇ ਸੀ ਪਰ ਆਪਣੀ ਨਹੀਂ ਸੀ ਖ਼੍ਰੀਦ ਸਕਦੇ। ਜੇ ਕੋਈ ਟੈਕਸੀ ਖ਼੍ਰੀਦਣ ਦੀ ਕੋਸ਼ਿਸ਼ ਕਰਦਾ ਸੀ ਤਾਂ ਉਸ ਨੂੰ ਕੋਈ ਨਾ ਕੋਈ ਬਹਾਨਾ ਬਣਾ ਕੇ ਨੌਕਰੀਓਂ ਕੱਢ ਦਿੰਦੇ। ਮੇਰੇ ਤੋਂ ਪਹਿਲਾਂ ਕਈ ਬੰਦੇ ਯੈਲੋ 'ਚੋਂ ਫਾਇਰ ਹੋ ਕੇ ਬਲੈਕ ਟੌਪ ਟੈਕਸੀ 'ਚ ਗਏ ਸੀ। ਯੈਲੋ ਕੈਬ ਕੰਪਨੀ ਦਾ ਰੂਲ ਸੀ ਕਿ ਜਦੋਂ ਡਰਾਈਵਰ ਨੂੰ ਨੌਂ ਮਹੀਨੇ ਹੋ ਜਾਣ ਕੰਪਨੀ ਨਾਲ ਟੈਕਸੀ ਚਲਾਉਂਦਿਆਂ ਤਾਂ ਉਹ ਟੈਕਸੀ ਖ਼੍ਰੀਦਣ ਵਾਸਤੇ ਅਪਲਾਈ ਕਰ ਸਕਦਾ ਸੀ। ਮੈਂ ਸਾਲ ਬਾਅਦ ਅਪਲਾਈ ਕਰ ਦਿੱਤਾ। ਪਰ ਉਨ੍ਹਾਂ ਨੇ ਜਵਾਬ ਦੇ ਦਿੱਤਾ। ਟੈਕਸੀ ਚਲਾਉਂਦਿਆਂ ਮੇਰੀ ਇਕ ਡਾਇਰੈਕਟਰ ਨਾਲ ਹੈਲੋ ਹਾਏ ਹੋ ਗਈ ਸੀ। ਇਕ ਦਿਨ ਮੈਂ ਓਹਤੋਂ ਪੁੱਛਿਆ ਪਈ ਕਾਰਣ ਕੀ ਐ। ਮੈਨੂੰ ਟੈਕਸੀ ਖ਼੍ਰੀਦਣ ਕਿਓਂ ਨੀ ਦਿੰਦੇ। ਉਸ ਦੱਸਿਆ ਕਿ ਇਹ ਸੋਚਦੇ ਆ ਕਿ ਜੇ ਇੱਕ ਈਸਟ ਇੰਡੀਅਨ ਨੂੰ ਟੈਕਸੀ ਵੇਚ ਦਿੱਤੀ ਤਾਂ ਏਥੇ ਸਾਰੇ ਈਸਟ ਇੰਡੀਅਨ ਈ ਹੋ ਜਾਣੇ ਆਂ। ਪਹਿਲਾਂ ਚੀਨਿਆਂ ਨੂੰ ਖੁੱਲ੍ਹ ਦੇ ਕੇ ਵੀ ਏਦਾਂ ਹੀ ਹੋਇਆ ਸੀ। ਸਾਲ ਕੁ ਬਆਦ ਮੈਂ ਸੋਚਿਆ ਕਿ ਮੈਨੂੰ ਫਿਰ ਟਰਾਈ ਕਰਨੀ ਚਾਹੀਦੀ ਆ ਆਪਣੀ ਟੈਕਸੀ ਖ਼੍ਰੀਦਣ ਲਈ। ਮੈਨੂੰ ਉਹ ਨੌਕਰੀਓਂ ਤਾਂ ਨਾ ਕੱਢ ਸਕੇ। ਉਨ੍ਹਾਂ ਨੂੰ ਕੋਈ ਬਹਾਨਾ ਨਹੀਂ ਲੱਭਾ। ਮੈਂ ਕੰਮ ਨਾਲ ਹੀ ਵਾਸਤਾ ਰੱਖਦਾ ਸੀ। ਕਦੇ ਮੌਕਾ ਨਹੀਂ ਦਿੱਤਾ ਕਿਸੇ ਨੂੰ ਕੁਝ ਕਹਿਣ ਦਾ। ਪਰ ਉਨ੍ਹਾਂ ਬਿਨ੍ਹਾਂ ਕੋਈ ਵਜ੍ਹਾ ਦੱਸੇ ਮੈਨੂੰ ਫਿਰ ਇਨਕਾਰ ਕਰ ਦਿੱਤਾ। ਅਸੀਂ ਫਿਰ ਕੁਝ ਬੰਦੇ ਇਕੱਠੇ ਹੋ ਕੇ ਇੱਕ ਵਕੀਲ ਹੁੰਦਾ ਸੀ ਹੈਰੀ ਲਿੰਕਨ, ਉਸ ਨੂੰ ਮਿਲਣ ਗਏ। ਉਹ ਸਿਟੀ ਦਾ ਐਲਡਰਮੈਨ ਵੀ ਸੀ। ਇਟਾਲੀਅਨ ਮੂਲ ਦਾ ਸੀ। ਉਹ ਵੀ ਇਮੀਗਰੈਂਟ ਈ ਸੀ। ਉਹ ਸਾਡੇ ਨਾਲ

ਹਮਦਰਦੀ ਰੱਖਦਾ ਸੀ। ਉਹਨੇ ਤਾਂ ਇੱਥੋਂ ਤੱਕ ਵੀ ਕਿਹਾ ਕਿ ਤੁਹਾਨੂੰ ਹੋਰ ਟੈਕਸੀਆਂ ਦੇ ਲਾਈਸੈਂਸ ਦਿਵਾਉਣ ਦੀ ਕੋਸ਼ਿਸ਼ ਕਰ ਲੈਨੇ ਆਂ, ਤੁਸੀਂ ਆਪਣੀ ਕੰਪਨੀ ਖੋਲ੍ਹ ਲਵੋ। ਉਦੋਂ ਅਸੀਂ ਹਾਲੇ ਐਨੀ ਜੋਗੇ ਹੈ ਨੀ ਸੀ। ਅਸੀਂ ਸੋਚਦੇ ਸੀ ਕਿ ਕੰਪਨੀ ਦੇ ਵਿੱਚ ਹੀ ਆਪਣੀ ਟੈਕਸੀ ਹੋਵੇ। ਅਸੀਂ ਸਾਲ ਕੁ ਬਾਅਦ ਫਿਰ ਅਪਲਾਈ ਕੀਤਾ। ਉਦੋਂ ਹਿਊਮਨ ਰਾਈਟਸ ਕਮੀਸ਼ਿਨ ਬਣਿਆ ਹੀ ਸੀ। ਅਸੀਂ ਉਂਨ੍ਹਾ ਕੋਲ ਗਏ। ਉਨ੍ਹਾਂ ਯੈਲੋ ਕੈਬ ਨਾਲ ਗੱਲ ਕੀਤੀ ਤੇ ਕੰਪਨੀ ਨੇ ਸਾਨੂੰ ਟੈਕਸੀ ਖ੍ਰੀਦਣ ਦੀ ਇਜਾਜ਼ਤ ਦੇ ਦਿੱਤੀ। ਇਸ ਤਰ੍ਹਾਂ ਯੈਲੋ ਕੈਬ ਕੰਪਨੀ ਵਿੱਚ ਮੈਂ ਤੇ ਸੁਖਜਿੰਦਰ ਸਿੰਘ ਅਰੋੜਾ ਭਾਰਤੀ ਮੂਲ ਦੇ ਪਹਿਲੇ ਓਨਰ ਓਪਰੇਟਰ ਬਣੇ। ਸਾਡੇ ਤੋਂ ਪਹਿਲਾਂ ਪੰਜ-ਸੱਤ ਚਾਈਨੀਜ਼ ਮੂਲ ਦੇ ਓਨਰ ਓਪਰੇਟਰ ਸੀ। ਬਾਕੀ ਸਾਰੇ ਗੋਰੇ ਹੀ ਸਨ। ਕਿਸੇ ਕੋਲ ਤਿੰਨ- ਟੈਕਸੀਆਂ ਸੀ ਕਿਸੇ ਕੋਲ ਚਾਰ। ਦੋ-ਤਿੰਨ ਲੇਡੀਜ਼ ਡਰਾਈਵਰ ਹੁੰਦੀਆਂ ਸਨ। ਉਨ੍ਹਾਂ ਨੂੰ ਟੈਕਸੀ ਚਲਾਉਂਦੀਆਂ ਦੇਖ ਸਾਨੂੰ ਹੈਰਾਨੀ ਵੀ ਹੁੰਦੀ।(ਅੱਜ-ਕੱਲ੍ਹ ਯੈਲੋ ਕੈਬ ਵਿੱਚ ਇੱਕ ਵੀ ਨਹੀਂ) ਚਾਈਨੀਜ਼ ਨੂੰ ਯੈਲੋ ਕੈਬ ਵਿੱਚ ਸਾਡੇ ਤੋਂ ਪਹਿਲਾਂ ਬਰੇਕ ਮਿਲ ਗਈ ਸੀ। ਜਦੋਂ ਸਾਨੂੰ ਬਰੇਕ ਮਿਲੀ ਉਹ ਬਹੁਤੇ ਖੁਸ਼ ਨੀ ਸੀ ਹੋਏ।

ਉਦੋਂ ਛੋਟੀਆਂ ਛੋਟੀਆਂ ਟੈਕਸੀ ਕੰਪਨੀਆਂ ਵੀ ਹੁੰਦੀਆਂ ਸੀ। ਮੇਰਾ ਭਰਾ ਮੇਰੇ ਤੋਂ ਇਕ ਸਾਲ ਪਹਿਲਾਂ ਆਇਆ ਸੀ। ਉਹ ਫੋਰਮ ਇਮਪਰੈਸ ਵਿਚ ਟੈਕਸੀ ਚਲਾਉਂਦਾ ਸੀ। ਇਹ ਹੇਸਟਿੰਗਜ਼ ਤੇ ਲੇਕਵੁੱਡ ਤੋਂ ਕੰਮ ਕਰਦੇ ਸੀ। ਇਕ-ਦੋ ਚਾਈਨਾ ਟਾਊਨ ਵਿਚ ਵੀ ਕੰਪਨੀਆਂ ਹੁੰਦੀਆਂ। ਉਹ ਬਾਅਦ ਵਿਚ ਯੈਲੋ 'ਚ ਈ ਰਲ ਗਈਆਂ ਸੀ। ਹੋਰ ਇਕ ਅਡਵਾਂਸ ਕੈਬ ਹੁੰਦੀ ਸੀ। ਉਹ ਆਪਣੇ ਬੰਦਿਆਂ ਨੂੰ ਡਰਾਈਵਰ ਵੀ ਨਹੀਂ ਸੀ ਰੱਖਦੇ ਪਰ ਬਾਅਦ ਵਿਚ ਨੱਬੇਵਿਆਂ 'ਚ ਆ ਕੇ ਉਹ ਕੰਪਨੀ ਵੀ ਯੈਲੋ ਕੈਬ ਵਿਚ ਆਣ ਰਲੀ।

ਤੁਹਾਨੂੰ ਪਤਾ ਬਈ ਪਹਿਲਾਂ ਆਪਣੇ ਬੰਦੇ ਮਿੱਲਾਂ 'ਚ ਕੰਮ ਕਰਦੇ ਸੀ। ਉਦੋਂ ਬਹੁਤੇ ਪੜ੍ਹੇ-ਲਿਖੇ ਲੋਕ ਨਹੀਂ ਸੀ ਆਉਂਦੇ ਇੰਡੀਆ ਤੋਂ। ਜਦੋਂ ਸੰਨ ਸੱਤਰ ਦੇ ਕਰੀਬ ਪੜ੍ਹੇ ਲਿਖੇ ਲੋਕ ਆਉਣੇ ਸ਼ੁਰੂ ਹੋਏ। ਉਂਹ ਇੰਗਲਿਸ਼ ਵਿਚ ਗੱਲਬਾਤ ਕਰ ਲੈਂਦੇ ਸੀ। ਮਿੱਲਾਂ ਦੇ ਭਾਰੇ ਕੰਮ ਨਾਲੋਂ ਉਹ ਇਹ ਹੌਲਾ ਕੰਮ ਜ਼ਿਆਦਾ ਪਸੰਦ ਕਰਦੇ। ਜਦੋਂ ਫਿਰ ਆਪਣੇ ਲੋਕਾਂ ਨੂੰ ਟੈਕਸੀ ਖ੍ਰੀਦਣ ਦੀ ਬ੍ਰੇਕ ਮਿਲੀ ਤਾਂ ਬਹੁਤ ਸਾਰੇ ਆਪਣੇ ਲੋਕ ਟੈਕਸੀ ਵਿਚ ਆ ਗਏ। ਆਪਣੇ ਬੰਦੇ ਟੈਕਸੀ ਖ੍ਰੀਦਣ ਨੂੰ ਤਰਜੀਹ ਦਿੰਦੇ । ਇਸ ਤਰ੍ਹਾਂ ਟੈਕਸੀ ਪਲੇਟਾਂ ਦੀਆਂ ਕੀਮਤਾਂ ਵਧ ਗਈਆਂ। ਹੌਲੀ-ਹੌਲੀ ਗੋਰੇ ਮੁਨਾਫਾ ਕਮਾ ਕੇ ਵੇਚ ਗਏ ਤੇ ਆਪਣੇ ਬੰਦੇ ਜ਼ਿਆਦਾ ਹੋ ਗਏ। ਉਨ੍ਹਾਂ ਪੁਰਾਣੇ ਲੋਕਾਂ ਵਿੱਚੋਂ ਤਾਂ ਹੁਣ ਕੋਈ ਗੋਰਾ ਰਿਹਾ ਨਹੀਂ। ਹਾਂ ਇਕ ਹੈਗਾ ਵਾਲਟਰ ਉਹ ਮੇਰੇ ਤੋਂ ਵੀ ਪਹਿਲਾਂ ਦਾ ਹੈ। ਉਹ ਬਜ਼ੁਰਗ ਆ। ਹਾਲੇ ਵੀ 55 ਨੰਬਰ ਟੈਕਸੀ ਦਾ ਮਾਲਕ ਆ। ਟੈਕਸੀ ਚਲਾਉਂਦਾ ਵੀ ਆ ਜਾਂ ਪਹਿਲੇ ਬੰਦਿਆਂ ਚੋਂ ਜਿਸ ਬੰਦੇ ਨੇ ਯੈਲੋ ਕੈਬ ਸ਼ੁਰੂ ਕੀਤੀ ਸੀ ਟੋਮਸ ਸਕਾਰ , ਉਸਦਾ ਮੁੰਡਾ ਕਦੇ-ਕਦੇ ਹੁਣ ਵੀ ਟੈਕਸੀ ਚਲਾਉਂਦਾ ਹੈ। ਕਦੇ ਉਹ ਡਿਸਪੈਚ ਕਰਨ ਲੱਗਦਾ ਹੈ। ਬਾਕੀ ਵੇਚ -ਵੂਚ ਗਏ ।

ਪੱਗ ਵਾਲੇ ਨੂੰ ਪਹਿਲਾਂ ਨਹੀਂ ਸੀ ਰੱਖਦੇ। ਇਹ ਤਾਂ ਜਦੋਂ ਆਪਣੇ ਬੰਦੇ ਬਹੁਤੀ ਗਿਣਤੀ ਵਿੱਚ ਡਾਇਰੈਕਟਰ ਹੁੰਦੇ ਸੀ, ਉਦੋਂ ਵੀ ਨਹੀਂ ਸੀ ਰੱਖਦੇ। ਪਹਿਲਾਂ ਆਪਣਾ ਇਕ-ਅੱਧਾ ਡਾਇਰੈਕਟਰ ਬਣਦਾ ਸੀ। ਫਿਰ ਹੌਲੀ ਹੌਲੀ ਜਦੋਂ ਆਪਣੇ ਬੰਦੇ ਜ਼ਿਆਦਾ ਮਾਲਕ ਬਣ ਗਏ ਤਾਂ ਆਪਣੇ ਬੰਦਿਆਂ ਦੀ ਗਿਣਤੀ ਡਾਇਰੈਕਟਰਾਂ 'ਚ ਵਧਦੀ ਗਈ। ਅਸੀਂ ਈਸਟ ਇੰਡੀਅਨ ਬੰਦੇ ਕਿਤੇ ਇਕੱਠੇ ਹੋ ਕੇ ਪਹਿਲਾਂ ਹੀ ਪਲੈਨ ਬਣਾ ਲੈਂਦੇ ਸੀ ਕਿ ਐਤਕੀਂ ਆਹ ਬੰਦੇ ਖੜ੍ਹੇ ਕਰਨੇ ਆ ਤੇ ਇਨ੍ਹਾਂ ਨੂੰ ਵੋਟਾਂ ਪਾਉਣੀਆਂ। ਫੇਰ ਐਹੋ ਜਿਹਾ ਟਾਈਮ ਆ ਗਿਆ ਕਿ ਸਾਰੇ ਆਪਣੇ ਹੀ ਡਾਇਰੈਕਟਰ ਹੋਣ ਲੱਗ ਪਏ। ਉਸ ਵੇਲੇ ਵੀ ਅਸੀਂ ਪੱਗਾਂ ਵਾਲਿਆਂ ਨੂੰ ਨਹੀਂ ਸੀ ਰੱਖਦੇ। ਉਦੋਂ ਇਹ ਡਰ ਹੁੰਦਾ ਸੀ ਕਿ ਪੱਗਾਂ ਵਾਲਿਆਂ ਕਰਕੇ ਕਿਤੇ ਬਿਜਨਸ ਨੂੰ ਨਾ ਫਰਕ ਪਵੇ। ਲੋਕ ਹੋਰ ਕੰਪਨੀਆਂ ਦੇ ਮਗਰ ਨਾ ਤੁਰ ਪੈਣ। ਵਿਚ ਵਿਚ ਬੰਦੇ ਆਖਦੇ ਵੀ ਕਿ ਇਹ ਤਾਂ ਆਪਾਂ ਡਿਸਕ੍ਰਿਮੀਨੇਸ਼ਨ ਕਰਦੇ ਆਂ। ਫਿਰ ਹੌਲੀ-ਹੌਲੀ ਪੱਗਾਂ ਵਾਲਿਆਂ ਨੂੰ ਰੱਖਣ ਲੱਗ ਪਏ।

1973-74 ਚ ਪੰਜਾਹ-ਸੱਠ ਹਜ਼ਾਰ ਦੀ ਪਲੇਟ ਸੀ ਤੇ ਹੁਣ ਇਹ ਕੀਮਤ ਸਾਢੇ ਸੱਤ ਲੱਖ ਡਾਲਰ ਹੈ। ਉਦੋਂ ਰਾਤ ਦੀ ਪਲੇਟ ਦੀ ਕੀਮਤ ਜ਼ਿਆਦਾ ਹੁੰਦੀ ਸੀ। ਕਿਓਂ ਕਿ ਅਸੀਂ ਬਹੁਤੇ ਉਦੋਂ ਵਿਆਹੇ-ਵਰ੍ਹੇ ਨਹੀਂ ਸੀ ਹੁੰਦੇ ਤੇ ਰਾਤ ਨੂੰ ਟ੍ਰੈਫਿਕ ਵੀ ਨਹੀਂ ਸੀ ਹੁੰਦਾ ਅਸੀਂ ਰਾਤਾਂ ਨੂੰ ਟੈਕਸੀ ਚਲਾਉਣ ਨੂੰ ਤਰਜੀਹ ਦਿੰਦੇ ਸੀ। ਫੇਰ ਜਦੋਂ ਡਰਾਈਵਰ ਪਰਿਵਾਰਾਂ ਵਾਲੇ ਬਣ ਗਏ ਤੇ ਆਪਣੀਆਂ ਟੈਕਸੀਆਂ ਦੇ ਮਾਲਕ ਬਣ ਗਏ ਤਾਂ ਉਹ ਦਿਨਾਂ ਨੂੰ ਚਲਾਉਣੀ ਪਸੰਦ ਕਰਨ ਲੱਗ ਪਏ। ਹੁਣ ਦਿਨ ਦੀ ਪਲੇਟ ਦੀ ਕੀਮਤ ਰਾਤ ਦੇ ਮੁਕਾਬਲੇ ਜ਼ਿਆਦਾ ਹੈ।

ਇੱਕ ਗੱਲ ਜਿਹੜੀ ਮੈਨੂੰ ਬਹੁਤ ਵਾਰ ਹੁਣ ਵੀ ਚੇਤੇ ਆਉਂਦੀ ਹੁੰਦੀ ਐ ਤੇ ਮੈਨੂੰ ਇਕਦਮ ਜੁਗਤ ਸੁੱਝਣ ਤੇ ਮਾਣ ਵੀ ਹੁੰਦੈ। ਰਾਤ ਦਾ ਮੌਕਾ ਸੀ। ਸ਼ਾਇਦ ਸ਼ੁਕਰਵਾਰ ਦੀ ਰਾਤ ਸੀ। ਬਾਹਰ ਮੀਂਹ ਪੈ ਰਿਹਾ ਸੀ। ਕੰਮ ਪੂਰਾ ਬਿਜ਼ੀ ਸੀ। ਸ਼ਰਾਬੀ ਬਾਰਾਂ 'ਚੋਂ ਨਿਕਲ ਰਹੇ ਸੀ। ਤੇ ਮੇਰੀ ਟੈਕਸੀ ਵਿਚ ਇੱਕ ਨੇਟਿਵ ਇੰਡੀਅਨ ਆਣ ਬੈਠਾ। ਕਹਿੰਦਾ ਨਿਊਵੈਸਟ ਜਾਣੈ। ਟ੍ਰਿਪ ਲੰਮਾ ਸੀ। ਓਦੋਂ ਸਾਡੀ ਨਜ਼ਰ 'ਚ ਏਨ੍ਹਾਂ ਦਾ ਰਿਕਾਰਡ ਐਨਾਂ ਚੰਗਾ ਨਹੀਂ ਸੀ ਹੁੰਦਾ। ਕਈ ਵਾਰ ਇਓਂ ਹੋਣਾ ਕਿ ਕਿਰਾਇਆ ਨਹੀਂ ਸੀ ਦਿੰਦੇ ਹੁੰਦੇ ਇਹ ਸ਼ਰਾਬੀ ਹੋ ਕੇ। ਸੋ ਮੈਨੂੰ ਡਰ ਲੱਗਾ ਕਿ ਐਨਾ ਬਿਜ਼ੀ ਕੰਮ ਐ ਤੇ ਐਨੀ ਦੂਰ ਜਾਣਾ। ਜੇ ਇਸ ਨੇ ਕਿਰਾਇਆ ਨਾ ਦਿੱਤਾ ਤਾਂ ਕੰਮ ਖਰਾਬ ਹੋ ਜਾਊ। ਸੋ ਮੈਂ ਤਰੀਕੇ ਜਿਹੇ ਨਾਲ ਉਸ ਨੂੰ ਕਿਹਾ ਕਿ ਕੰਪਨੀ ਦਾ ਅਸੂਲ ਹੈ ਕਿ ਜੇ ਰਾਤ ਨੂੰ ਲੰਮਾ ਟ੍ਰਿਪ ਹੈ ਤਾਂ ਕਿਰਾਇਆ ਪਹਿਲਾਂ ਦੇਣਾ ਪੈਂਦਾ। ਪਰ ਜੀ ਉਹ ਸ਼ਰਾਬੀ ਸੀ। ਗੁੱਸਾ ਕਰ ਗਿਆ। ਕਹਿੰਦਾ ਤੁਸੀਂ ਸਾਡੇ ਦੇਸ਼ ਚ ਆ ਕੇ ਸਾਡੀਆਂ ਨੌਕਰੀਆਂ ਖੋਹੀ ਜਾਨੇ ਐਂ ਨਾਲੇ ਸਾਡੀ ਬੇਜ਼ਤੀ ਕਰਦੇ ਆਂ। ਮੈਂ ਬਥੇਰਾ ਕਿਹਾ ਕਿ ਮੈਂ ਬੇਜ਼ਤੀ ਨੀ ਕਰਦਾ, ਮੈਂ ਤਾਂ ਤੈਨੂੰ ਕੰਪਨੀ ਦੀ ਪੋਲਿਸੀ ਦੱਸੀ ਆ। ਪਰ ਜੀ ਉਹ ਕਹਿੰਦਾ ਹੁਣ ਮੈਂ ਰਾਈਡ ਵੀ ਲੈਣੀ ਆ ਤੇ ਪੈਸੇ ਵੀ ਨਹੀਂ ਦੇਣੇ। ਬਾਹਰ

ਹੋਰ ਸਵਾਰੀਆਂ ਨੂੰ ਉਡੀਕਦੀਆਂ ਦੇਖ ਮੇਰਾ ਚਿੱਤ ਕਾਹਲਾ ਪੈਣ ਲੱਗਾ ਕਿ ਕਦੋਂ ਇਸ ਬੰਦੇ ਤੋਂ ਖਹਿੜਾ ਛੁੱਟੇ ਤੇ ਚਾਰ ਡਾਲਰ ਬਣਾਈਏ। ਮੈਂ ਉਸ ਨੂੰ ਧਮਕੀ ਦਿੱਤੀ ਕਿ ਕਾਰ ਚੋਂ ਨਿਕਲ ਜਾਵੇ ਨਹੀਂ ਤਾਂ ਮੈਂ ਪੁਲੀਸ ਨੂੰ ਸੱਦਣ ਲੱਗੈਂ। ਉਹ ਹੋਰ ਚੌੜਾ ਹੋ ਗਿਆ ਕਹਿੰਦਾ ਤੂੰ ਪੁਲਸ ਨੂੰ ਸੱਦ ਲੈ ਤੇ ਜਾਂ ਬਾਹਰ ਨਿਕਲ ਕੇ ਮੇਰੇ ਨਾਲ ਲੜਾਈ ਕਰ। ਮੈਂ ਮੁੱਢ ਤੋਂ ਹੀ ਲੜਾਈ ਤੋਂ ਦੂਰ ਰਹਿ ਕੇ ਰਾਜ਼ੀ ਹੁੰਨੈਂ। ਸੁਭਾਅ ਐ । ਮੈਨੂੰ ਪਤਾ ਸੀ ਕਿ ਜਦੋਂ ਨੂੰ ਪੁਲੀਸ ਨੇ ਅੱਪੜਨੈਂ ਉਦੋਂ ਤੱਕ ਤਾਂ ਮੈਂ ਇਸ ਨੂੰ ਛੱਡ ਕੇ ਵੀ ਮੁੜ ਸਕਦੈਂ। ਸੋ ਮੇਰੇ ਦਿਮਾਗ ਵਿਚ ਇਕਦਮ ਤਰਕੀਬ ਆਈ ਤੇ ਮੈਂ ਓਹਨੂੰ ਕਿਹਾ ਆ ਜਾ ਫਿਰ ਵੇਖ ਈ ਲੈ ਝੁੱਟ। ਉਹ ਡੋਰ ਖੋਲ੍ਹ ਕੇ ਬਾਹਰ ਨਿਕਲਿਆ ਹੀ ਸੀ ਕਿ ਮੈਂ ਕਿੱਲੀ ਨੱਪ ਦਿੱਤੀ। ਪਿੱਛੋਂ ਉਹ ਚੀਟਰ ਚੀਟਰ ਕਰਦਾ ਟੈਕਸੀ ਮਗਰ ਭੱਜਣ ਲੱਗਾ। ਪਰ ਮੈਂ ਛੁੱਟ ਆਇਆ ਸੀ।

ਹੁਣ ਮੈਂ ਸੱਤ ਵਜੇ ਸਵੇਰੇ ਤੋਂ ਸ਼ਾਮ ਦੇ ਚਾਰ ਵਜੇ ਤੱਕ ਟੈਕਸੀ ਚਲਾਉਨੈਂ। ਪਰ ਚਲਾਉਨੈਂ ਸੱਤੇ ਦਿਨ ਆ। ਪਹਿਲਾਂ ਛੁੱਟੀ ਕਰ ਲੈਂਦਾ ਸੀ ਜਦੋਂ ਨਿਆਣੇ ਛੋਟੇ ਸੀ। ਹੁਣ ਨਿਆਣੇ ਵੱਡੇ ਹੋ ਗਏ ਆ। ਇੱਕ ਦਾ ਵਿਆਹ ਹੋ ਗਿਐ। ਇੱਕ ਥੋਹੜੇ ਚਿਰ ਤੋਂ ਵੀਲ੍ਹ ਚੇਅਰ ਤੇ ਆ। ਜਦੋਂ ਦੀ ਉਸ ਨੂੰ ਪ੍ਰੌਬਲਮ ਪਈ ਆ ਵਾਈਫ਼ ਨੂੰ ਕੰਮ ਛੱਡਣਾ ਪਿਆ ਉਹ ਦਿਨੇ ਉਸਦੀ ਲੁੱਕ ਆਫ਼ਟਰ ਕਰਦੀ ਆ। ਸ਼ਾਮ ਨੂੰ ਕੰਮ ਤੋਂ ਆ ਕੇ ਮੈਂ ਉਸ ਨਾਲ ਸਮਾਂ ਬਿਤਾਉਨੈਂ।

ਕਦੇ ਕਦੇ ਚਿੱਤ 'ਚ ਆਉਂਦਾ ਵੀ ਹੈ ਕਿ ਉਦੋਂ ਐਨਾ ਪੜ੍ਹ ਲਿਖ ਗਏ ਸੀ। ਐਥੇ ਆ ਕੇ ਹੋਰ ਪੜ੍ਹਕੇ ਕਿਸੇ ਹੋਰ ਨੌਕਰੀ ਵਿਚ ਜਾਂਦੇ। ਪਰ ਜਦੋਂ ਦੇਖਦੇ ਆਂ ਕਿ ਬੱਚੇ ਪੜ੍ਹ ਲਿਖ ਗਏ ਆ ਚੰਗਾ ਖਾਨੇ ਪੀਨੇ ਆਂ ਵਧੀਆ ਘਰ ਐ ਫੇਰ ਸੋਚਦੇ ਆਂ ਕਿ ਵਧੀਆ ਰਹੇ। ਟੈਕਸੀ ਚ ਬਹੁਤ ਕੁਝ ਸਿੱਖਣ ਨੂੰ ਮਿਲਦਾ।

# ਰਣਜੀਤ ਸਿੰਘ ਗਿੱਲ

ਮੈਂ ਬੀ ਸੀ ਰੇਲ ਕੰਪਨੀ 'ਚ ਕੰਮ ਕਰਦਾ ਸੀ। ਜਦੋਂ ਉੱਥੋਂ ਜੌਬ ਖਤਮ ਹੋ ਗਈ ਮੈਂ ਸਰੀ ਆ ਗਿਆ। 1976 ਵਿਚ ਮੈਂ 'ਡੈੱਲਟਾ ਸੰਨ ਸ਼ਾਈਨ ਕੈਬ ਕੰਪਨੀ' ਵਿਚ ਟੈਕਸੀ ਚਲਾਉਣ ਲੱਗ ਪਿਆ। ਚਲਾਉਣ ਵਾਸਤੇ ਮੈਨੂੰ ਟੈਕਸੀ ਸਾਊਥ ਡੈੱਲਟਾ 'ਚੋਂ ਚੁੱਕਣੀ ਪੈਂਦੀ ਸੀ। ਘਰੋਂ ਦੂਰ ਪੈਂਦਾ ਸੀ। ਮੈਂ ਸੋਚਿਆ ਕਿ ਜੇ ਟੈਕਸੀ ਚਲਾਉਣੀ ਹੀ ਹੈ ਤਾਂ ਕਿਉਂ ਨਾ ਸਰੀ ਚ ਚਲਾਵਾਂ। ਸਰੀ 'ਚ ਉਦੋਂ ਇਕ ਟੈਕਸੀ ਕੰਪਨੀ ਸੀ, ਜਿਸਦਾ ਨਾਂ ਸੀ ਪਰਾਈਡ ਡੈੱਲ ਟੈਕਸੀ। ਉਸ ਟੈਕਸੀ ਕੰਪਨੀ ਦੀ ਸ਼ੁਰੂਆਤ ਬਾਰੇ ਵੀ ਦੱਸ ਦਿਆਂ। ਇਕ ਕਾਲ਼ਾ ਸੀ। ਉਹ ਬਰਨਬੀ ਦੀ ਬੌਨੀਜ਼ ਟੈਕਸੀ ਚਲਾਉਂਦਾ ਸੀ। ਉਸ ਦੀ ਘਰਵਾਲੀ ਸਰੀ ਦੇ ਸਕੂਲ ਵਿਚ ਪੜ੍ਹਾਉਂਦੀ ਸੀ। ਉਹ ਬੰਦਾ ਆਪਣੀ ਘਰਵਾਲੀ ਨੂੰ ਸਰੀ ਛੱਡਣ ਆਉਂਦਾ ਸੀ। ਇਹ 73-74 ਦੀ ਗੱਲ ਹੈ। ਸਰੀ ਵਿਚ ਟੈਕਸੀ ਦੀ ਮੰਗ ਬਹੁਤ ਸੀ ਉਦੋਂ। ਉਸ ਨੇ ਏਥੇ ਕਿੰਗਜੌਰਜ ਹਾਈਵੇ ਤੇ ਖੜ੍ਹੀਆਂ ਸਵਾਰੀਆਂ ਚੁੱਕੀ ਜਾਣੀਆਂ ਨਾਲ ਦੀ ਨਾਲ ਉਨ੍ਹਾਂ ਤੋਂ ਪਟੀਸ਼ਨ ਤੇ ਸਾਈਨ ਕਰਵਾਈ ਜਾਣੇ ਕਿ ਸਰੀ ਵਿਚ ਹੋਰ ਟੈਕਸੀਆਂ ਦੀ ਜ਼ਰੂਰਤ ਹੈ। ਉਦੋਂ ਟੈਕਸੀਆਂ ਕੰਟਰੋਲ ਕਰਨ ਲਈ ਐੱਮ ਸੀ ਸੀ (ਮੋਟਰ ਕੈਰੀਅਰ ਕਮਿਸ਼ਨ) ਹੁੰਦਾ ਸੀ ਵਿਕਟੋਰੀਆ। ਉਸ ਬੰਦੇ ਨੇ ਕਮਿਸ਼ਨ ਕੋਲ ਪਟੀਸ਼ਨਾਂ ਲਿਜਾ ਕੇ ਅਪਲਾਈ ਕਰ ਦਿੱਤਾ। ਉਸ ਨੂੰ ਪੰਦਰਾਂ ਲਾਈਸੈਂਸ ਮਿਲ ਗਏ। ਤੇ ਉਸ ਨੇ ਪਰਾਈਡ ਟੈਕਸੀ ਕੰਪਨੀ ਖੋਲ੍ਹ ਲਈ। ਉਸ ਤੋਂ ਪਹਿਲਾਂ ਸਰੀ ਵਿਚ ਤਿੰਨ ਟੈਕਸੀ ਕੰਪਨੀਆਂ ਹੁੰਦੀਆਂ ਸਨ। ਇੱਕ ਸੀ ਨਿਊਟਨ, ਇੱਕ ਹੁੰਦੀ ਸੀ ਵਾਲ੍ਹੀ ਟੈਕਸੀ ਤੇ ਇਕ ਸੀ ਹਾਈਵੇ ਟੈਕਸੀ। ਤਿੰਨਾਂ ਕੋਲ ਪੰਜ-ਪੰਜ ਲਾਈਸੈਂਸ ਹੁੰਦੇ ਸੀ। ਬਾਅਦ ਵਿੱਚ ਉਹ ਤਿੰਨੇ ਰਲ ਕੇ ਇੱਕ ਟੈਕਸੀ ਕੰਪਨੀ ਬਣ ਗਈ, ਜਿਸਦਾ ਨਾਂ ਉਨ੍ਹਾਂ ਨਿਊਟਨ-ਵਾਲ੍ਹੀ ਹਾਈਵੇ ਟੈਕਸੀ ਰੱਖ ਲਿਆ। ਜਾਂ ਓਧਰ ਡੈੱਲਟਾ ਸੰਨ ਸ਼ਾਈਨ ਟੈਕਸੀ ਹੁੰਦੀ ਸੀ। ਉਹ ਸਕਾਟ ਰੋਡ ਤੱਕ ਹੀ ਹੁੰਦੀ ਸੀ।ਇੱਕ ਡੈੱਲ ਕੈਬ ਹੁੰਦੀ ਸੀ। ਉਸਦਾ ਮਾਲਕ ਸੀ ਐਨ ਰੇਲਵੇ ਵਿਚ ਲੋਕੋਮੋਟਿਵ ਇੰਜੀਨਿਅਰ ਸੀ। ਡੈੱਲ ਕੈਬ ਸਿਰਫ਼ ਸੀ ਐਨ ਰੇਲਵੇ ਦੇ ਕਾਮਿਆਂ ਨੂੰ ਘਰੋਂ ਕੰਮ 'ਤੇ ਅਤੇ ਕੰਮ ਤੋਂ ਘਰ ਛੱਡਣ ਦਾ ਕੰਮਕਰਦੀ ਸੀ। ਉਸ ਇੰਜੀਨਿਅਰ ਦੀ ਮੌਤ ਹੋ ਗਈ ਤੇ ਉਸਦੇ ਮੁੰਡਿਆਂ ਨੇ ਉਹ ਕੰਪਨੀ ਪਰਾਈਡ ਵਾਲੇ ਕਾਲੇ ਨੂੰ ਦਸ ਹਜ਼ਾਰ ਵਿਚ ਵੇਚ ਦਿੱਤੀ। ਉਸ ਕੰਪਨੀ ਕੋਲ ਦਸ

ਟੈਕਸੀਆਂ ਸੀ। ਕਾਲੇ ਨੇ ਉਸਦਾ ਨਾਂ ਰੱਖ ਦਿੱਤਾ ਪਰਾਈਡ ਡੈੱਲ ਟੈਕਸੀ। ਹੁਣ ਉਸ ਕੋਲ ਪੱਚੀ ਟੈਕਸੀਆਂ ਹੋ ਗਈਆਂ। ਉਸ ਕੰਪਨੀ ਦਾ ਦਫ਼ਤਰ ਹੁੰਦਾ ਸੀ ਕਿੰਗਜੌਰਜ ਹਾਈਵੇ ਤੇ 107 ਐਵੀਨਿਊ 'ਤੇ। ਮੇਰਾ ਘਰ ਨੇੜੇ ਹੀ ਹੁੰਦਾ ਸੀ। ਹੈ ਨਾ। ਤੇ ਮੈਂ ਤੁਰ ਕੇ ਅਪਲਾਈ ਕਰਨ ਚਲਿਆ ਜਾਣਾ। ਉਹ ਕਾਲਾ ਮੈਨੂੰ ਜੌਬ ਨਾ ਦੇਵੇ। ਮੈਨੂੰ ਲੱਗਿਆ ਕਰੇ ਬਈ ਇਹ ਵਿਤਕਰਾ ਕਰਦਾ। ਇੱਕ ਦਿਨ ਮੈਂ ਉਸ ਤੋਂ ਪੁੱਛ ਹੀ ਲਿਆ ਕਿ ਵਿੱਚੋਂ ਗੱਲ ਕੀ ਹੈ। ਉਹ ਕਹਿੰਦਾ ਕਿ ਤੂੰ ਟੈਕਸੀ ਤਾਂ ਚਲਾਉਣੀ ਨਹੀਂ ਤੇਰੇ ਕੋਲ ਟਰੱਕ ਦਾ ਲਾਈਸੈਂਸ ਹੈ, ਜਿਸ ਦਿਨ ਤੈਨੂੰ ਟਰੱਕ 'ਤੇ ਜੌਬ ਮਿਲ ਗਈ ਤੂੰ ਟਰੱਕ 'ਤੇ ਚਲਿਆ ਜਾਣੈ। ਮੇਰੇ ਕੋਲ ਕਲਾਸ ਵੰਨ ਲਾਈਸੈਂਸ ਸੀ। ਟੈਕਸੀ ਦਾ ਥੋਨੂੰ ਪਤਾ ਹੀ ਹੈ ਕਿ ਕਲਾਸ ਫੋਰ ਚਾਹੀਦਾ ਹੁੰਦਾ। ਕਲਾਸ ਵੰਨ ਨਾਲ ਤੁਸੀਂ ਸਾਰਾ ਕੁਛ ਹੀ ਚਲਾ ਸਕਦੇ ਹੁੰਨੇ ਆਂ। ਏਸ ਕਰਕੇ ਮੈਂ ਉਹ ਹੀ ਲੈ ਲਿਆ ਸੀ। ਹੈਨਾ । ਤੇ ਭਾਈ ਮੈਂ ਓਸ ਕਾਲ਼ੇ ਨੂੰ ਮੈਂ ਇਹ ਦੱਸ ਦਿੱਤਾ। ਓਸ ਨੇ ਮੈਨੂੰ ਜੌਬ ਦੇ ਦਿੱਤੀ। ਫੇਰ ਮੈਂ ਚਾਰ ਮਹੀਨੇ ਟੈਕਸੀ ਚਲਾਈ। ਫੇਰ ਮੈਨੂੰ ਲੱਕੜ ਮਿੱਲ ਵਿਚ ਜੌਬ ਮਿਲ ਗਈ। ਜਦੋਂ ਮੈਂ ਕਾਲ਼ੇ ਨੂੰ ਦੱਸਿਆ ਉਹ ਕਹਿੰਦਾ ਕਿਓਂ ਮੈਂ ਤੈਨੂੰ ਕਿਹਾ ਸੀ ਨਾ ਕਿ ਤੂੰ ਟੈਕਸੀ ਨੀ ਚਲਾਉਣੀ। ਮੈਂ ਕਿਹਾ ਬਈ ਮੈਂ ਘਰ ਖ਼੍ਰੀਦਿਆ। ਟੈਕਸੀ ਦੀ ਕਮਾਈ ਨਾਲ ਸਰਦਾ ਨੀ। ਵੀਕਐਂਡ ਤੇ ਟੈਕਸੀ ਚਲਾ ਲਿਆ ਕਰੂੰ। ਓਦੋਂ ਮਿੱਲ ਵਿਚ ਸੱਤ ਡਾਲਰ ਘੰਟਾ ਮਿਲਦੇ ਸੀ। ਸਾਰੇ ਹੋਰ ਬੈਨੀਫਿੱਟ ਹੁੰਦੇ ਸੀ। ਟੈਕਸੀ 'ਚ ਬਾਰ੍ਹਾਂ ਘੰਟਿਆਂ ਦੀ ਸ਼ਿਫ਼ਟ ਵਿਚ ਸੱਠ-ਪੈਂਹਟ ਡਾਲਰ ਬਣਦੇ ਹੁੰਦੇ ਸੀ ਤੇ ਓਹਦਾ ਅੱਧ ਤੀਹ ਕੁ ਡਾਲਰ ਘਰੇ ਲਿਆਉਂਦੇ ਸੀ। ਕੋਈ ਬੈਨੀਫਿਟ ਨਹੀਂ ਸੀ ਹੁੰਦਾ। ਹੈਨਾ । ਹਾਲੇ ਮੈਂ ਪੰਜ-ਛੇ ਵੀਕਐਂਡ ਹੀ ਟੈਕਸੀ ਚਲਾਈ ਹੋਣੀ ਐ ਤੇ ਟੈਕਸੀ ਦਫ਼ਤਰ ਦੇ ਮੂਹਰੇ ਕੰਪਨੀ ਦੇ ਬੈਂਕਰਪਟ ਹੋਣ ਦਾ ਵੱਡਾ ਨੋਟਿਸ ਟੰਗਿਆ ਵਿਆ। ਓਨ੍ਹਾਂ ਦਿਨਾਂ 'ਚ ਓਸ ਟੈਕਸੀ ਕੰਪਨੀ ਚ ਆਪਣੇ ਚਾਰ ਪੰਜਾਬੀ ਮੁੰਡੇ ਟੈਕਸੀ ਲੀਜ਼ ਕਰਦੇ ਹੁੰਦੇ ਸੀ। ਇੱਕ ਸਹੋਤਾ ਫੈਮਿਲੀ ਚੋਂ ਸੀ, ਜਿਹੜੇ ਐਬਸਫੋਰਡ ਵਿਚ ਗਾਜਰਾਂ ਉਗਾਉਂਦੇ ਆ, ਅਵਤਾਰ ਸੀ,ਸ਼ੌਕਰ ਸੀ, ਗੈਰੀ ਰਖਰਾ ਸੀ, ਇੱਕ ਗੋਰਾ ਸੀ ਡੇਵ ਯੰਗ। ਇਨ੍ਹਾਂ ਨੇ ਮੀਟਿੰਗ ਕਰਕੇ ਸਲਾਹ ਬਣਾਈ ਤੇ ਵਿਕਟੋਰੀਆ ਚਲੇ ਗਏ ਮੋਟਰ ਕੈਰੀਅਰ ਕਮਿਸ਼ਨ ਕੋਲ। ਓਹਨਾਂ ਨੂੰ ਦੋ ਲਾਈਸੈਂਸ ਮਿਲ ਗਏ। ਉਨ੍ਹਾਂ ਨੇ ਕੰਪਨੀ ਸ਼ੁਰੂ ਕਰ ਲਈ, ਨਾਂ ਰੱਖ ਲਿਆ ਸਰਡੈੱਲ ਟੈਕਸੀ। ਫੇਰ ਏਨ੍ਹਾਂ ਨੇ ਬੇਸਮੈਂਟ ਵਿੱਚੋਂ ਕੰਮ ਸ਼ੁਰੂ ਕਰ ਦਿੱਤਾ। ਕਿਸੇ ਨੇ ਸ਼ਕਾਇਤ ਕਰ ਦਿੱਤੀ ਕਿ ਘਰੋਂ ਬਿਜ਼ਨਿਸ ਕਰਦੇ ਆ। ਫੇਰ ਓਨ੍ਹਾਂ ਨੂੰ ਕਿੰਗਜੌਰਜ ਤੇ 107 'ਤੇ ਆਫਿਸ ਲੈਣਾ ਪਿਆ। ਮੈਂ ਫੇਰ 1977 'ਚ ਡੇਵ ਯੰਗ ਵਾਸਤੇ ਪਾਰਟ ਟਾਈਮ ਟੈਕਸੀ ਚਲਾਉਣ ਲੱਗ ਪਿਆ। ਉਦੋਂ ਤੱਕ ਉਨ੍ਹਾਂ ਕੋਲ ਬਾਰ੍ਹਾਂ ਟੈਕਸੀਆਂ ਹੋ ਗਈਆਂ ਸਨ। ਫੇਰ 1979 ਵਿਚ ਮੇਰੀ ਮਿੱਲ ਰੈਨੋਵੇਸ਼ਨ ਵਾਸਤੇ ਬੰਦ ਹੋ ਗਈ। ਮੇਰਾ ਇੱਕ ਜੀਅ ਕਰੇ ਬਈ ਮੈਂ ਰਿਚਮੰਡ ਪਲਾਈ ਵੁੱਡ ਮਿੱਲ ਵਿਚ ਆਪਣਾ ਸ਼ੇਅਰ ਖ਼੍ਰੀਦ ਲਵਾਂ। ਉਦੋਂ ਉਸਦਾ ਸ਼ੇਅਰ ਮੈਨੂੰ ਬਾਈ ਹਜ਼ਾਰ ਡਾਲਰ ਵਿਚ ਮਿਲਦਾ ਸੀ। ਫੇਰ ਸੋਚ -ਸੋਚ ਕੇ

ਮੈਂ ਸਾਢੇ ਅੱਠ ਹਜ਼ਾਰ ਡਾਲਰ ਵਿਚ ਡੇਢ ਟੈਕਸੀ ਖ੍ਰੀਦ ਲਈ। ਹਾਂ ਜੀ ਹਾਂ ਹਾਂ। ਅੱਧਾ ਸ਼ੇਅਰ ਮੈਂ ਫਿਰ ਖ੍ਰੀਦ ਲਿਆ। ਮੇਰੇ ਕੋਲ ਦੋ ਟੈਕਸੀਆਂ ਹੋ ਗਈਆਂ। ਕੰਮ ਕਰਦੇ ਰਹੇ ਫੇਰ ਮੈਂ ਤਿੰਨ ਟੈਕਸੀਆਂ ਕਰ ਲਈਆਂ। ਫੇਰ ਮੈਂ ਇੱਕ ਗੈਸ ਸਟੇਸ਼ਨ ਖ੍ਰੀਦ ਲਿਆ ਕਿਸੇ ਨਾਲ ਰਲ ਕੇ। ਓਥੇ ਟੈਕਸੀਆਂ ਨੂੰ ਗੈਸ ਪਾਈ ਜਾਣਾ ਨਾਲੇ ਟੈਕਸੀਆਂ ਠੀਕ ਕਰਨੀਆਂ। ਮਿੱਲ ਚ ਵੀ ਕੰਮ ਕਰੀ ਜਾਣਾ। ਫੇਰ ਸਾਡੇ ਨੇੜੇ ਇੱਕ ਹੋਰ ਗੈਸ ਸਟੇਸ਼ਨ ਖੁਲ੍ਹ ਗਿਆ ਤੇ ਸਾਡਾ ਮੁਨਾਫਾ ਘਟ ਗਿਆ। ਮੈਂ ਆਪਣੀ ਭਾਈਵਾਲੀ ਕੱਢ ਲਈ। ਫੇਰ ਹੋਰ ਟੈਕਸੀਆਂ ਖ੍ਰੀਦ ਲਈਆਂ। ਇਸ ਤਰ੍ਹਾਂ ਮੇਰੇ ਕੋਲ ਪੰਜ ਟੈਕਸੀਆਂ ਹੋ ਗਈਆਂ । ਹਾਂ ਜੀ, ਹਾਂ ਹਾਂ।। ਫੇਰ ਮੇਰੇ ਭਰਾ ਕੋਲ ਵੀ ਟੈਕਸੀਆਂ ਸੀ। ਮੇਰੀ ਘਰਵਾਲੀ ਦੇ ਭਰਾਵਾਂ ਕੋਲ ਵੀ ਟੈਕਸੀਆਂ ਸੀ। ਸਾਡੇ ਪਰਿਵਾਰ ਦੀਆਂ ਹੀ ਦਸ-ਬਾਰ੍ਹਾਂ ਟੈਕਸੀਆਂ ਸੀ। ਜਦੋਂ ਨੱਬਵਿਆਂ ਵਿਚ ਐਨ ਡੀ ਪੀ ਦੀ ਸਰਕਾਰ ਬਣੀ ਤਾਂ ਇਨ੍ਹਾਂ ਨੇ ਕੁਝ ਨਵੇਂ ਰੂਲ ਬਣਾ ਦਿੱਤੇ ਕਿ ਡਰਾਈਵਰ ਨੂੰ ਘੱਟੋ ਘੱਟ ਤਨਖਾਹ ਦੇਣੀ ਹੀ ਪਿਆ ਕਰੇਗੀ, ਭਾਵੇਂ ਟੈਕਸੀ ਚ ਕਿੰਨੀ ਵੀ ਘੱਟ ਕਮਾਈ ਕਿਓਂ ਨਾ ਹੋਵੇ। ਹੋਰ ਵੀ ਸਹੂਲਤਾਂ ਜਿਵੇਂ ਛੁੱਟੀਆਂ ਦੀ ਤਨਖਾਹ, ਮੈਡੀਕਲ ਤੇ ਹੋਰ। ਇਹ ਲਾਗੂ ਤਾਂ ਨਾ ਹੋਏ ਪਰ ਅਸੀਂ ਡਰਦਿਆਂ ਨੇ ਇੱਕ-ਇੱਕ ਟੈਕਸੀ ਕੋਲ ਰੱਖ ਕੇ ਬਾਕੀ ਵੇਚ ਦਿੱਤੀਆਂ। ਹਾਂ ਜੀ। ਮੈਂ 1981 ਵਿਚ ਹੀ ਕੰਪਨੀ ਦਾ ਪ੍ਰੈਜ਼ੀਡੈਂਟ ਬਣ ਗਿਆ ਸੀ। ਹਾਂ ਜੀ।

ਓਦੋਂ 81 ਦੀ ਹੀ ਇੱਕ ਹੋਰ ਗੱਲ ਦੱਸਦਾਂ। ਮੁੰਡਾ ਹੁੰਦਾ ਸੀ ਜਸਵੀਰ ਬੱਲ। ਉਹ ਰਾਤ ਨੂੰ ਪੱਗ ਬੰਨ੍ਹ ਕੇ ਟੈਕਸੀ ਚਲਾਉਣ ਲੱਗ ਪਿਆ। ਉਸ ਤੋਂ ਪਹਿਲਾਂ ਕੋਈ ਦੇਖਿਆ ਹੀ ਨਹੀਂ ਸੀ ਪੱਗ ਬੰਨ੍ਹ ਕੇ ਟੈਕਸੀ ਚਲਾਉਂਦਾ। ਗੋਰਿਆਂ ਦੀਆਂ ਸ਼ਕਾਇਤਾਂ ਬਹੁਤ ਆਉਣ ਲੱਗ ਪਈਆਂ ਬਈ ਸਿਰ ਤੇ ਰੈਗ ਬੰਨ ਕੇ ਟੈਕਸੀ ਚਲਾਈ ਜਾਂਦੇ ਆ। ਸਾਡੇ ਸ਼ੇਅਰ ਹੋਲਡਰ ਗੁੱਸੇ ਹੋਣ ਲੱਗ ਪਏ ਕਿ ਏਹਨੂੰ ਹਟਾਉਂਦਾ ਕਿਓਂ ਨੀ। ਸਾਡੇ ਮੁਕਾਬਲੇ ਤੇ ਜਿਹੜੀ ਨਿਊਟਨ ਵਾਲੀ ਟੈਕਸੀ ਸੀ, ਉਹ ਤਿੰਨ ਗੋਰਿਆਂ ਕੋਲ ਸੀ। ਉਨ੍ਹਾਂ ਨੇ ਯੈਲੋ ਕੈਬ ਵਿਚੋਂ ਆਪਣੀਆਂ ਟੈਕਸੀਆਂ ਵੇਚ ਕੇ ਇਹ ਕੰਪਨੀ 79-80 ਵਿਚ ਖ੍ਰੀਦ ਲਈ ਸੀ।ਉਹ ਤਾਂ ਆਪਣੇ ਬੰਦੇ ਨੂੰ ਡਰਾਈਵਰ ਵੀ ਨਹੀਂ ਸੀ ਰੱਖਦੇ। ਮੈਂ ਕੰਪਨੀ ਦੇ ਵਕੀਲ ਨਾਲ ਕੀਤੀ। ਉਸ ਨੇ ਕੰਪਨੀ ਦਾ ਸੰਵਿਧਾਨ ਪੜ੍ਹ ਕੇ ਦੱਸਿਆ ਬਈ ਅਸੀਂ ਉਸ ਨੂੰ ਹਟਾ ਨਹੀਂ ਸਕਦੇ। ਸਿਰਫ਼ ਬੇਨਤੀ ਕਰ ਸਕਦੇ ਹਾਂ। ਮੈਂ ਉਸ ਡਰਾਈਵਰ ਨੂੰ ਸੱਦ ਕੇ ਕਿਹਾ ਕਿ ਟੈਕਸੀ ਪੱਗ ਬੰਨ੍ਹ ਕੇ ਜੀਅ ਸਦਕੇ ਚਲਾ, ਪਰ ਜੇ ਤੂੰ ਦਿਨੇ ਚਲਾ ਲਿਆ ਕਰੇਂ। ਰਾਤ ਨੂੰ ਸ਼ਰਾਬੀ ਹੋਏ ਬੰਦੇ ਬਹੁਤੀਆਂ ਸ਼ਕਾਇਤਾਂ ਕਰਦੇ ਆ। ਚਲੋ ਜੀ ਜਸਵੀਰ ਦਿਨੇ ਟੈਕਸੀ ਚਲਾਉਣ ਲੱਗ ਪਿਆ। ਤੇ ਮੈਂ ਓਧਰ ਡਾਉਨ-ਟਾਊਨ ਚ ਜਿਹੜੇ ਆਪਣੇ ਮੁੰਡੇ ਟੈਕਸੀ ਚਲਾਉਂਦੇ ਸੀ, ਉਨ੍ਹਾਂ ਨੂੰ ਉਤਸ਼ਾਹਤ ਕਰਨ ਲੱਗ ਪਿਆ ਕਿ ਪੱਗਾਂ ਬੰਨ੍ਹ ਕੇ ਟੈਕਸੀ ਚਲਾਓ। ਇਓਂ ਕੰਮ ਚਲਦਾ ਚਲਦਾ ਖੁੱਲ੍ਹ ਗਿਆ।

ਏਅਰਪੋਰਟ ਤੇ ਵੀ ਪਹਿਲਾਂ ਮੈਕਲੋਅਰ ਕੈਬ ਵਾਲੇ ਹੀ ਚੁੱਕਦੇ ਸਨ

ਸਵਾਰੀਆਂ। ਮਿੰਟਗੋਮਰੀ ਸੀ ਉਸ ਕੰਪਨੀ ਦੇ ਮਾਲਕ ਦਾ ਨਾਂ। ਉਸ ਕੋਲ ਮੈਕਲੋਅਰ ਕੈਬ ਤੇ ਰਿਚਮੰਡ ਟੈਕਸੀਆਂ ਹੁੰਦੀਆਂ। ਜਦੋਂ ਸਵਾਰੀਆਂ ਵਧ ਜਾਂਦੀਆਂ, ਉਹ ਯੈਲੋ ਕੈਬ ਤੇ ਬਲੈਕ ਟਾਪ ਦੀਆਂ ਟੈਕਸੀਆਂ ਨੂੰ ਸੱਦ ਲੈਂਦੇ। ਫੇਰ ਜਦੋਂ ਬੌਨੀਜ਼ ਟੈਕਸੀ ਵਾਲਿਆਂ ਨੇ ਚੱਕਣ ਚੁੱਕਿਆ ਬਈ ਏਅਰਪੋਰਟ ਇੰਟਰਨੈਸ਼ਨਲ ਹੈ। ਸਾਨੂੰ ਵੀ ਸਵਾਰੀਆਂ ਚੁੱਕਣ ਦੀ ਆਗਿਆ ਦਿਓ। ਏਅਰਪੋਰਟ ਵੱਲੋਂ ਬੌਨੀਜ਼ ਟੈਕਸੀ ਨੂੰ ਆਗਿਆ ਮਿਲ ਗਈ। ਮੈਕਲੋਵਰਸ, ਰਿਚਮੰਡ, ਯੈਲੋ ਕੈਬ ਤੇ ਬਲੈਕਟਾਪ ਵਾਲਿਆਂ ਨੇ ਏਅਰਪੋਰਟ ਦਾ ਬਾਈਕਾਟ ਕਰ ਦਿੱਤਾ। ਬੌਨੀਜ਼ ਟੈਕਸੀ ਲਈ ਕੰਮ ਜ਼ਿਆਦਾ ਸੀ ਉਨ੍ਹਾਂ ਮੈਨੂੰ ਫੋਨ ਕੀਤਾ। ਮੈਂ ਪ੍ਰੈਜ਼ੀਡੈਂਟ ਸੀ। ਅਸੀਂ ਵੀ ਆਪਣੀਆਂ ਟੈਕਸੀਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਦੋ ਕੁ ਹਫਤਿਆਂ ਚ ਕੰਮ ਚੱਲ ਪਿਆ। ਫੇਰ ਬਾਈਕਾਟ ਵਾਲੀਆਂ ਟੈਕਸੀਆਂ ਵੀ ਆਉਣ ਲੱਗ ਪਈਆਂ। ਫੇਰ ਏਅਰਪੋਰਟ ਤੇ ਜਦੋਂ ਕਿਸੇ ਸਵਾਰੀ ਨੇ ਆਖਣਾ ਬਈ ਮੈਨੂੰ ਗੋਰਾ ਡਰਾਈਵਰ ਚਾਹੀਦਾ ਹੈ ਤਾਂ ਕਮਿਸ਼ਨਰ ਨੇ ਸਵਾਰੀ ਨੂੰ ਆਖਣਾ ਕਿ ਉਡੀਕ ਕਰੀ ਚੱਲੋ ਜਦੋਂ ਕੋਈ ਗੋਰਾ ਡਰਾਈਵਰ ਆ ਗਿਆ ਉਸ ਨਾਲ ਬੈਠ ਜਾਇਓ। ਉਡੀਕ ਕੇ ਅੱਕ ਕੇ ਸਵਾਰੀ ਨੇ ਜਿਹੜੀ ਟੈਕਸੀ ਮੂਹਰੇ ਹੋਣੀ ਉਸ ਵਿਚ ਬੈਠ ਜਾਣਾ। ਇਸ ਤਰ੍ਹਾਂ ਇਹ ਕੰਮ ਵੀ ਚੱਲ ਪਿਆ। ਹਾਂ ਜੀ ਹਾਂ ਤੇ ਇਵੇਂ ਕੰਪਨੀ ਦੇ ਵਿਚ ਵੀ ਕਈ ਗੋਰੇ ਡਿਸਪੈਚਰਾਂ ਨੇ ਵਧੀਆ ਜਾਂ ਲੰਮਾ ਟ੍ਰਿੱਪ ਗੋਰੇ ਡਰਾਈਵਰਾਂ ਨੂੰ ਦੇ ਦੇਣਾ ਤੇ ਬਹਾਨਾ ਬਣਾ ਦੇਣਾ ਬਈ ਸਵਾਰੀ ਗੋਰਾ ਡਰਾਈਵਰ ਚਾਹੁੰਦੀ ਸੀ। ਫੇਰ ਜਦੋਂ ਅਸੀਂ ਵਾਹਵਾ ਗਿਣਤੀ ਵਿਚ ਹੋ ਗਏ ਤਾਂ ਇਹ ਰੂਲ ਹੀ ਬਣਾ ਦਿੱਤਾ ਕਿ ਅਜੇਹੀ ਸਵਾਰੀ ਨੂੰ ਟੈਕਸੀ ਭੇਜਣੀ ਹੀ ਨਹੀਂ।

ਬਰਨਬੀ ਦੀ ਬੌਨੀਜ਼ ਟੈਕਸੀ 'ਚ ਦੋ ਧੜੇ ਸੀ। ਖਹਿਬਾਜੀ ਚ ਹੀ ਓਥੇ ਇਕ ਕਤਲ ਹੋ ਗਿਆ ਤੇ ਕੋਰਟ ਨੇ ਹੁਕਮ ਦੇ ਦਿੱਤਾ ਕਿ ਇਕ ਧੜਾ ਹੀ ਰਹੇ। ਸੋ ਇਕ ਧੜੇ ਦੇ ਬੰਦੇ ਆਪਣੀਆਂ ਟੈਕਸੀਆਂ ਵੇਚ ਕੇ ਸਰੀ ਆ ਗਏ। ਉਨ੍ਹਾਂ ਨੇ ਆ ਕੇ ਨਿਊਟਨ ਵਾਲ਼ੀ ਟੈਕਸੀ 'ਚ ਟੈਕਸੀਆਂ ਖ੍ਰੀਦ ਲਈਆਂ। ਹੌਲੀ -ਹੌਲੀ ਉਨ੍ਹਾਂ ਨੇ ਜਿਹੜੇ ਤਿੰਨੇ ਗੋਰੇ ਕਾਬਜ ਸੀ, ਉਨ੍ਹਾਂ ਤੋਂ ਸਾਰੀਆਂ ਟੈਕਸੀਆਂ ਖ੍ਰੀਦ ਲਈਆਂ। ਫੇਰ 1990 ਵਿਆਂ ਦੇ ਸ਼ੁਰੂ ਵਿਚ ਸਰੀ ਵਿੱਚ ਇਕ ਹੋਰ ਟੈਕਸੀ ਕੰਪਨੀ ਗਿਲਫਰਡ ਕੈਬ ਸ਼ੁਰੂ ਹੋ ਗਈ। ਗਿਲਫਰਡ ਟੈਕਸੀ ਨੂੰ 25 ਲਾਈਸੈਂਸ ਮਿਲੇ ਸੀ। ਇੱਕ ਬੰਦਾ ਮੂਹਰੇ ਸੀ ਤੇ ਉਸ ਨਾਲ ਕੁਝ ਹੋਰ ਸਾਈਲੈਂਟ ਸ਼ੇਅਰ ਹੋਲਡਰ ਵੀ ਸਨ। ਅਸੀਂ ਕੋਸ਼ਿਸ਼ ਕਰਦੇ ਸੀ ਕਿ ਉਹ ਸਾਈਲੈਂਟ ਸ਼ੇਅਰ ਹੋਲਡਰਾਂ ਨੂੰ ਲੱਭ ਕੇ ਕੋਸ਼ਿਸ਼ ਕਰੀਏ ਕਿ ਕੋਈ ਨਵੀਂ ਕੰਪਨੀ ਨਾ ਖੁੱਲ੍ਹੇ। ਪਰ ਆਗੂ ਬੰਦੇ ਦੇ ਨਾਲ ਸੋਸ਼ਲ ਕਰੈਡਿਟ ਪਾਰਟੀ ਦੇ ਬੰਦੇ ਸੀ। ਉਦੋਂ ਸੋਸ਼ਲ ਕਰੈਡਿਟ ਪਾਰਟੀ ਦਾ ਰਾਜ ਸੀ, ਬੀ ਸੀ 'ਚ। ਹੋਰ ਵੀ ਕਈ ਪੁਲੀਟੀਕਲ ਕਾਰਣ ਸਨ, ਖੈਰ।

ਸਾਡੀ ਟੈਕਸੀ ਕੰਪਨੀ ਨੇ ਤਰੱਕੀ ਬਹੁਤ ਕੀਤੀ ਹੈ। ਹੁਣ ਸਾਡੀ ਕੰਪਨੀ ਕੋਲ 69 ਟੈਕਸੀਆਂ ਹਨ। ਮੈਂ ਪਹਿਲੀ ਵਾਰ 1981 ਚ ਪ੍ਰੈਜ਼ੀਡੈਂਟ ਬਣਿਆ ਤੇ ਫੇਰ

ਜਿੰਨੇ ਵਾਰ ਵੀ ਪ੍ਰੈਜ਼ੀਡੈਂਟ ਚੁਣਿਆ ਗਿਐਂ, ਹਰੇਕ ਵਾਰ ਪੰਜ-ਸੱਤ ਨਵੇਂ ਲਾਈਸੈਂਸ ਇਸ਼ੂ ਕਰਵਾਏ ਆ। ਮੈਂ ਗੋਰੇ ਮਨੇਜਰ ਰੱਖਦਾ ਸੀ। ਉਦੋਂ ਆਪਣੇ ਮੁੰਡੇ ਹੁੰਦੇ ਵੀ ਘੱਟ ਸੀ ਤੇ ਦਿਮਾਗ ਵਿਚ ਇਹ ਵੀ ਗੱਲ ਹੁੰਦੀ ਸੀ ਕਿ ਗੋਰੇ ਮਨੇਜਰ ਮੂਹਰੇ ਕਰ ਕੇ ਕੰਮ ਨੂੰ ਹੋਰ ਵਧਾਇਆ ਜਾ ਸਕਦਾ ਹੈ। ਪਰ ਹੁਣ ਆਪਣੇ ਮੁੰਡੇ ਬਥੇਰੇ ਐ। ਵੈਨਕੂਵਰ ਏਰੀਏ ਵਿਚ ਸਾਡੀ ਕੰਪਨੀ ਨੇ ਕਰੈਡਿਟ ਕਾਰਡ ਲੈਣ ਦੀ ਸ਼ੁਰੂਆਤ ਕੀਤੀ ਸੀ 1980 ਵਿਚ। ਉਸ ਤੋਂ ਪਹਿਲਾਂ ਕੈਸ਼ ਹੀ ਚੱਲਦਾ ਸੀ। ਜਦੋਂ ਸਾਡੀ ਕੰਪਨੀ ਕਰੈਡਿਟ ਕਾਰਡ ਲੈਣ ਲੱਗੀ ਤਾਂ ਵੈਨਕੂਵਰ ਤੋਂ ਵੀ ਬਹੁਤ ਲੋਕ ਸਾਡੀ ਟੈਕਸੀ ਸੱਦਣ ਲੱਗ ਪਏ। ਫੇਰ ਦੇਖਾ-ਦੇਖੀ ਦੂਜੀਆਂ ਕੰਪਨੀਆਂ ਵੀ ਕਰੈਡਿਟ ਕਾਰਡ ਲੈਣ ਲੱਗ ਪਈਆਂ। ਇਓਂ ਭਾਈ ਚੱਲੀ ਗਿਆ। ਹਾਂ ਜੀ ਹਾਂ ਤੇ ਫੇਰ 2006 ਵਿਚ ਮੇਰੀ ਮਿੱਲ ਬੰਦ ਹੋ ਗਈ। ਹੁਣ ਆਪਾਂ ਪੱਕੇ ਹੀ ਟੈਕਸੀ 'ਚ ਆਂ। ਰਾਤ ਨੂੰ ਲੀਜ਼ ਤੇ ਦਿੱਤੀ ਵੀ ਐ। ਕਈ ਵਾਰ ਮੁੰਡਿਆਂ ਨੂੰ ਕਿਹਾ ਕਿ ਕੁਛ ਸਾਹ ਦਵਾ ਦਿਆ ਕਰੋ। ਪਰ ਐਥੋਂ ਦੀ ਪੀੜ੍ਹੀ ਮੰਨਦੀ ਐ? ਹਾਂ ਜੀ ਹਾਂ ਹਾਂ।

## ਹੰਕਾਰ ਸਿੰਘ: ਟੈਕਸੀ ਚਲਾਏ ਬਿਨਾਂ ਰਿਹਾ ਨੀਂ ਜਾਂਦਾ

"ਦੂਸਰੇ ਡਰਾਈਵਰ ਮੁਝੇ ਦਾਦਾ ਬੋਲਤੇ ਹੈਂ।ਮੇਰੀ ਇੱਜ਼ਤ ਕਰਤੇ ਹੈਂ। ਉਨਹੇਂ ਮਾਲੂਮ ਹੈ ਕਿ ਮੈਂਨੇ ਉਨਕੇ ਲੀਏ ਰਾਸਤਾ ਬਨਾਇਆ ਹੈ।"

ਮੈਂ ਸੱਤਰ ਸਾਲ ਦਾ ਹਾਂ। ਬੁਢਾਪਾ- ਪੈਨਸ਼ਨ ਲੱਗੀ ਹੋਈ ਹੈ। ਮੇਰਾ ਬੇਟਾ ਵੀ ਹਰ ਮਹੀਨੇ ਪੈਸੇ ਭੇਜਦਾ ਹੈ, ਪਰ ਮੈਂ ਫਿਰ ਵੀ ਕਦੇ-ਕਦਾਈਂ ਟੈਕਸ਼ੀ ਚਲਾਉਣ ਚਲਿਆ ਜਾਂਦਾ ਹਾਂ। ਜਦੋਂ ਟੈਕਸੀ ਚਲਾਉਣ ਜਾਂਦਾ ਹਾਂ ਤਾਂ ਪ੍ਰਭੂ ਮੂਹਰੇ ਬੇਨਤੀ ਕਰਕੇ ਜਾਨਾਂ ਕਿ ਅੰਗ-ਸੰਗ ਰਹੀਂ। ਇਹ ਖਤਰਨਾਕ ਕੰਮ ਐ। ਇੱਕ ਗੱਲ ਸਵੇਰੇ ਘਰੋਂ ਨਿਕਲਿਦਿਆਂ ਮਨ ਵਿਚ ਜ਼ਰੂਰ ਆਉਂਦੀ ਹੈ ਕਿ ਵਾਪਸ ਘਰ ਮੁੜ ਕੇ ਆਊਂਗਾ ਵੀ ਕਿ ਨਹੀਂ। ਪਰ ਫਿਰ ਵੀ ਪਤਾ ਨੀ ਕਿਓਂ ਟੈਕਸੀ ਚਲਾਉਣ ਬਿਨਾਂ ਰਿਹਾ ਨਹੀਂ ਜਾਂਦਾ। ਪੈਸੇ ਦਿੱਤੇ ਬਿਨ੍ਹਾਂ ਭੱਜਣ ਵਾਲੇ ਤਾਂ ਕਈ ਵਾਰੀ ਮਿਲੇ ਹਨ। ਨਿੱਕੇ-ਮੋਟੇ ਐਕਸੀਡੈਂਟ ਵੀ ਹੋਏ। ਪਰ ਇਕ ਘਟਨਾ ਨੂੰ ਯਾਦ ਕਰਕੇ ਹਾਲੇ ਵੀ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਇਕ ਵਾਰੀ ਪਿਛਲੀ ਸੀਟ 'ਤੇ ਬੈਠੀ ਇਕ ਸਵਾਰੀ ਨੇ ਮੇਰੀ ਸੀਟ ਬੈਲਟ ਪਿੱਛੋਂ ਖਿੱਚ ਲਈ। ਮੇਰਾ ਸਾਹ ਰੁਕਣ ਲੱਗਾ। ਮੇਰੇ ਪੈਰ ਚੁੱਕੇ ਗਏ। ਈਸ਼ਵਰ ਦੀ ਕ੍ਰਿਪਾ ਨਾਲ ਜਦੋਂ ਉਸ ਨੇ ਬੈਲਟ ਖਿੱਚੀ ਮੇਰਾ ਹੱਥ ਉਸ ਦੀ ਕੂਹਣੀ ਨੂੰ ਪੈ ਗਿਆ। ਮੈਂ ਉਹ ਪਿਛਾਂਹ ਧੱਕ ਦਿੱਤੀ। ਉਸਦੀ ਪਕੜ ਢਿੱਲੀ ਪੈ ਗਈ। ਪਰ ਮੇਰਾ ਗਲ਼ਾ ਫੁੱਲ ਗਿਆ। ਮੈਂ ਦੋ ਹਫ਼ਤੇ ਹਸਪਤਾਲ ਰਿਹਾ। ਉਹ ਪੈਸੇ ਲੈ ਕੇ ਭੱਜ ਗਿਆ। ਪੁਲੀਸ ਵੀ ਆਈ। ਐਂਬੂਲੈਂਸ ਆ ਕੇ ਮੈਨੂੰ ਹਸਪਤਾਲ ਲੈ ਗਈ। ਪਰ ਉਹ ਬੰਦਾ ਫੜਿਆ ਨੀ ਗਿਆ।

ਮੈਂ 1964 ਵਿਚ ਫਿਜੀ ਤੋਂ ਕਨੇਡਾ ਆਇਆ। ਪਹਿਲਾਂ ਮੈਂ ਇਕੱਲਾ ਆਇਆ ਸੀ ਫਿਰ 1965 ਵਿਚ ਆਪਣੇ ਬੀਵੀ-ਬੱਚਿਆਂ ਨੂੰ ਵੀ ਨਾਲ ਲੈ ਆਇਆ। ਸ਼ੁਰੂ 'ਚ ਮੈਂ ਦੋ ਥਾਵਾਂ 'ਤੇ ਕੰਮ ਕਰਦਾ ਸੀ। ਇੱਕ ਫੈਕਟਰੀ ਵਿਚ ਪੱਕੀ ਨੌਕਰੀ ਸੀ। ਲੋਹੇ ਨੂੰ ਪਾਲਿਸ਼ ਕਰਨ ਦਾ ਕੰਮ ਸੀ। ਕੰਮ ਬਹੁਤ ਭਾਰਾ ਸੀ। ਮੈਨੂੰ ਲੋਹੇ ਦੀ ਧੂੜ ਚੜ੍ਹਦੀ ਸੀ। ਸ਼ਨਿੱਚਰ-ਐਤਵਾਰ ਨੂੰ ਟੈਕਸੀ ਚਲਾਉਂਦਾ ਸੀ।

ਮੈਂ 1966-67 ਵਿਚ ਬਲੈਕ ਟਾਪ ਕੰਪਨੀ ਦੀ ਟੈਕਸੀ ਚਲਾਉਣ ਲੱਗਾਂ। ਫਿਜੀ ਵਿਚ ਵੀ ਮੈਂ ਟੈਕਸੀ ਚਲਾਉਂਦਾ ਸੀ। ਇੱਥੇ ਵੀ ਮੈਂ ਪੱਕੀ ਹੀ ਟੈਕਸੀ

ਚਲਾਉਣੀ ਚਾਹੁੰਦਾ ਸੀ। ਮੈਂ ਚਾਹੁੰਦਾ ਸੀ ਕਿ ਮੇਰੀ ਆਪਣੀ ਟੈਕਸੀ ਹੋਵੇ ਤਾਂ ਕਿ ਟੈਕਸੀ ਦੇ ਮਾਲਕ ਨੂੰ 55% *ਕਮਾਈ ਨਾ ਦੇਣੀ ਪਵੇ। ਪਰ ਕੰਪਨੀ ਵਾਲੇ ਮੈਨੂੰ ਟੈਕਸੀ ਵੇਚਦੇ ਨਹੀਂ ਸੀ। ਫਿਰ ਮੈਂ ਸਿਟੀ ਹਾਲ ਨੂੰ ਚਿੱਠੀ ਲਿਖੀ ਕਿ ਮੇਰੇ ਕੋਲ ਟੈਕਸੀ ਚਲਾਉਣ ਦਾ ਤਜਰਬਾ ਹੈ ਇਸ ਕਰਕੇ ਮੈਨੂੰ ਆਪਣੀ ਟੈਕਸੀ ਪਾਉਣ ਦਾ ਲਾਈਸੈਂਸ ਦਿੱਤਾ ਜਾਵੇ। ਉਨ੍ਹਾਂ ਨੇ ਜਵਾਬ ਲਿਖ ਭੇਜਿਆ ਕਿ ਅਸੀਂ ਟੈਕਸੀ ਦਾ ਨਵਾਂ ਲਾਈਸੈਂਸ ਨਹੀਂ ਦੇ ਸਕਦੇ। ਜੇ ਕੋਈ ਹੋਰ ਵੇਚਦਾ ਹੈ ਤਾਂ ਤੂੰ ਉਸ ਕੋਲੋਂ ਖਰੀਦ ਸਕਦਾ ਹੈਂ। ਜਿਸ ਗੋਰੇ ਦੀ ਮੈਂ ਵੀਕਐਂਡ 'ਤੇ ਟੈਕਸੀ ਚਲਾਉਂਦਾ ਸੀ, ਉਸ ਨੂੰ ਮੈਂ ਉਹ ਸਿਟੀ ਹਾਲ ਵਾਲੀ ਚਿੱਠੀ ਦਿਖਾਈ ਤੇ ਟੈਕਸੀ ਖ੍ਰੀਦਣ ਦੀ ਇੱਛਾ ਦੱਸੀ ਤਾਂ ਉਹ ਕਹਿੰਦਾ ਕਿ ਉਸਦੀ ਟੈਕਸੀ ਖ੍ਰੀਦ ਲਵਾਂ। ਮੈਂ ਟੈਕਸੀ ਖ੍ਰੀਦ ਲਈ। ਹੋਰ ਗੋਰੇ ਮਾਲਕ ਮੇਰੇ ਨਾਲ ਬਹੁਤ ਈਰਖਾ ਕਰਨ ਲੱਗੇ। ਉਹ ਆਖਣ ਕਿ ਮੈਂ ਟੈਕਸੀ ਨਹੀਂ ਖ੍ਰੀਦ ਸਕਦਾ। ਮੈਂ ਉਨ੍ਹਾਂ ਨੂੰ ਕਿਹਾ ਕਿ ਮੇਰੇ ਕੋਲ ਸਿਟੀ ਦੀ ਇਜਾਜ਼ਤ ਹੈ, ਤੁਸੀਂ ਕਿਵੇਂ ਰੋਕ ਲਵੋਂਗੇ। ਫਿਰ ਉਨ੍ਹਾਂ ਨੇ ਕੰਪਨੀ ਦਾ ਰੂਲ ਬਣਾਇਆ ਕਿ ਜੇ ਕਿਸੇ ਨਵੇਂ ਬੰਦੇ ਨੇ ਟੈਕਸੀ ਖ੍ਰੀਦਣੀ ਹੋਵੇ ਤਾਂ ਕੰਪਨੀ ਦੇ ਡਾਇਰੈਕਟਰਾਂ ਦੀ ਇਜਾਜ਼ਤ ਲੈਣੀ ਜ਼ਰੂਰੀ ਹੋਵੇਗੀ। ਨਾਲ ਦੀ ਨਾਲ ਉਨ੍ਹਾਂ ਨੇ ਮੈਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਕਿ ਕਿਵੇਂ ਨਾ ਕਿਵੇਂ ਇਸ ਨੂੰ ਕੱਢਿਆ ਜਾਵੇ। ਪਰ ਮੈਨੂੰ ਉਹ ਕੰਪਨੀ ਵਿੱਚੋਂ ਕੱਢ ਨਹੀਂ ਸਕਦੇ ਸੀ। ਮੈਂ ਟੈਕਸੀ ਦਾ ਮਾਲਕ ਸੀ। ਫਿਰ ਹੋਰ ਆਪਣੇ ਬੰਦੇ ਵੀ ਟੈਕਸੀਆਂ ਖ੍ਰੀਦਣ ਲੱਗ ਪਏ।

ਉਸ ਵੇਲੇ ਟੈਕਸੀ ਇੰਡਸਟਰੀ 'ਤੇ ਗਰੀਕ ਤੇ ਇਟਾਲੀਅਨ ਲੋਕਾਂ ਦਾ ਕਬਜ਼ਾ ਸੀ। ਵੈਨਕੂਵਰ ਦੀਆਂ ਹੋਰ ਟੈਕਸੀ ਕੰਪਨੀਆਂ ਜਿਵੇਂ ਯੈਲੋ ਕੈਬ ਵਾਲੇ ਭਾਰਤੀ ਮੂਲ ਦੇ ਲੋਕਾਂ ਨੂੰ ਡਰਾਈਵਰਾਂ ਤਾਂ ਰੱਖ ਲੈਂਦੇ ਸੀ ਪਰ ਉਨ੍ਹਾਂ ਨੂੰ ਟੈਕਸੀਆਂ ਨਹੀਂ ਸੀ ਵੇਚਦੇ ਤੇ ਐਡਵਾਂਸ ਕੈਬ ਕੰਪਨੀ ਵਾਲੇ ਤਾਂ ਆਪਣੇ ਲੋਕਾਂ ਨੂੰ ਡਰਾਈਵਰ ਵੀ ਨਹੀਂ ਸੀ ਰੱਖਦੇ।

ਪਹਿਲਾਂ ਅਨਪੜ੍ਹ ਤੇ ਸੁਸਤ ਕਿਸਮ ਦੇ ਬੰਦੇ ਟੈਕਸੀ ਚਲਾਉਂਦੇ ਸੀ। ਆਪਣੇ ਬੰਦੇ ਜਿਹੜੇ ਟੈਕਸੀ ਵਿਚ ਆਏ , ਉਹ ਪੜ੍ਹੇ ਲਿਖੇ ਹਨ। ਮੇਹਨਤੀ ਹਨ। ਗੋਰੇ ਡਰਾਈਵਰ ਸ਼ਨਿੱਚਰ-ਐਤਵਾਰ ਨੂੰ ਕੰਮ ਕਰਕੇ ਰਾਜ਼ੀ ਨਾ ਹੁੰਦੇ। ਅਸੀਂ ਤਾਂ ਘਰ ਬੈਠਦੇ ਹੀ ਨਹੀਂ ਸੀ। ਸੋਲ਼ਾਂ-ਸੋਲ਼ਾਂ, ਅਠਾਰਾਂ-ਅਠਾਰਾਂ ਘੰਟੇ ਟੈਕਸੀ ਚਲਾਉਂਦੇ। ਉਸ ਵਕਤ ਸੋਲ਼ਾਂ-ਅਠਾਰਾਂ ਘੰਟਿਆਂ ਵਿਚ ਪੰਤਾਲੀ -ਪੰਜਾਹ ਡਾਲਰ ਬਣ ਜਾਂਦੇ ਸਨ। ਇਹ ਉਨ੍ਹਾਂ ਵੇਲਿਆਂ ਵਿਚ ਬਹੁਤ ਹੁੰਦੇ ਸਨ। ਉਸ ਵੇਲੇ ਮੈਂ ਤਿੰਨ ਹਜ਼ਾਰ ਡਾਲਰ ਦੀ ਬਿਲਕੁਲ ਨਵੀਂ ਕਾਰ ਖ੍ਰੀਦ ਕੇ ਟੈਕਸੀ ਪਾਈ ਸੀ। ਪਹਿਲਾ ਪਰਮਿਟ ਮੈਂ ਉੱਨੀਂ ਹਜ਼ਾਰ ਡਾਲਰ ਵਿਚ ਖ੍ਰੀਦਿਆ ਸੀ। ਕੁਝ ਸਾਲ ਪਹਿਲਾਂ ਉਹ ਤਿੰਨ ਲੱਖ ਦਾ ਵੇਚਿਆ। ਇਕ ਪਰਮਿਟ ਮੈਂ ਪਹਿਲਾਂ ਵੇਚ ਦਿੱਤਾ ਸੀ ਦੋ ਲੱਖ ਪੈਂਤੀ ਹਜ਼ਾਰ 'ਚ। ਹੁਣ ਪੈਸੇ ਵੱਲੋਂ ਬਹੁਤ ਸੁਖੀ ਹਾਂ। ਕੰਮ ਸਾਰੀ ਉਮਰ ਡਟ ਕੇ ਕੀਤਾ ਹੈ। ਮੈਂ ਵਿਆਹ-ਸ਼ਾਦੀਆਂ ਤੇ ਹੋਰ ਫੰਕਸ਼ਨਾਂ ਵਿਚ ਵੀ ਨਹੀਂ ਸੀ ਜਾਂਦਾ। ਬੱਸ ਕੰਮ ਹੀ

ਕੰਮ। ਘਰਵਾਲੀ ਤੇ ਬੱਚਿਆਂ ਨੂੰ ਭੇਜ ਦਿੰਦਾ ਸੀ। ਮੈਂ ਸੋਚਦਾ ਸੀ ਕਿ ਬੱਚਿਆਂ ਖ਼ਾਤਿਰ ਏਥੇ ਆਏ ਹਾਂ ਤਾਂ ਬੱਚੇ ਚੰਗੀ ਵਿੱਦਿਆ ਪ੍ਰਾਪਤ ਕਰ ਜਾਣ। ਯੂਨੀਵਰਸਿਟੀ ਤੱਕ ਪੜ੍ਹ ਲੈਣ। ਕਦੇ ਛੁੱਟੀ ਕਰਨ ਬਾਰੇ ਸੋਚਿਆ ਵੀ ਨ੍ਹੀਂ ਸੀ। ਇਹ ਕੰਮ ਹੀ ਐਸਾ ਹੈ ਕਿ ਕੰਮ ਕਰੋਂਗੇ ਤਾਂ ਘਰ ਡਾਲਰ ਆਉਣਗੇ। ਨਾ ਕਿਸੇ ਛੁੱਟੀ ਦੀ ਤਨਖਾਹ ਮਿਲਣੀ ਹੈ ਨਾ ਕੋਈ ਬਿਮਾਰੀ ਦੀ ਛੁੱਟੀ । ਮੇਰੇ ਤਿੰਨ ਬੱਚੇ ਹਨ। ਵੱਡਾ ਬੇਟਾ ਬਹੁਤ ਵੱਡਾ ਡਾਕਟਰ ਹੈ। ਬਹੁਤ ਕਮਾਈ ਹੈ ਉਸਦੀ। ਮੈਨੂੰ ਬਹੁਤ ਆਦਰ ਦਿੰਦਾ ਹੈ। ਹੋਰਾਂ ਨੂੰ ਉਹ ਮਾਣ ਨਾਲ ਦੱਸਦਾ ਹੈ ਕਿ ਉਸਦੇ ਡੈਡੀ ਨੇ ਸਖਤ ਮੇਹਨਤ ਕਰਕੇ ਉਸ ਨੂੰ ਪੜ੍ਹਾਇਆ ਹੈ। ਹਰ ਮਹੀਨੇ ਉਹ ਮੈਨੂੰ 2500 ਡਾਲਰ ਭੇਜਦਾ ਹੈ। ਬੇਟੀ ਅਕਾਊਂਟੈਂਟ ਹੈ। ਉਸਦੀ ਸ਼ਾਦੀ ਇਕ ਪ੍ਰੋਫੈਸਰ ਨਾਲ ਹੋਈ ਵੀ ਹੈ। ਇਕ ਬੇਟੀ ਰਜਿਸਟਰਡ ਨਰਸ ਹੈ।

ਜਿਨ੍ਹਾਂ ਦਿਨਾਂ 'ਚ ਮੈਂ ਟੈਕਸੀ ਚਲਾਉਣੀ ਸ਼ੁਰੂ ਕੀਤੀ ਸੀ, ਉਨ੍ਹਾਂ ਦਿਨਾਂ ਵਿਚ ਪੱਖਪਾਤ ਬਹੁਤ ਹੁੰਦਾ ਸੀ। ਸਵੇਰੇ ਜਦੋਂ ਮੈਂ ਟੈਕਸੀ ਦੀ ਚਾਬੀ ਲੈਣ ਜਾਣਾ ਤਾਂ ਜਿਹੜਾ ਬੰਦਾ ਚਾਬੀ ਫੜਾਉਂਦਾ ਹੁੰਦਾ ਸੀ, ਉਸ ਨੇ ਕਲੋਰੈਸ ਦੀ ਗੋਲੀ (ਚਿਊ-ਗਮ) ਨਾਲ ਫੜਾ ਕੇ ਆਖਣਾ ਕਿ ਤੇਰੇ ਮੂੰਹ 'ਚੋਂ ਮੁਸ਼ਕ ਆਉਂਦਾ ਹੈ, ਪਹਿਲਾਂ ਇਹ ਚੱਬ। ਮੈਨੂੰ ਡਿਸਪੈਚਰ ਵੀ ਰੱਦੀ ਟ੍ਰਿੱਪ ਦਿੰਦਾ। ਗਰੋਸਰੀ ਸਟੋਰਾਂ ਤੋਂ। ਏਅਰਪੋਰਟ ਵਾਲੇ ਤੇ ਹੋਰ ਲੰਮੇ ਟ੍ਰਿੱਪ ਮੈਨੂੰ ਨਾ ਦਿੰਦਾ। ਉਸ ਵੇਲੇ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ। ਡਿਸਪੈਚਰ ਦੀ ਆਵਾਜ਼ ਸਾਰੀਆਂ ਟੈਕਸੀਆਂ 'ਚ ਸੁਣਦੀ। ਮੇਰੇ ਟ੍ਰਿੱਪ ਦੂਜੇ ਡਰਾਈਵਰ ਚੁੱਕ ਲਿਜਾਂਦੇ। ਮੈਂ ਜਦੋਂ ਸ਼ਿਕਾਇਤ ਕਰਦਾ ਤਾਂ ਕੋਈ ਸੁਣਵਾਈ ਨਹੀਂ ਸੀ ਹੁੰਦੀ। ਉਦੋਂ ਕਈ ਵਾਰੀ ਇਸ ਤਰ੍ਹਾਂ ਵੀ ਹੋਣਾ ਕਿ ਜਦੋਂ ਮੈਂ ਕਿਸੇ ਸਵਾਰੀ ਨੂੰ ਚੁੱਕਣ ਜਾਣਾ, ਉਸ ਨੇ ਵਾਪਸ ਭੇਜ ਦੇਣਾ ਕਿ ਮੈਨੂੰ ਨਹੀਂ ਹਿੰਦੂ ਡਰਾਈਵਰ ਦੀ ਟੈਕਸੀ ਚਾਹੀਦੀ।

ਹੁਣ ਭਾਵੇਂ ਪੱਖਪਾਤ ਬਹੁਤ ਘਟ ਗਿਆ ਹੈ। ਪਰ ਹੋਟਲਾਂ ਵਾਲਿਆਂ ਨਾਲ ਤੇ ਹੋਰ ਬਿਜ਼ਨਿਸ ਵਾਲਿਆਂ ਨਾਲ ਗੱਲਬਾਤ ਕਰਨ ਲਈ ਮੈਨੇਜਮੈਂਟ ਵਿਚ ਹਾਲੇ ਵੀ ਸਾਨੂੰ ਗੋਰੇ ਲੋਕਾਂ ਨੂੰ ਹੀ ਮੂਹਰੇ ਰੱਖਣਾ ਪੈਂਦਾ ਹੈ। ਪਰ ਅਸੀਂ ਉਨ੍ਹਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ। ਹੁਣ ਗੋਰੇ ਸਾਡੀਆਂ ਟੈਕਸੀਆਂ ਦੇ ਡਰਾਈਵਰ ਲੱਗੇ ਹੋਏ ਹਨ। ਇੱਕ ਵਾਰੀ ਇਕ ਗੋਰੇ ਡਰਾਈਵਰ ਨੇ ਮੇਰੇ ਘਰ ਟੈਕਸੀ ਛੱਡਣੀ ਸੀ। ਮੇਰਾ ਘਰ ਦੇਖ ਕੇ ਕਹਿੰਦਾ ਕਿ ਤੂੰ ਤਾਂ ਮਹਿਲ 'ਚ ਰਹਿਨੈਂ ਤੇ ਮੈਂ ,ਜਿਹੜਾ ਤੇਰੀ ਟੈਕਸੀ ਚਲਾਉਨੈਂ ਇਕ ਕਮਰੇ 'ਚ ਗੁਜ਼ਾਰਾ ਕਰਦਾਂ। ਤੂੰ ਫਿਰ ਵੀ ਕਮਾਈ ਦਾ 55 %* ਹਿੱਸਾ ਭਾਲਦੈਂ। ਮੈਂ ਓਹਨੂੰ ਕਿਹਾ ਕਿ ਇਹ ਮਹਿਲ ਐਵੇਂ ਨੀ ਬਣ ਗਿਆ। ਵਾਧੂ ਘਾਟੂ ਗੱਲ ਕਰਨ ਦੀ ਲੋੜ ਨੀ, ਜੇ ਟੈਕਸੀ ਚਲਾਉਣੀ ਐ ਤਾਂ ਚਲਾ, ਨਹੀਂ ਮੈਂ ਹੋਰ ਡਰਾਈਵਰ ਲੱਭ ਲਵਾਂਗਾ।

* ਬਲੈਕ ਟਾਪ ਕੰਪਨੀ ਵਿਚ ਮੀਟਰ 'ਤੇ ਚੱਲੇ ਕਰਾਏ ਦਾ 45% ਹਿੱਸਾ ਡਰਾਈਵਰ ਦਾ ਹੁੰਦਾ ਹੈ ਤੇ 55% ਹਿੱਸਾ ਟੈਕਸੀ ਮਾਲਕ ਦਾ।

# ਟੈਕਸੀ ਸਨਅੱਤ ਨੂੰ ਆਪਣਾ ਪੱਧਰ ਉੱਚਾ ਚੁੱਕਣਾ ਚਾਹੀਦਾ ਹੈ : ਪੀਟਰ ਬਰਾਅਏਂਟ

ਮੈਂ ਸਤੰਬਰ 1960 ਵਿਚ 21 ਸਾਲ ਦੀ ਉਮਰ ਵਿਚ ਬਲੈਕ ਟਾਪ ਕੰਪਨੀ ਨਾਲ ਟੈਕਸੀ ਚਲਾਉਣ ਲੱਗਾ ਸੀ। ਉਦੋਂ ਟੈਕਸੀ ਚਲਾਉਣ ਲਈ ਘੱਟੋ-ਘੱਟ 21 ਸਾਲ ਦਾ ਹੋਣਾ ਜ਼ਰੂਰੀ ਸੀ। ਮੈਂ ਜਨਵਰੀ 2001 ਤੱਕ ਇਸ ਕਿੱਤੇ ਨਾਲ ਸਿੱਧੇ ਤੌਰ ’ਤੇ ਜੁੜਿਆ ਰਿਹਾ। ਉਸ ਤੋਂ ਬਾਅਦ ਮੈਂ ਟੈਕਸੀ ਹੋਸਟ ਕੋਰਸ ਨੂੰ ਪੜ੍ਹਾਉਣ ਲੱਗ ਪਿਆ ਤੇ ਹੁਣ ਤੱਕ ਪੜ੍ਹਾ ਰਿਹਾ ਹਾਂ। ਹੁਣ ਵੀ ਕਦੇ-ਕਦੇ ਲਿਮੋਜ਼ੀਨ ਤੇ ਟੂਰ ਬੱਸ ਚਲਾ ਆਉਂਦਾ ਹਾਂ। ਟੈਕਸੀ ਸੇਵਾ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਵਿਚ ਯੋਗਦਾਨ ਪਾਉਂਦਾ ਰਹਿੰਦਾ ਹਾਂ।

ਮੈਂ ਕਨੇਡਾ ਵਿਚ ਹੀ ਜੰਮਿਆ-ਪਲਿਆ ਅਨਾਥ ਬੱਚਾ ਸੀ। ਚੌਦਾਂ ਸਾਲ ਦੀ ਉਮਰ ਵਿਚ ਮੈਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਕਈ ਕੰਮ ਕੀਤੇ। ਜਦੋਂ ਮੈਂ ਟੈਕਸੀ ਚਲਾਉਣੀ ਸ਼ੁਰੂ ਕੀਤੀ ਤਾਂ ਮੈਨੂੰ ਲੱਗਾ ਕਿ ਇਹ ਕੰਮ ਮੇਰੀ ਸ਼ਖ਼ਸੀਅਤ ਦੇ ਅਨੁਕੂਲ ਹੈ। ਛੇਤੀਂ ਹੀ ਮੈਂ ਟੈਕਸੀ ਡਿਸਪੇਚ ਦਾ ਕੰਮ ਸਿੱਖ ਗਿਆ ਅਤੇ ਡਿਸਪੈਚ ਕਰਨੀ ਸ਼ੁਰੂ ਕਰ ਦਿੱਤੀ। ਉਦੋਂ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ। ਇਹ ਕੰਮ ਬਹੁਤ ਔਖਾ ਸੀ। ਇਸ ਨੂੰ ਸਿੱਖਣ ਲਈ ਬਹੁਤ ਸਮਾਂ ਲੱਗਦਾ ਸੀ। ਇਸ ਸਿਖਲਾਈ ਦੌਰਾਨ ਕੋਈ ਪੈਸੇ ਨਹੀਂ ਸੀ ਮਿਲਦੇ। ਮੈਂ ਦਿਨੇ 12 ਘੰਟੇ ਟੈਕਸੀ ਚਲਾਉਂਦਾ ਤੇ ਰਾਤ ਨੂੰ ਡਿਸਪੈਚਰ ਦੇ ਕੋਲ ਜਾ ਬੈਠਦਾ। ਅੱਧੀ ਰਾਤ ਵਾਲੀ ਸ਼ਿਫ਼ਟ ਵੇਲੇ ਦਸ-ਬਾਰਾਂ ਟੈਕਸੀਆਂ ਰਹਿ ਜਾਂਦੀਆਂ ਤੇ ਕੰਮ ਦਾ ਜ਼ੋਰ ਨਾ ਹੁੰਦਾ। ਤਜਰਬੇਕਾਰ ਡਿਸਪੈਚਰ ਪ੍ਰਬੰਧ ਕਰਨ ਦੀ ਸਿੱਖਿਆ ਦਿੰਦਾ। ਸਾਰਿਆਂ ਨਾਲੋਂ ਵੱਡੀ ਗੱਲ ਉਹ ਡਿਸਪੈਚਰ ਦੇ ਅਧਿਕਾਰ ਨੂੰ ਵਰਤਣਾ ਸਿਖਾਉਂਦਾ। ਇਕ ਚੰਗਾ ਡਿਸਪੈਚਰ ਸਾਰੀ ਫਲੀਟ( ਉਸ ਦੀ ਨਿਗਰਾਨੀ ਹੇਠ ਚੱਲ ਰਹੀਆਂ ਟੈਕਸੀਆਂ) ’ਤੇ ਹੁਕਮ ਚਲਾਉਂਦਾ ਹੈ। ਇਸਦਾ ਉਸ ਨੂੰ ਪੂਰਾ ਅਧਿਕਾਰ ਹੁੰਦਾ ਹੈ। ਡਿਸਪੈਚਰ ਨੂੰ ਆਪਣਾ ਨਾਂ ਕਮਾਉਣਾ ਪੈਂਦਾ ਹੈ। ਜਿਹੜੇ ਡਿਸਪੈਚਰ ਆਪਣੇ ਅਧਿਕਾਰਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ, ਉਹ ਬਹੁਤਾ ਸਮਾਂ ਇਸ ਕਿੱਤੇ ਵਿਚ ਨਹੀਂ ਰਹਿੰਦੇ। ਉਸਦੀ ਇਮਾਨਦਾਰੀ ਅਤੇ ਯੋਗਤਾ ਉੱਪਰ ਉਂਗਲ ਨਹੀਂ ਉੱਠਣੀ ਚਾਹੀਦੀ।

ਡਿਸਪੈਚਰ ਦੇ ਤੌਰ 'ਤੇ ਕਈ ਅਜੇਹੇ ਫੈਸਲੇ ਕਰਨੇ ਪੈਂਦੇ ਹਨ ਕਿ ਉਸਦਾ ਕਿਸੇ ਨੂੰ ਮਾਲੀ ਨੁਕਸਾਨ ਹੋ ਸਕਦਾ ਹੈ। ਫਿਰ ਅਗਲਾ ਗੁੱਸੇ ਵਿਚ ਆ ਕੇ ਘਰ ਫੋਨ ਕਰਕੇ ਧਮਕੀਆਂ ਦਿੰਦਾ ਕਿ ਅਸੀਂ ਪੀਟਰ ਨੂੰ ਮਾਰ ਦੇਵਾਂਗੇ ਜਾਂ ਕੰਮ ਤੋਂ ਬਾਅਦ ਉਸ ਨੂੰ ਕੁੱਟਾਂਗੇ। ਇਸ ਤਰ੍ਹਾਂ ਦੀਆਂ ਧਮਕੀਆਂ ਤੋਂ ਮੇਰੇ ਘਰਵਾਲੀ ਡਰ ਜਾਂਦੀ ਤੇ ਮੈਨੂੰ ਆਖਦੀ ਕਿ ਮੈਂ ਇਸ ਕਿੱਤੇ ਤੋਂ ਪਾਸੇ ਹੋ ਜਾਵਾਂ। । ਪਰ ਇਹ ਸਭ ਇਸ ਕਿੱਤੇ ਦਾ ਹਿੱਸਾ ਹੀ ਹੈ। ਮੈਂ ਇਸ ਤਰ੍ਹਾਂ ਦੀਆਂ ਘਟਨਾਵਾਂ ਕਰਕੇ ਕਦੇ ਨਹੀਂ ਸੋਚਿਆ ਕਿ ਮੈਂ ਗਲਤ ਕਿੱਤੇ ਵਿਚ ਆ ਗਿਆ। ਮੈਂ ਬਹੁਤ ਸ਼ਰਮਾਕਲ਼ ਬੱਚਾ ਹੁੰਦਾ ਸੀ। ਲੋਕਾਂ ਨਾਲ ਗੱਲ ਕਰਨ ਲੱਗਾ ਡਰਦਾ। ਪਰ ਟੈਕਸੀ ਚਲਾਉਣ ਨਾਲ ਮੇਰੀ ਇਹ ਸੰਗ ਖੁੱਲ੍ਹੀ ਤੇ ਮੈਂ ਲੋਕਾਂ ਨਾਲ ਗੱਲਾਂ ਕਰਕੇ ਲੁਤਫ ਲੈਂਦਾ। ਬਹੁਤ ਕੁਝ ਸਿਖਿਆਇਆ ਹੈ ਮੈਨੂੰ ਇਸ ਕਿੱਤੇ ਨੇ।

ਸੱਠਵਿਆਂ ਵਿਚ ਬਲੈਕ ਟਾਪ ਕੋਲ ਅੱਸੀ ਕੁ ਟੈਕਸੀਆਂ ਹੁੰਦੀਆਂ ਸਨ। ਟੈਕਸੀਆਂ ਦਾ ਪ੍ਰਬੰਧ ਬਹੁਤ ਕੁਸ਼ਲਤਾ ਨਾਲ ਕੀਤਾ ਜਾਂਦਾ ਸੀ ਤਾਂ ਕਿ ਡਰਾਈਵਰ ਕਮਾਈ ਵੀ ਚੰਗੀ ਕਰ ਲੈਣ ਅਤੇ ਗਾਹਕਾਂ ਨੂੰ ਬਹੁਤੀ ਉਡੀਕ ਵੀ ਨਾ ਕਰਨੀ ਪਵੇ ਤਾਂ ਕਿ ਕੰਪਨੀ ਦੀ ਚੰਗੀ ਸਾਖ਼ ਬਣੀ ਰਹੇ। ਸ਼ਿਫਟਾਂ ਇਸ ਤਰੀਕੇ ਨਾਲ ਸੈੱਟ ਕਰਦੇ ਕਿ ਜਦੋਂ ਰੁਝੇਵੇਂ ਵਾਲਾ ਸਮਾਂ ਹੁੰਦਾ, ਉਦੋਂ ਵੱਧ ਤੋਂ ਵੱਧ ਟੈਕਸੀਆਂ ਸੜਕ ਉੱਪਰ ਹੁੰਦੀਆਂ ਤੇ ਜਦੋਂ ਕੰਮ ਘੱਟ ਹੋਣਾ ਉਦੋਂ ਟੈਕਸੀਆਂ ਦੀ ਗਿਣਤੀ ਘਟਾ ਦੇਣੀ। ਇਨ੍ਹਾਂ ਅਸੂਲਾਂ ਦਾ ਡਰਾਈਵਰ ਪਾਲਣ ਵੀ ਕਰਦੇ। ਹੁਣ ਤਾਂ ਇਕ ਟੈਕਸੀ ਦੇ ਦੋ-ਦੋ ਮਾਲਕ ਹਨ। ਉਦੋਂ ਪੰਜ-ਚਾਰ ਜਣੇ ਹੀ ਸਾਰੀ ਕੰਪਨੀ ਦੇ ਮਾਲਕ ਹੁੰਦੇ। ਕਿਸੇ ਕੋਲ ਦਸ ਟੈਕਸੀਆਂ ਹੁੰਦੀਆਂ ਤੇ ਕਿਸੇ ਕੋਲ ਬਾਰ੍ਹਾਂ। ਸਮੇਂ ਦੇ ਬਦਲਣ ਨਾਲ ਹੁਣ ਬਹੁਤ ਬਦਲਾਅ ਆ ਗਿਆ ਹੈ। ਮੇਰੇ ਤੋਂ ਪਹਿਲਾਂ ਦੇ ਸਮਿਆਂ ਵਿਚ ਡਰਾਈਵਰਾਂ ਕੋਲ ਆਪਣੇ ਲਾਈਸੈਂਸ ਹੁੰਦੇ ਸਨ। ਜਿਵੇਂ ਜੋਅ'ਸ ਟੈਕਸੀ, ਟੌਮ'ਸ ਟੈਕਸੀ। ਇਨ੍ਹਾਂ ਦੀਆਂ ਆਪਣੀਆਂ ਕਾਰਾਂ ਸਨ ਤੇ ਇਨ੍ਹਾਂ ਨੂੰ ਨਗਰਪਾਲਿਕਾ ਨੇ ਆਪਣੇ-ਆਪਣੇ ਅੱਡੇ ਦਿੱਤੇ ਹੁੰਦੇ ਸਨ। ਉਹ ਉਸ ਅੱਡੇ ਤੋਂ ਹੀ ਕੰਮ ਕਰਦੇ। ਸਮੇਂ ਦੇ ਨਾਲ ਨਾਲ ਇਨ੍ਹਾਂ ਡਰਾਈਵਰਾਂ ਨੇ ਇਕ-ਦੂਜੇ ਨਾਲ ਭਾਈਵਾਲੀ ਪਾਉਣੀ ਸ਼ੁਰੂ ਕਰ ਦਿੱਤੀ। ਉਹ ਇੱਕ-ਦੂਜੇ ਦੇ ਅੱਡੇ ਨੂੰ ਵਰਤਣ ਲਈ ਸੰਧੀ ਕਰ ਲੈਂਦੇ। ਫਿਰ ਕਈ ਵਾਰ ਇਸ ਤਰ੍ਹਾਂ ਹੁੰਦਾ ਕਿ ਕੋਈ ਟੈਕਸੀ ਵਾਲਾ ਦੂਜਿਆਂ ਨਾਲ ਗੁੱਸੇ ਹੋ ਜਾਂਦਾ ਤੇ ਉਹ ਆਪਣੇ ਨਾਲ ਹੋਰ ਭਾਈਬੰਦ ਰਲ਼ਾ ਲੈਂਦਾ ਤੇ ਉਹ ਆਪਣੀਆਂ ਟੈਕਸੀਆਂ ਕਿਸੇ ਹੋਰ ਨਾਲ ਰਲ਼ਾ ਲੈਂਦੇ। ਇਸ ਤਰਾਂ ਕੁਝ ਸਥਿਰ ਨਹੀਂ ਸੀ। ਜਿਸ ਕੰਪਨੀ ਨਾਲੋਂ ਉਹ ਪਾਸੇ ਹੋਏ ਹੁੰਦੇ ਉਹ ਕੰਪਨੀ ਡਾਵਾਂਡੋਲ ਹੋ ਜਾਂਦੀ। ਸਥਿਰਤਾ ਲਿਆਉਣ ਲਈ ਟੈਕਸੀ ਕੰਪਨੀਆਂ ਬਣਨੀਆਂ ਜ਼ਰੂਰੀ ਸਨ । ਕੁਝ ਟੈਕਸੀ ਵਾਲਿਆਂ ਨੇ ਰਲ਼ ਕੇ ਕੰਪਨੀ ਬਣਾ ਲੈਣੀ। ਉਨ੍ਹਾਂ ਆਪਣੇ ਲਾਈਸੈਂਸ ਕੰਪਨੀ ਦੇ ਨਾਂ ਕਰ ਦੇਣੇ ਅਤੇ ਕੰਪਨੀ ਨੇ ਉਨ੍ਹਾਂ ਨੂੰ ਹਿੱਸੇ ਦੇ ਦੇਣੇ। ਇਸ ਨਾਲ ਜੇ ਕੋਈ ਹਿੱਸੇਦਾਰ ਦੂਜਿਆਂ ਨਾਲ ਨਾਰਾਜ਼ ਹੋ ਜਾਂਦਾ ਤਾਂ ਉਹ ਆਪਣਾ ਹਿੱਸਾ ਵੇਚ ਕੇ ਕਿਸੇ ਹੋਰ ਕੰਪਨੀ ਕੋਲੋਂ ਖ਼੍ਰੀਦ

ਸਕਦਾ ਸੀ ਪਰ ਆਪਣੇ ਲਾਈਸੈਂਸ ਦੂਜੀ ਕੰਪਨੀ ਕੋਲ ਨਹੀਂ ਸੀ ਲਿਜਾ ਸਕਦਾ। ਇਸ ਤਰ੍ਹਾਂ ਟੈਕਸੀ ਕੰਪਨੀਆਂ ਹੋਂਦ ਵਿਚ ਆਉਣ ਲੱਗੀਆਂ। । ਫਿਰ ਕੁਝ ਵੱਡੀਆਂ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਨੂੰ ਆਪਣੇ ਵਿਚ ਸਮਾਅ ਲਿਆ।

ਪਹਿਲੇ ਸਮਿਆਂ ਵਿਚ ਲੋਕੀਂ ਟੈਕਸੀ ਲੈਣ ਲਈ ਟੈਕਸੀ ਅੱਡਿਆਂ 'ਤੇ ਜਾਂਦੇ। ਉਨ੍ਹਾਂ ਨੂੰ ਪਤਾ ਹੁੰਦਾ ਕਿ ਫਲਾਣੇ ਥਾਂ ਟੈਕਸੀ ਖੜ੍ਹੀ ਹੁੰਦੀ ਹੈ। ਜੇ ਉੱਥੇ ਟੈਕਸੀ ਨਾ ਹੁੰਦੀ ਤਾਂ ਉੱਥੇ ਟੈਕਸੀ ਦੇ ਦਫਤਰ ਨਾਲ ਸਿੱਧਾ ਫੋਨ ਲੱਗਾ ਹੁੰਦਾ। ਉਹ ਫੋਨ ਰਾਹੀਂ ਦੱਸ ਦਿੰਦੇ ਕਿ ਅਸੀਂ ਉੱਥੇ ਉਡੀਕ ਕਰ ਰਹੇ ਹਾਂ। ਡਿਸਪੈਚਰ ਉੱਥੇ ਟੈਕਸੀ ਭੇਜ ਦਿੰਦੇ।

ਵੈਨਕੂਵਰ ਵਿਚ, ਹੋ ਸਕਦਾ ਹੈ ਕਿ ਹੋਰ ਸ਼ਹਿਰਾਂ ਵਿਚ ਵੀ, ਟੈਕਸੀ ਦੇ ਕਿੱਤੇ ਨਾਲ ਪ੍ਰਵਾਸੀ ਲੋਕ ਜੁੜੇ ਰਹੇ ਹਨ। ਨਵੇਂ ਦੇਸ਼ ਵਿਚ ਸ਼ੁਰੂਆਤ ਦੇ ਦਿਨਾਂ ਵਿਚ ਇਹ ਕੰਮ ਹੈ ਵੀ ਵਧੀਆ, ਜਿੰਨਾਂ ਚਿਰ ਕਿਸੇ ਕੋਲ ਕੋਈ ਹੋਰ ਹੁਨਰ ਨਹੀਂ ਆ ਜਾਂਦਾ। ਕਈ ਲਗਾਤਾਰ ਚਲਾਉਂਦੇ ਰਹਿੰਦੇ ਹਨ। ਕਈ ਆਪਣੀ ਲਾਈਨ ਦਾ ਕੰਮ ਲੱਭ ਕੇ ਇਸ ਕਿੱਤੇ ਨਾਲੋਂ ਪਾਸੇ ਹੋ ਜਾਂਦੇ ਹਨ। ਜਦੋਂ ਮੈਂ ਟੈਕਸੀ ਚਲਾਉਣ ਲੱਗਾ, ਉਦੋਂ ਇਸ ਕਿੱਤੇ 'ਤੇ ਇਟਾਲੀਅਨ ਤੇ ਗਰੀਕ ਲੋਕਾਂ ਦਾ ਕਬਜ਼ਾ ਸੀ। ਜਿਵੇਂ ਸਭ ਨੂੰ ਪਤਾ ਹੀ ਹੈ ਕਿ ਹੁਣ ਇੰਡੋ-ਕਨੇਡੀਅਨ ਲੋਕ ਛਾਏ ਹੋਏ ਹਨ। ਪਰ ਪਿਛਲੇ ਦਸ ਕੁ ਸਾਲਾਂ ਤੋਂ ਥੋੜ੍ਹਾ ਜਿਹਾ ਬਦਲਾਵ ਆਉਂਦਾ ਲੱਗ ਰਿਹਾ ਹੈ। ਹੁਣ ਬਹੁਤ ਸਾਰੇ ਇਰਾਨੀਅਨ ਤੇ ਸੁਮਾਲੀਅਨ ਲੋਕ ਵੀ ਇਸ ਕਿੱਤੇ ਵੱਲ ਆ ਰਹੇ ਹਨ। ਪਰ ਇੰਡੀਆ ਵੱਲੋਂ ਪ੍ਰਵਾਸ ਦਾ ਜ਼ੋਰ ਘੱਟ ਨਹੀਂ ਹੋਇਆ ਇਸ ਕਰਕੇ ਹਾਲੇ ਇੰਡੋ-ਕਨੇਡੀਅਨ ਲੋਕ ਹੀ ਪ੍ਰਮੁੱਖ ਹਨ। ਪਿਛਲੇ ਚਾਲੀ-ਪੰਜਾਹ ਸਾਲਾਂ ਤੋਂ ਮੈਂ ਇਹੀ ਨੋਟ ਕੀਤਾ ਹੈ ਕਿ ਪ੍ਰਵਾਸੀਆਂ ਦੀ ਦੂਜੀ ਪੀੜ੍ਹੀ ਇਸ ਕਿੱਤੇ ਵਿਚ ਨਹੀਂ ਆਉਂਦੀ। ਉਹ ਹੋਰ ਹੁਨਰਾਂ ਵਾਲੇ ਕੰਮਾਂ ਨਾਲ ਜੁੜ ਜਾਂਦੀ ਹੈ। ਅਜੀਤ ਥਾਂਦੀ ਪਹਿਲਾ ਇੰਡੋਕਨੇਡੀਅਨ ਸੀ, ਜਿਹੜਾ ਬਲੈਕ ਟਾਪ ਟੈਕਸੀ ਚਲਾਉਣ ਲੱਗਾ। ਉਹ ਵੀ ਬਾਕੀਆਂ ਵਾਂਗ ਡਰਾਈਵਰ ਦੇ ਤੌਰ ਤੇ ਹੀ ਇਸ ਕਿੱਤੇ ਵਿਚ ਆਇਆ। ਉਦੋਂ ਇਸ ਤਰ੍ਹਾਂ ਨਹੀਂ ਸੀ ਹੁੰਦਾ ਕਿ ਕੋਈ ਆਖੇ ਕਿ ਮੇਰੇ ਕੋਲ ਧਨ ਹੈ ਤੇ ਮੈਂ ਟੈਕਸੀ ਦਾ ਲਾਈਸੈਂਸ ਖ੍ਰੀਦਣਾ ਹੈ। ਆਪਣਾ ਲਾਈਸੈਂਸ ਲੈਣ ਲਈ ਘੱਟੋ-ਘੱਟ ਦੋ ਸਾਲ ਲਗਾਤਾਰ ਹਫਤੇ 'ਚ ਪੰਜ ਦਿਨ ਟੈਕਸੀ ਚਲਾਉਣੀ ਜ਼ਰੂਰੀ ਹੁੰਦੀ ਸੀ। ਫਿਰ ਉਹ ਪ੍ਰਬੰਧਕ ਕਮੇਟੀ ਕੋਲ ਲਾਈਸੈਂਸ ਖ੍ਰੀਦਣ ਲਈ ਅਰਜ਼ੀ ਦੇ ਸਕਦਾ ਸੀ। ਪ੍ਰਬੰਧਕ ਬਾਕੀ ਡਰਾਈਵਰਾਂ ਅਤੇ ਡਿਸਪੈਚਰ ਨੂੰ ਪੁੱਛਦੇ ਕਿ ਇਹ ਬੰਦਾ ਕੰਮ-ਕਾਰ ਨੂੰ ਕਿਸ ਤਰ੍ਹਾਂ ਹੈ, ਗਾਹਕਾਂ ਪ੍ਰਤੀ ਇਸਦਾ ਕੀ ਵਤੀਰਾ ਹੈ, ਕੀ ਗਾਹਕ ਇਸ ਨੂੰ ਪਸੰਦ ਕਰਦੇ ਹਨ ਵਗੈਰਾ। ਜੇ ਉਹ ਟੈਕਸੀ ਸਨਅਤ ਦੇ ਮਿਆਰ 'ਤੇ ਪੂਰਾ ਉੱਤਰਦਾ ਤਾਂ ਉਸ ਨੂੰ ਪ੍ਰਬੰਧਕ ਕਮੇਟੀ ਕੰਪਨੀ ਵਿਚ ਟੈਕਸੀ ਲਾਈਸੈਂਸ ਖ੍ਰੀਦਣ ਦੀ ਇਜ਼ਾਜਤ ਦੇ ਦਿੰਦੀ ਜੇ ਕੋਈ ਹੋਰ ਵੇਚਦਾ ਹੁੰਦਾ। ਮੇਰੇ ਖਿਆਲ ਵਿਚ ਨਸਲ ਨੂੰ ਧਿਆਨ

ਵਿਚ ਨਹੀਂ ਸੀ ਰੱਖਿਆ ਜਾਂਦਾ। ਮੈਂ ਕਦੇ ਨਹੀਂ ਸੀ ਸੁਣਿਆ ਕਿ ਫਲਾਣੇ ਬੰਦੇ ਨੂੰ ਲਾਈਸੈਂਸ ਨਹੀਂ ਖ੍ਰੀਦਣ ਦੇਣਾ ਕਿਉਂ ਕਿ ਉਸਦੀ ਚਮੜੀ ਦਾ ਰੰਗ ਹੋਰ ਹੈ। ਕਿਸੇ ਦੇ ਵਿਅਕਤੀਤਵ ਕਰਕੇ ਉਸ ਨੂੰ ਜਵਾਬ ਮਿਲ ਸਕਦਾ ਸੀ। ਕਿਸੇ ਇਕ ਅੱਧੇ ਦੇ ਦਿਮਾਗ ਵਿਚ ਨਸਲਵਾਦ ਦਾ ਕੀੜਾ ਹੋ ਸਕਦਾ ਹੈ ਪਰ ਸਾਰੀ ਸਨਅਤ 'ਤੇ ਇਹ ਦੋਸ਼ ਲਾ ਦੇਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ। ਇਸ ਤੋਂ ਉਲਟ ਜੇ ਗੱਲ ਕਰਨੀ ਹੋਵੇ ਤਾਂ ਜਿਸ ਵਕਤ ਇੰਡੋ-ਕਨੇਡੀਅਨ ਲੋਕਾਂ ਦਾ ਇਸ ਸਨਅੱਤ 'ਤੇ ਪੂਰਾ ਕਬਜ਼ਾ ਸੀ, ਉਸ ਵੇਲੇ ਮੈਂ ਆਪਣੇ ਦਫਤਰ ਵਿਚ ਕੰਪਿਊਟਰ ਸਕਰੀਨ ਦੇ ਪਿੱਛੇ ਬੈਠਾ ਸੀ। ਦੋ ਇੰਡੋ-ਕਨੇਡੀਅਨ ਬੰਦੇ, ਮੈਂ ਉਨ੍ਹਾਂ ਦੇ ਨਾਮ ਨਹੀਂ ਲਵਾਂਗਾ ਉਨ੍ਹਾਂ ਸਮਝਿਆ ਕਿ ਮੈਂ ਉੱਥੇ ਨਹੀਂ। ਉਨ੍ਹਾਂ ਚੋਂ ਇੱਕ ਆਖਣ ਲੱਗਾ ਕਿ ਕਿਸੇ ਦਿਨ ਆਪਾਂ ਇਨ੍ਹਾਂ ਸਾਰੇ ਗੋਰਿਆਂ ਨੂੰ ਇਸ ਦਫਤਰ 'ਚੋਂ ਬਾਹਰ ਧੱਕ ਦੇਣਾ ਹੈ। ਮੈਂ ਸੋਚਿਆ ਕਿ ਇਹ ਨਸਲਵਾਦੀ ਗੱਲ ਹੈ। ਇਸ ਨੇ ਨਿੱਜੀ ਤੌਰ ਤੇ ਮੈਨੂੰ ਦੁੱਖ ਪਹੁੰਚਾਇਆ। ਪਰ ਅਜੇਹੀ ਕਿਸਮ ਦੇ ਬੰਦੇ ਸਾਰੇ ਭਾਈਚਾਰਿਆਂ ਵਿਚ ਹੁੰਦੇ ਹਨ। । ਮੇਰੇ ਖਿਆਲ ਵਿਚ ਟੈਕਸੀ ਦਾ ਕਿੱਤਾ ਸਭ ਨਾਲੋਂ ਘੱਟ ਨਸਲਵਾਦੀ ਹੈ। ਇਸ ਵਿਚ ਦੁਨੀਆਂ ਦੇ ਸਭ ਕੋਨਿਆਂ ਤੋਂ ਲੋਕ ਹੁੰਦੇ ਹਨ। ਮੈਨੂੰ ਚੇਤੇ ਹੈ ਜਦੋਂ ਅਜੀਤ ਥਾਂਦੀ ਨੇ ਆਪਣਾ ਲਾਈਸੈਂਸ ਖ੍ਰਦਿਆ ਸੀ। ਇਸ ਤਰ੍ਹਾਂ ਦੀ ਕੋਈ ਵੀ ਗੱਲਬਾਤ ਨਹੀਂ ਸੀ। ਸਗੋਂ ਅਜੀਤ ਵਰਗੇ ਮਿਲਣਸਾਰ,ਸਾਫ਼, ਮੇਹਨਤੀ ਤੇ ਦੂਜਿਆਂ ਦੀ ਇਜ਼ੱਤ ਕਰਨ ਵਾਲੇ ਤੇ ਚੰਗੀ ਅੰਗ੍ਰੇਜ਼ੀ ਵਾਲੇ ਬੰਦੇ ਨੂੰ ਕੋਈ ਵੀ ਟੈਕਸੀ ਕੰਪਨੀ ਆਪਣੇ ਨਾਲ ਰਲਾਉਣ ਵਿਚ ਖੁਸ਼ੀ ਮਹਿਸੂਸ ਕਰਦੀ। ਡਿਸਪੈਚਰਾਂ 'ਤੇ ਵੀ ਇਹ ਦੋਸ਼ ਲੱਗ ਜਾਂਦਾ ਹੈ ਕਿ ਉਹ ਆਪਣੇ ਦੋਸਤਾਂ ਨੂੰ ਚੰਗੇ ਟਰਿੱਪ ਦੇ ਦਿੰਦੇ ਹਨ। ਜਦੋਂ ਤੁਹਾਡਾ ਐਨੇ ਡਰਾਈਵਰਾਂ ਨਾਲ ਵਾਹ ਪੈਂਦਾ ਹੈ ਤਾਂ ਕੋਈ ਨਾ ਕੋਈ ਦੋਸ਼ ਤਾਂ ਲੱਗਣਾ ਹੀ ਹੁੰਦਾ ਹੈ। ਮੈਂ ਆਪ ਬਹੁਤ ਸਾਲ ਡਿਸਪੈਚ ਕੀਤੀ ਹੈ। ਜੇ ਮੈਂ ਕਦੇ ਕਿਸੇ ਨਾਲ ਵਿਤਕਰਾ ਕੀਤਾ ਹੋਵੇ ਤਾਂ ਮੈਂ ਐਥੇ ਬੈਠਾ ਹੀ ਗਰਕ ਜਾਂਵਾਂ ਤੇ ਰੱਬ ਮੈਨੂੰ ਹਮੇਸ਼ਾਂ ਨਰਕਾਂ ਵਿਚ ਭੇਜ ਦੇਵੇ। ਉਸ ਵੇਲੇ ਡਿਸਪੈਚਰ ਕੋਲ ਇਹੋ-ਜਿਹੀਆਂ ਗੱਲਾਂ ਸੋਚਣ ਦਾ ਮੌਕਾ ਹੀ ਕਦੋਂ ਹੁੰਦਾ ਹੈ। ਹਾਂ, ਮੈਂ ਵਿਤਕਰਾ ਕਰਦਾ ਸੀ ਜਦੋਂ ਕਦੇ ਕੋਈ ਮੌਕਾ ਆਉਂਦਾ ਸੀ। ਪਰ ਉਹ ਸਿਰਫ਼ ਇਸ ਅਧਾਰ 'ਤੇ ਹੁੰਦਾ ਸੀ ਕਿ ਕੀ ਇਹ ਡਰਾਈਵਰ ਇਹ ਕੰਮ ਕਰ ਲਵੇਗਾ ਜਿਸ ਨੂੰ ਕਰਨ ਲਈ ਮੈਂ ਇਸ ਨੂੰ ਭੇਜ ਰਿਹਾ ਹਾਂ। ਗੱਲ ਨੂੰ ਸਾਫ਼ ਕਰਨ ਲਈ ਮੈਂ ਦੱਸਦਾ ਹਾਂ: ਮੰਨ ਲਓ ਕੋਈ ਕੰਪਨੀ ਦਾ ਪੁਰਾਣਾ ਗਾਹਕ ਹੈ। ਉਹ ਕਿਸੇ ਵਿਉਪਾਰ ਦਾ ਮਾਲਕ ਹੈ। ਟੈਕਸੀ ਕੰਪਨੀ ਨਾਲ ਉਸਦੀ ਵਪਾਰਕ ਸੰਧੀ ਹੈ ਅਤੇ ਉਹ ਹਫ਼ਤੇ ਵਿਚ ਕਈ ਵਾਰ ਟੈਕਸੀ ਕਿਰਾਏ 'ਤੇ ਸੱਦਦੇ ਹਨ। ਕਿਸੇ ਦਿਨ ਉਨ੍ਹਾਂ ਨੇ ਕੋਈ ਚੀਜ਼ ਬਹੁਤ ਛੇਤੀ ਵਿਚ ਠੀਕ ਥਾਂ 'ਤੇ ਪੁੱਜਦੀ ਕਰਨੀ ਹੈ। ਉਸ ਵੇਲੇ ਮੈਂ ਜ਼ਰੂਰ ਸੋਚਾਂਗਾ ਕਿ ਇਹ ਜਿਸ ਡਰਾਈਵਰ ਨੂੰ ਮੈਂ ਭੇਜ ਰਿਹਾਂ ਹਾਂ ਕਿਤੇ ਇਹ ਨਵਾਂ ਤਾਂ ਨਹੀਂ ਜਾਂ ਕਿਤੇ ਅਜੇਹਾ ਡਰਾਈਵਰ ਤਾਂ ਨਹੀਂ ਜਿਸ ਨੂੰ ਅਕਸਰ ਰਾਹ ਲੱਭਣ ਵਿਚ ਔਖਿਆਈ ਆਉਂਦੀ ਹੋਵੇ। ਉਸ ਵੇਲੇ ਡਿਸਪੈਚਰ ਦੇ ਤੌਰ 'ਤੇ ਮੇਰੇ ਦਿਮਾਗ

ਵਿਚ ਉਹ ਗਾਹਕ ਹੋਵੇਗਾ ਜਿਸ ਨੂੰ ਗਵਾਉਣ ਨਾਲ ਟੈਕਸੀ ਕੰਪਨੀ ਨੂੰ ਵਧੀਆ ਗਾਹਕ ਗਵਾਉਣ ਦਾ ਖਤਰਾ ਹੋਵੇ। ਉਸ ਵਿਤਕਰੇ ਨੂੰ ਤੁਸੀਂ ਕੋਈ ਵੀ ਨਾਂ ਦੇ ਦਿਓ। ਹੋ ਸਕਦਾ ਹੈ ਕਿ ਕੋਈ ਡਰਾਈਵਰ ਇਸ ਨੂੰ ਨਸਲਵਾਦ ਆਖ ਕੇ ਇਲਜ਼ਾਮ ਲਾ ਦੇਵੇ। ਹਾਂ, ਬਹੁਤ ਪਹਿਲਾਂ ਇਸ ਤਰ੍ਹਾਂ ਕਈ ਵਾਰ ਹੋਣਾ ਕਿ ਕਿਸੇ ਗਾਹਕ ਨੇ ਫੋਨ ਕਰਨਾ ਕਿ ਮੈਨੂੰ ਭੂਰੀ ਚਮੜੀ ਵਾਲਾ ਡਰਾਈਵਰ ਨਾ ਭੇਜਿਓ। ਅਸੀਂ ਇਸ ਤਰ੍ਹਾਂ ਦੇ ਗਾਹਕਾਂ ਨੂੰ ਟੈਕਸੀ ਭੇਜਦੇ ਹੀ ਨਹੀਂ ਸੀ।ਟੈਕਸੀ ਕੰਪਨੀ ਆਪਣੇ ਡਰਾਈਵਰਾਂ ਦੀ ਪਿੱਠ 'ਤੇ ਖੜ੍ਹਦੀ ਸੀ। ਗਾਹਕ ਨੂੰ ਅਸੀਂ ਆਖ ਦੇਣਾ ਕਿ ਟੈਕਸੀ ਆ ਰਹੀ ਹੈ। ਉਡੀਕ ਕੇ ਉਸ ਨੇ ਫਿਰ ਫੋਨ ਕਰਨਾ ਅਸੀਂ ਫਿਰ ਆਖ ਦੇਣਾ ਕਿ ਆ ਰਹੀ ਹੈ। ਫਿਰ ਜਦੋਂ ਗਾਹਕ ਨੂੰ ਹੱਥ ਲੱਗ ਜਾਂਦੇ ਤਾਂ ਉਸਦੇ ਨਿੱਕੇ ਦਿਮਾਗ ਵਿਚ ਇਹ ਗੱਲ ਆ ਜਾਂਦੀ ਕਿ ਅਸੀਂ ਕਿਓਂ ਨਹੀਂ ਟੈਕਸੀ ਭੇਜੀ। ਪਰ ਜੇ ਕੋਈ ਗਾਹਕ ਆਖਦਾ ਕਿ ਫਲਾਣੇ ਨੰਬਰ ਦੀ ਕੈਬ ਮੈਨੂੰ ਨਾ ਭੇਜੋ ਤਾਂ ਅਸੀਂ ਉਸ ਨੰਬਰ ਦੀ ਕੈਬ ਨ੍ਹੀਂ ਸੀ ਭੇਜਦੇ। ਹੋ ਸਕਦਾ ਹੈ ਕਿ ਕਦੇ ਉਸ ਡਰਾਈਵਰ ਨਾਲ ਗਾਹਕ ਦਾ ਮਾੜਾ ਤਜਰਬਾ ਹੋਵੇ, ਪਰ ਜੇ ਕੋਈ ਨਸਲ ਦੇ ਅਧਾਰ 'ਤੇ ਕਹਿੰਦਾ ਤਾਂ ਅਸੀਂ ਬਿਲਕੁਲ ਹੋਰ ਟੈਕਸੀ ਨਹੀਂ ਸੀ ਭੇਜਦੇ। ਡਰਾਈਵਰ ਵੀ ਬਹੁਤ ਤਰ੍ਹਾਂ ਦੇ ਹੁੰਦੇ ਹਨ। ਕਈ ਬਹੁਤ ਹੀ ਪੜ੍ਹੇ ਲਿਖੇ। ਮੈਂ ਕਈ ਡਾਕਟਰਾ, ਵਕੀਲਾਂ ਅਤੇ ਜੱਜਾਂ ਨੂੰ ਜਾਣਦਾ ਹਾਂ, ਜਿਨ੍ਹਾਂ ਨੇ ਜਿੰਦਗੀ ਵਿਚ ਕਦੇ ਟੈਕਸੀ ਚਲਾਈ ਸੀ। ਤੇ ਕਈ ਬਹੁਤ ਘੱਟ ਪੜ੍ਹੇ ਵੀ ਹੁੰਦੇ ਹਨ। ਕਈ ਬਹੁਤੇ ਸਾਫ਼ ਵੀ ਨਹੀਂ ਸੀ ਹੁੰਦੇ। ਚੰਗੀ ਹਜ਼ਾਮਤ ਵੀ ਨਹੀਂ ਸੀ ਕੀਤੀ ਹੁੰਦੀ। ਮੇਰੇ ਤੋਂ ਪਹਿਲਿਆਂ ਸਮਿਆ ਵਿਚ ਡਰਾਈਵਰਾਂ ਲਈ ਵਰਦੀ ਜ਼ਰੂਰੀ ਹੁੰਦੀ ਸੀ। ਮੈਂ ਵੀ ਪਹਿਲੇ ਕੁਝ ਸਾਲ ਉਹ ਵਰਦੀ ਪਾਈ ਸੀ। ਜਿਵੇਂ ਗਰੇਹਾਊਂਡ ਬੱਸ ਡਰਾਈਵਰਾਂ ਦੀ ਹੁੰਦੀ ਹੈ। ਉਸਦਾ ਇਕ ਫਾਇਦਾ ਵੀ ਸੀ। ਡਰਾਈਵਰ ਪੇਸ਼ੇਵਰ ਲੱਗਦੇ ਸਨ। ਜ਼ਿਆਦਾ ਟਿੱਪ ਮਿਲਦੀ ਸੀ। ਫਿਰ ਸੱਠਵਿਆਂ ਦੇ ਅਖੀਰ ਵਿਚ ਕੰਪਨੀ ਨੇ ਰੂਲ ਬਣਾ ਦਿੱਤਾ ਕਿ ਜੀਨ ਪਹਿਨ ਕੇ ਟੈਕਸੀ ਨਹੀਂ ਸੀ ਚਲਾ ਸਕਦੇ। ਕਾਲਰਾਂ ਵਾਲੀ ਕਮੀਜ਼ ਜ਼ਰੂਰੀ ਸੀ। ਸਿਰ ਦੇ ਵਾਲ ਛੋਟੇ ਹੋਣ। ਉਦੋਂ ਲੰਮੇ ਵਾਲਾਂ ਦਾ ਆਮ ਰਿਵਾਜ਼ ਸੀ। ਇਕ ਡਰਾਈਵਰ ਆਪਣੇ ਵਾਲ ਨਹੀਂ ਸੀ ਕਟਵਾਉਣੇ ਚਾਹੁੰਦਾ ਤੇ ਲੰਮੇ ਵਾਲਾਂ ਨਾਲ ਕੰਪਨੀ ਉਸ ਨੂੰ ਟੈਕਸੀ ਨਹੀਂ ਸੀ ਚਲਾਉਣ ਦਿੰਦੀ। ਫਿਰ ਉਸ ਨੇ ਛੋਟੇ ਕੇਸਾਂ ਵਾਲਾ ਵਿੱਗ ਖ੍ਰੀਦ ਲਿਆ। ਆਪਣੇ ਲੰਮੇ ਵਾਲ ਉਹ ਵਿੱਗ ਦੇ ਹੇਠ ਇਕੱਠੇ ਕਰ ਲੈਂਦਾ।

ਟੈਕਸੀ ਹੋਸਟ ਪ੍ਰੋਗਰਾਮ ਸ਼ੁਰੂ ਹੋਣ ਨਾਲ ਇਸ ਇੰਡਸਟਰੀ ਵਿਚ ਬਹੁਤ ਚੰਗੇ ਸਿੱਟੇ ਨਿਕਲੇ ਹਨ। ਜਦੋਂ ਇਹ ਕੋਰਸ ਸ਼ੁਰੂ ਹੋਇਆ ਸੀ ਉਦੋਂ ਬਹੁਤ ਸਾਰੇ ਲੋਕਾਂ ਵੱਲੋਂ ਇਸਦਾ ਵਿਰੋਧ ਹੋਇਆ। ਇਸ ਕੋਰਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਮੇਰੇ ਖਿਆਲ ਵਿਚ ਟੈਕਸੀ ਸਨਅਤ ਮੁੱਢਲੀ ਸੇਵਾ ਦੇਣ ਵਿਚ ਵੀ ਨਾਕਾਮਯਾਬ ਰਹੀ ਸੀ। ਡਰਾਈਵਰ ਲਈ ਘੱਟੋ-ਘੱਟ ਕੋਈ ਯੋਗਤਾ ਤਾਂ ਚਾਹੀਦੀ ਹੀ ਸੀ। ਲੋਕਾਂ ਨਾਲ ਵਿਹਾਰ ਕਰਨ ਦਾ ਸਲੀਕਾ ਤੇ ਅੰਗ੍ਰੇਜ਼ੀ ਦੀ ਮੁੱਢਲੀ ਜਾਣਕਾਰੀ ਵਗੈਰਾ। ਸੱਠਵਿਆਂ

'ਚ ਟੈਕਸੀ ਦਾ ਮਿਆਰ ਚੰਗਾ ਸੀ। ਜਦੋਂ ਕੋਈ ਅਨੁਸ਼ਾਸਨ ਭੰਗ ਕਰਦਾ ਸੀ ਤਾਂ ਉਸ ਨੂੰ ਜੁਰਮਾਨਾ ਹੁੰਦਾ ਸੀ ਜਾਂ ਕੰਪਨੀ 'ਚੋਂ ਬਾਹਰ ਕੱਢ ਦਿੱਤਾ ਜਾਂਦਾ ਸੀ। ਹੌਲੀ ਹੌਲੀ ਮੁੱਢਲੇ ਮਿਆਰ ਵੀ ਖਤਮ ਹੋ ਗਏ। ਫਿਰ ਸਮਾਂ ਆਇਆ ਕਿ ਕੋਈ ਵੀ ਆ ਕੇ ਟੈਕਸੀ ਚਲਾਉਣ ਲੱਗ ਪੈਂਦਾ। ਪਹਿਲਾ ਧੱਕਾ ਤਾਂ ਇਹ ਉਸ ਡਰਾਈਵਰ ਨਾਲ ਹੀ ਸੀ ਜਿਸ ਨੂੰ ਕਿਸੇ ਅਸੂਲ ਦਾ ਪਤਾ ਨਹੀਂ ਕੋਈ ਸਿਖਲਾਈ ਨਹੀਂ ਤੇ ਟੈਕਸੀ ਮਾਲਕ ਉਸ ਨੂੰ ਟੈਕਸੀ ਚਲਾਉਣ ਲਈ ਭੇਜ ਦਿੰਦੇ। ਫਿਰ ਲੋਕਾਂ ਨਾਲ ਧੱਕਾ ਜਿਨ੍ਹਾ ਨੇ ਪੈਸੇ ਖਰਚ ਕੇ ਕਿਸੇ ਥਾਂ ਤੇ ਜਾਣਾ ਹੋਵੇ ਤੇ ਡਰਾਈਵਰ ਨੂੰ ਰਾਹ ਦਾ ਹੀ ਪਤਾ ਨਾ ਹੋਵੇ ਜਾਂ ਉਸ ਨੂੰ ਇਹ ਹੀ ਪਤਾ ਨਾ ਹੋਵੇ ਕਿ ਲੋਕਾਂ ਨਾਲ ਕਿਵੇਂ ਵਿਹਾਰ ਕਰਨਾ ਹੈ ਜਾਂ ਉਸ ਨੂੰ ਅੰਗ੍ਰੇਜ਼ੀ ਦੀ ਮੁੱਢਲੀ ਜਾਣਕਾਰੀ ਵੀ ਨਾ ਹੁੰਦੀ। ਮੈਂ ਕਿਸੇ ਨੂੰ ਦੋਸ਼ ਨਹੀਂ ਦਿੰਦਾ ਪਰ ਟੈਕਸੀ ਦੇ ਮਿਆਰ ਨੂੰ ਉੱਪਰ ਚੁੱਕਣ ਲਈ ਕੋਈ ਕਦਮ ਚੁੱਕਣਾ ਜ਼ਰੂਰੀ ਸੀ। (ਉਹ ਟੇਪ ਬੰਦ ਕਰਨ ਦਾ ਇਸ਼ਾਰਾ ਕਰਦਾ ਹੈ। ਫਿਰ ਆਵਾਜ਼ ਨੂੰ ਹੌਲੀ ਕਰਕੇ ਆਖਦਾ ਹੈ: ਮੈਂ ਨਹੀਂ ਚਾਹੁੰਦਾ ਕਿ ਮੇਰੀ ਕਿਸੇ ਗੱਲ ਨਾਲ ਕੋਈ ਵਾਵੇਲਾ ਖੜ੍ਹਾ ਹੋਵੇ। ਪਰ ਅਸਲ ਗੱਲ ਇਹ ਹੈ ਕਿ ਟੈਕਸੀ ਸਨਅਤ ਵਿਚ ਰਾਜਨੀਤੀ ਬਹੁਤ ਹੈ। ਮੰਨ ਲਵੋ ਕਿ ਕਿਸੇ ਕੰਪਨੀ ਦਾ ਅਸੂਲ ਹੈ ਕਿ ਕਿਸੇ ਵੀ ਬੰਦੇ ਨੂੰ ਟੈਕਸੀ ਡਰਾਈਵਰ ਨਹੀਂ ਰੱਖਣਾ, ਜਿੰਨਾ ਚਿਰ ਉਸ ਨੂੰ ਵੈਨਕੂਵਰ ਵਿਚ ਰਹਿੰਦਿਆਂ ਦੋ ਸਾਲ ਨਾ ਹੋ ਗਏ ਹੋਣ। ਕੋਈ ਹਿੱਸੇਦਾਰ ਮੈਨੇਜਰ ਕੋਲ ਜਾ ਕੇ ਆਖੇਗਾ ਕਿ ਕੋਈ ਗੱਲ ਨੀਂ ਕਿਸੇ ਨੂੰ ਨੀ ਪਤਾ ਲੱਗਦਾ ਮੇਰੇ ਰਿਸ਼ਤੇਦਾਰ ਨੂੰ ਰੱਖ ਲਵੋ ਉਹ ਕੱਲ੍ਹ ਹੀ ਇੰਡੀਆ ਤੋਂ ਆਇਆ ਹੈ। ਫਿਰ ਉਹ ਆਪਣੀ ਗੱਲ ਮਨਵਾਉਣ ਲਈ ਹਿੱਸੇਦਾਰ ਹੋਣ ਦਾ ਰੋਅਬ ਪਾਵੇਗਾ।)

ਮੇਰੇ ਖਿਆਲ ਵਿਚ ਇਸ ਸਨਅਤ ਨੂੰ ਆਪਣਾ ਪੱਧਰ ਹੋਰ ਉੱਪਰ ਲਿਜਾਣਾ ਚਾਹੀਦਾ ਹੈ। ਜਿਵੇਂ ਲੰਡਨ ਦੀ ਟੈਕਸੀ ਸਨਅਤ ਹੈ। ਵੈਨਕੂਵਰ ਦੀ ਇਸ ਸਨਅਤ ਨੇ ਬਹੁਤ ਲੰਮੇ ਸਮੇਂ ਤੋਂ ਇਸ ਮੋਨਾਪਲੀ ਦਾ ਫਾਇਦਾ ਉਠਾਇਆ ਹੈ। ਇਸ ਸਨਅਤ ਵਿਚ ਕੋਈ ਮੁਕਾਬਲਾ ਹੀ ਨਹੀਂ ਹੈ। ਸਾਰਿਆਂ ਦੇ ਰੇਟ ਇੱਕੋ ਜਿਹੇ ਸੈੱਟ ਕੀਤੇ ਹੋਏ। ਇੱਕੋ ਜਿਹੀਆਂ ਕਾਰਾਂ ਹਨ। ਡਰਾਈਵਰਾਂ ਦੀ ਯੋਗਤਾ ਇੱਕੋ ਜਿੰਨੀ। ਫਿਰ ਅਸੀਂ ਕਿਵੇਂ ਤੇ ਕਿਸ ਨਾਲ ਮੁਕਾਬਲਾ ਕਰਾਂਗੇ? ਇਸ ਤਰ੍ਹਾਂ ਸਾਨੂੰ ਆਪਣੇ ਆਪ ਨਾਲ ਹੀ ਮੁਕਾਬਲਾ ਕਰਕੇ ਬੇਹਤਰ ਬਨਣਾ ਪਵੇਗਾ, ਰਾਜਨੀਤੀ ਨੂੰ ਤਿਆਗ ਕੇ। ਜਿਸ ਵੇਲੇ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ ਉਸ ਵਕਤ ਸਾਰਾ ਕੰਟਰੋਲ ਡਿਸਪੈਚਰ ਦੇ ਹੱਥ ਸੀ। ਹੁਣ ਕੰਟਰੋਲ ਡਰਾਈਵਰ ਦੇ ਹੱਥ ਹੈ। ਉਹ ਉਹੀ ਟ੍ਰਿਪ ਲੈਂਦਾ ਹੈ, ਜਿਹੜਾ ਉਸ ਨੂੰ ਚੰਗਾ ਲੱਗਦਾ ਹੈ। ਮਾੜੇ ਨੂੰ ਉਹ ਲੈਂਦਾ ਹੀ ਨਹੀਂ। ਰੇਡੀਓ ਵੇਲੇ ਡਿਸਪੈਚਰ ਨੇ ਜਿੱਥੇ ਟ੍ਰਿਪ ਲਈ ਭੇਜ ਦਿੱਤਾ ਉਹ ਲੈਣਾ ਹੀ ਪੈਂਦਾ ਸੀ। ਜੇ ਨਹੀਂ ਸੀ ਲੈਂਦਾ ਤਾਂ ਡਿਸਪੈਚਰ ਉਸ ਨੂੰ ਕੁਝ ਸਮੇਂ ਲਈ ਕੋਈ ਵੀ ਟਰੈੱਪ ਨਾ ਦਿੰਦਾ ਜਾਂ ਉਸ ਨੂੰ ਘਰ ਭੇਜ ਦਿੰਦਾ। ਇਵੇ ਹੀ ਪ੍ਰਬੰਧਕ ਕਮੇਟੀਆਂ ਹਨ। ਹੁਣ ਸਾਰੇ ਡਰਾਈਵਰ ਹੀ ਮਾਲਕ ਹਨ। ਉਹ ਆਪਣੀ ਆਪਣੀ ਮਰਜੀ ਚਲਾਉਣੀ

ਚਾਹੁੰਦੇ ਹਨ। ਜੇ ਇਕ ਮਾਲਕ ਹੋਵੇ ਤਾਂ ਉਹ ਆਪਣੇ ਤਰੀਕੇ ਨਾਲ ਕੰਪਨੀ ਚਲਾਵੇ ਤਾਂ ਕਿ ਵੱਧ ਤੋਂ ਵੱਧ ਵਪਾਰ ਮਿਲੇ। ਮੇਰੇ ਖਿਆਲ ਵਿਚ ਜੇ ਮੈਟਰੋ ਵੈਨਕੂਵਰ ਦੀਆਂ ਸਾਰੀਆਂ ਟੈਕਸੀਆਂ ਲਈ ਕੋਈ ਵੀ ਨਗਰ ਨਿਗਮ ਦੀ ਸੀਮਾ ਨਾ ਹੋਵੇ ਤਾਂ ਸਰਵਿਸ ਬੇਹਤਰ ਹੋ ਸਕਦੀ ਹੈ। ਇਸ ਨਾਲ ਬਹੁਤ ਸਮਾਂ ਬਚੇਗਾ। ਟੈਕਸੀ ਨੂੰ ਘੱਟ ਗੈਸ ਲੱਗੇਗਾ। ਇਸ ਬਾਰੇ ਵਿਚਾਰ ਹੋਣੀ ਚਾਹੀਦੀ ਹੈ।

# ਹਵਾ ਆਉਣ ਦੇ

"ਬਾਈ, ਬਾਈ ਕੀ ਯਾਰ। ਤੂੰ ਰਿਕਾਰਡ ਕਰ ਕੇ ਡੰਡੀ ਪਏਂਗਾ ਤੇ ਕੱਲ੍ਹ ਨੂੰ ਗੌਰਮਿੰਟ ਦਾ ਕੋਈ ਇੰਸਪੈਕਟਰ ਐਥੇ ਆਜੂ।"

"ਤੂੰ ਭਾਵੇਂ ਨਾਂ ਲਿਖਦੀਂ, ਮੇਰੀ ਕੀ ਕੋਈ ਲੱਤ ਭੰਨ ਦੇਊ। ਮੈਂ ਕਿਸੇ ਦੀ ਢੁਈ ਨੀ ਮਾਰਦਾ। ਮੇਰੇ ਦੋਨੋਂ ਜੁਆਕ ਯੂਨੀਵਰਸਟੀ ਪੜ੍ਹਗੇ ਆ। ਆਵਦੇ ਕੰਮਾਂ 'ਤੇ ਲੱਗੇ ਵੇ ਆ। ਜਿਹੜੇ ਵਿਚਾਰਿਆਂ ਦੀਆਂ ਪੇਮੈਂਟਾਂ ਪਈਐਂ ਦੇਣ ਆਲੀਆਂ। ਕਿੰਨਿਆਂ ਦੇ ਢਿੱਡ 'ਚ ਲੱਤ ਵੱਜੂ।"

"ਭਾਵੇਂ ਨਹੀਂ ਗਲਤ ਕੰਮ ਕਰਦੇ। ਪਰ ਗੌਰਮਿੰਟ ਦਾ ਲਾਅ ਐ ਬਈ ਵੀਕ ਦੇ ਸੱਠ ਘੰਟਿਆਂ ਤੋਂ ਵੱਧ ਨੀ ਕੰਮ ਕਰ ਸਕਦੇ। ਸੱਠ ਘੰਟਿਆਂ ਨਾਲ ਤਾਂ ਟੈਕਸੀ ਦਾ ਖਰਚਾ ਈ ਮਸਾਂ ਪੂਰਾ ਹੁੰਦਾ। ਘਰੇ ਬੰਦਾ ਵੰਝ ਲਜਾਊ।ਐਥੇ ਕਈ ਬੰਦੇ ਸੌ-ਸੌ ਘੰਟਾ ਕੰਮ ਕਰਦੇ ਆ ਵੀਕ ਦਾ। ਲੈ ਐਥੇ ਦੋ ਘੰਟੇ ਹੋਗੇ ਬੈਠੇ ਨੂੰ ਟ੍ਰਿੱਪ ਦੀ 'ਡੀਕ 'ਚ ਹਾਲੇ ਹੁਣ ਆਹ ਮੇਰੇ ਆਲੀ ਲੈਨ ਚੱਲੀ ਆ। ਮਸਾਂ ਦੌ ਸੌ ਡਾਲਾ ਬਣੂੰ। ਟੈਕਸੀ ਦਾ ਖਰਚਾ ਅੱਧਿਓਂ ਵੱਧ ਹੋ ਜਾਣੈ। ਤੇਰਾ ਕੀ ਜਾਊ?"

"ਕੀ ਸਮਝਾਂ ਯਾਰ। ਤੈਨੂੰ ਮੈਂ ਨਿਆਣਾ ਲੱਗਦੈਂ। ਸਤਾਈ ਸਾਲ ਹੋਗੇ ਟੈਕਸੀ ਚਲਾਉਂਦੇ ਨੂੰ। ਨਾਲੇ ਚਲਾਈ ਸਾਰੀ ਉਮਰ ਏਅਰਪੋਰਟ 'ਤੇ ਆ, ਜਿੱਥੇ ਭਾਂਤ-ਭਾਂਤ ਦੇ ਮੁਲਕਾਂ ਦੇ ਲੋਕਾਂ ਨਾਲ ਵਾਹ ਪੈਂਦਾ। ਮੀਡੀਏ ਆਲਿਆਂ ਨੂੰ ਤਾਂ ਕੋਈ ਗੱਲ ਚਾਹੀਦੀ ਆ। ਐਵੇਂ ਮਗਰ ਪੈ ਜਾਂਦੇ ਆ। ਪਿੱਛੇ ਜਿਹੇ ਸੀ. ਟੀ. ਵੀ. ਵਾਲੇ ਮਗਰ ਪਏ ਸੀ ਅਖੇ ਹੋਰ ਟੈਕਸੀਆਂ ਚਾਹੀਦੀਐਂ ਵੈਨਕੋਵਰ ਨੂੰ। ਪਹਿਲੀਆਂ ਨੂੰ ਤਾਂ ਟ੍ਰਿੱਪ ਨੀ ਮਿਲਦੇ ਤੇ ਨਵੀਆਂ ਨੂੰ ਕਿੱਥੋਂ ਦਿਓਗੇ। ਥੋਡੀ ਤਾਂ ਇਕ ਦਿਨ ਦੀ ਖਬਰ ਹੁੰਦੀ ਆ ਤੇ ਸਾਡਾ ਘਾਣ ਹੋ ਜਾਂਦੈ।"

"ਤੂੰ ਮੀਡੀਏ ਆਲਾ ਨਹੀਂ ਤਾਂ ਫਿਰ ਕਿਤਾਬ ਕਾਹਦੇ ਆਸਤੇ ਲਿਖਦੈਂ। ਨਾਲੇ ਮੈਨੂੰ ਦੱਸ ਵਿੱਚੋਂ ਕੀ ਮਿਲੂ? ਵਾਧੂ ਦਾ ਤੂੰ ਸਾਡਾ ਨੁਕਸਾਨ ਕਰੇਂਗਾ। ਇਹ ਕੋਈ ਸੌਖਾ ਕੰਮ ਨੀਂ ਜੇ ਤੂੰ ਸਮਝਦਾ ਹੋਵੇਂ ਬਈ ਸਾਰਾ ਦਿਨ ਬੈਠੇ ਰਹਿੰਦੇ ਆ, ਏਨ੍ਹਾਂ ਨੂੰ ਫਸਾਓ। ਸਰੀਰ ਮੇਰਾ ਕਹਿੰਦੈ ਬਈ ਬਾਹਰ ਨਿਕਲ ਕੇ ਗੈਸ ਵੀ ਨਾ ਪਾ। ਥੋੜ੍ਹੀ ਜੀ ਠੰਡ ਪਈ ਨੀ ਤੇ ਹੱਡਾਂ 'ਚ ਚੀਸਾਂ ਪਈਆਂ ਨੀ। ਸਾਨੂੰ ਕਿਹੜਾ ਕੰਪਨਸੇਸ਼ਨ ਆਲਿਆਂ ਨੇ ਕਵਰ ਕਰਨੈ। ਉਹ ਕਵਰ ਕਰਾਉਣ ਲਈ ਪਤਾ ਕਿੰਨੀ ਫੀਸ ਮੰਗਦੇ

ਆ। ਕਿੱਥੋਂ ਦੇਈਏ? ਨਾ ਸਾਨੂੰ ਕੰਮ ਦੀ ਪੈਨਸ਼ਨ ਮਿਲਣੀ ਆ। ਮੇਰਾ ਅਕਾਊਂਟੈਂਟ ਕਹਿੰਦਾ ਅਖੇ ਤੁਸੀਂ ਪੂਰਾ ਟੈਕਸ ਨੀ ਕਟਾਉਂਦੇ ਥੋਨੂੰ ਪੈਨਸ਼ਨ ਕਿਵੇਂ ਲੱਗੂ। ਮੈਂ ਓਹਨੂੰ ਪੁੱਛਿਆ ਬਈ ਅੱਠਾਂ ਘੰਟਿਆਂ ਬਾਅਦ ਥੋਨੂੰ ਕਿੰਨੇ ਗੁਣਾ ਮਿਲਦੇ ਆ, ਕਹਿੰਦਾ ਡੂਢ ਗੁਣਾ। ਮੈਂ ਪੁੱਛਿਆ ਬਈ ਦਸਾਂ ਬਾਅਦ, ਕਹਿੰਦਾ ਦੁਗਣੇ। ਮੈਂ ਕਿਹਾ, ਸਾਡੇ ਜਦੋਂ ਦਸ ਘੰਟੇ ਪੂਰੇ ਹੁੰਦੇ ਆ ਫੇਰ 'ਨ੍ਹੇਰਾ ਹੋ ਜਾਂਦੈ ਤੇ ਸਾਨੂੰ ਮਿਲਦੀਐਂ ਗਾਲ੍ਹਾਂ ਜਾਂ ਕਈ ਆਰੀ ਹੂਰੇ। ਕਿੱਥੋਂ ਟੈਕਸ ਕਟਾਈਏ। ਤਿੰਨ ਮੀਨ੍ਹੇ ਮੰਜੇ 'ਤੇ ਪਿਆ ਰਿਹੈਂ। ਅਗਲੇ ਹੱਡ ਭੰਨਗੇ ਨਾਲੇ ਜੇਬ 'ਚੋਂ ਕੱਢਲਗੇ ਸਾਰਾ ਕੁਛ।"

"ਕਮਾਲ ਦਾ ਬੰਦੈਂ ਯਾਰ ਤੂੰ । ਅਗਲੀਆਂ ਜਨਰੇਸ਼ਨਾਂ ਤਾਂ ਸਾਡੇ ਬਾਰੇ ਤਾਂ ਜਾਨਣਗੀਆਂ ਜੇ ਪੰਜਾਬੀ ਪੜ੍ਹਣਗੀਆਂ। ਨਾ ਓਨਾਂ ਨੇ ਤੇਰੀ ਇਹ ਪੰਜਾਬੀ ਪੜ੍ਹਣੀ ਐ ਤੇ ਨਾ ਟੈਕਸੀ ਚਲਾਉਣੀ ਆ। ਕਿਓਂ ਚਲਾਉਣ ਬਈ ਉਹ। ਸਾਨੂੰ ਸੁੱਖਿਐ ਬਈ ਅਸੀਂ ਦੁਨੀਆਂ ਨੂੰ ਢੋਂਦੇ ਫਿਰੀਏ। ਸਾਡੀ ਤਾਂ ਮਜਬੂਰੀ ਐ। ਪਹਿਲੀ ਜਨਰੇਸ਼ਨ ਨੂੰ ਤਾਂ ਹੱਡ ਭੰਨਾਉਣੇ ਈ ਪੈਂਦੇ ਆ। ਹੁਣ ਸਾਲੀ ਆਦਤ ਬਣਗੀ। ਮੇਰਾ ਮੁੰਡਾ ਐ। ਓਦੋਂ ਪੜ੍ਹਦਾ ਹੁੰਦਾ ਸੀ। ਮੈਂ ਓਹਨੂੰ ਕਹਿਣਾ ਬਈ ਘਰੇ ਖੜ੍ਹੀ ਐ ਮੇਰੇ ਸੁੱਤੇ ਸੁੱਤੇ ਆਵਦੀ ਜੇਬ ਖਰਚ ਜੋਗੇ ਬਣਾ ਲਿਆ। ਸ਼ੋਫਰ ਪਰਮਟ ਵੀ ਲੈ ਆਇਆ। ਇਕ ਦਿਨ ਲੈ ਵੀ ਗਿਆ। ਦੂਏ ਦਿਨ ਨੀ ਗਿਆ। ਕਹਿੰਦਾ ਵਰਥ ਈ ਨੀ ਕਰਦੀ। ਅਸੀਂ ਮਰਜਾਂਗੇ ਤਾਂ ਏਨ੍ਹਾਂ ਮੈਕਸੀਕੋ ਸੱਦ ਲੈਣੇ ਆ ਟੈਕਸੀਆਂ ਚਲਾਉਣ ਨੂੰ। ਗੋਰੇ ਕਿਓਂ ਨੀਂ ਚਲਾਉਂਦੇ। ਪਤਾ ਬਈ ਵਰਥ ਨੀ ਕਰਦੀ। ਐਨੇ ਘੰਟੇ ਕੌਣ ਬਹਿ ਸਕਦੈ ਚਿੱਤੜਾਂ 'ਤੇ।"

"ਸਾਡੀਆਂ ਸਮੱਸਿਆਵਾਂ ਕੀ ਦੱਸੇਂਗਾ ਯਾਰ ਤੂੰ ਲੋਕਾਂ ਨੂੰ। ਤੇਰਾ ਖਿਆਲ ਐ ਗੌਰਮਿੰਟਾਂ ਨੂੰ ਪਤਾ ਨੀ ਕੁਛ। ਸਭ ਪਤਾ ਐ ਓਨ੍ਹਾਂ ਨੂੰ ਪਰ ਫੇਰ ਵੀ ਰਗੜੇ 'ਤੇ ਰਗੜਾ ਚਾੜ੍ਹੀ ਜਾਂਦੇ ਆ। ਸ਼ੋਫਰ ਪਰਮਟ ਪਹਿਲਾਂ ਫਰੀ ਰਨਿਊ ਕਰਦੇ ਸੀ। ਹੁਣ ਸੱਠ ਡਾਲੇ ਲੈਣ ਲੱਗਗੇ ਅਖੇ ਪੁਲਸ ਰਪੋਰਟ ਲਿਆਓ ਹਰ ਸਾਲ। ਏਅਰ ਪੋਰਟ ਆਲੇ ਤਾਂ ਹਰੇਕ ਸਾਲ ਫੀਸ ਚੱਕ ਦਿੰਦੇ। ਆਈ ਸੀ ਬੀ ਸੀ ਆਲੇ ਤਾਂ ਇੰਨਸ਼ੋਰੈਂਸ ਆਏ ਸਾਲ ਵਧਾ ਦਿੰਦੇ ਐ। ਗੈਸ 'ਸਮਾਨੀ ਜਾ ਚੜ੍ਹੀ ਐ। ਇਕ ਸਾਕ ਦੇਣਿਆਂ ਨੇ ਸਕਾਈ ਟ੍ਰੇਨ ਲਾਤੀ ਆਹ ਨਵੀਂ ਏਅਰਪੋਰਟ ਨੂੰ। ਤੇਰੀ ਕਿਤਾਬ ਨੇ ਕੁਛ ਨੀ ਸਵਾਰਨਾ ਕਿਸੇ ਦਾ। ਵਾਰੀ ਮੇਰੀ ਆਗੀ ਐ ਟਰਮੀਨਲ 'ਤੇ ਜਾਣਦੀ। ਹਾਲੇ ਓਥੇ ਪਤਾ ਨੀ ਕਿੰਨਾਂ ਚਿਰ ਹੋਰ 'ਡੀਕਣਾ ਪਵੇ। ਓਥੋਂ ਕਿਹੜਾ ਸਵਾਰੀ ਨੇ ਜਾਣ ਸਾਰ ਵਿਚ ਬਹਿ ਜਾਣੈ। ਹਵਾ ਆਉਣ ਦੇ ਹੁਣ ਨਹੀਂ ਤਾਂ ਮੈਨੂੰ ਤੁਰਦਾ ਨ ਦੇਖ ਪਿਛਲੀਆਂ ਟੈਕਸੀਆਂ ਨੇ ਮੂਹਰੇ ਜਾ ਲੱਗਣੈ। ਇੰਟਰਵੂਅ ਦਾ ਖਹਿੜਾ ਛੱਡ ਤੇ ਕੰਮ ਕਰ ਜਾ ਕੇ ਆਵਦਾ ਨਾਲੇ ਸਾਨੂੰ ਕਰਨ ਦੇ।"

# ਵੈਨਕੂਵਰ ਦੀ ਟੈਕਸੀ ਸਨਅਤ

ਭਾਵੇਂ ਨਵੇਂ ਸਾਲ ਦੀ ਸ਼ਾਮ ਹੋਵੇ, ਜਦੋਂ ਬਾਕੀ ਦੁਨੀਆਂ ਨਵੇਂ ਸਾਲ ਦੀ ਆਮਦ ਨੂੰ ਜੀਅ ਆਇਆਂ ਕਹਿਣ ਲਈ ਨੱਚ-ਗਾ ਰਹੀ ਹੋਵੇ ਜਾਂ ਬ਼ਰਫਾਨੀ ਦਿਨ ਹੋਵੇ, ਜਦੋਂ ਲੋਕ ਆਪਣੀ ਕਾਰ ਚਲਾਉਣੋਂ ਡਰਦੇ ਹਨ; ਟੈਕਸੀ ਹਮੇਸ਼ਾ ਹਾਜ਼ਰ ਹੁੰਦੀ ਹੈ। ਭਾਵੇਂ ਰਾਤ ਦੇ ਇੱਕ ਵਜੇ ਕੋਈ ਸ਼ਰਾਬੀ ਹੋਵੇ ਤੇ ਭਾਵੇਂ ਸਵੇਰ ਦੇ ਚਾਰ ਵਜੇ ਭਾਰੇ ਸਮਾਨ ਨਾਲ ਲੱਦਿਆ ਕੋਈ ਯਾਤਰੀ ਹੋਵੇ। ਉਡੀਕ ਦਾ ਸਮਾਂ ਥੋੜ੍ਹਾ ਬਹੁਤਾ ਵਧ-ਘਟ ਸਕਦਾ ਹੈ ਪਰ ਟੈਕਸੀ ਮਿਲ ਜਾਂਦੀ ਹੈ। ਟੈਕਸੀ ਡਰਾਈਵਰ ਰਾਤਾਂ ਨੂੰ ਜਗਰਾਤੇ ਝੱਲਦੇ, ਬਰਫਾਂ ਨੂੰ ਟੈਕਸੀ ਦੇ ਟਾਇਰਾਂ ਥੱਲੇ ਦਰੜਦੇ, ਲੋੜਵੰਦਾਂ ਨੂੰ ਉਨ੍ਹਾਂ ਦੀਆਂ ਥਾਵਾਂ 'ਤੇ ਸੁੱਰਖਿਅਤ ਪਹੁੰਚਾ ਦਿੰਦੇ ਹਨ। ਵੈਨਕੂਵਰ ਵਿੱਚ ਟੈਕਸੀ ਦੀਆਂ ਸੇਵਾਵਾਂ ਪਿਛਲੀ ਸਦੀ ਦੇ ਮੁੱਢ ਵਿੱਚ ਹੀ ਸ਼ੁਰੂ ਹੋ ਗਈਆਂ ਸਨ। ਅੱਜ ਟੈਕਸੀ ਇੱਕ ਬਹੁਤ ਵੱਡੀ ਸਨਅਤ ਹੈ ਅਤੇ ਟੈਕਸੀ ਖ਼੍ਰੀਦਣ ਲਈ ਵੱਡੀ ਰਾਸ਼ੀ ਦਾ ਨਿਵੇਸ਼ ਕਰਨਾ ਪੈਂਦਾ ਹੈ।

ਵੈਨਕੂਵਰ ਵਿੱਚ ਟੈਕਸੀ ਦੀਆਂ ਸੇਵਾਂਵਾਂ ਨੂੰ ਇੱਕ ਸਦੀ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ । ਸਮੇਂ ਦੇ ਨਾਲ-ਨਾਲ ਇਸ ਵਿੱਚ ਤਬਦੀਲੀਆਂ ਵੀ ਆਈਆਂ ਹਨ।

ਚਾਰਲਸ ਹੈਰੀ ਹੂਪਰ 1903 ਵਿੱਚ ਦੋ ਸਲੰਡਰ ਕਾਰ ਨਾਲ ਵੈਨਕੂਵਰ ਦਾ ਪਹਿਲਾ ਟੈਕਸੀ ਡਰਾਈਵਰ ਬਣਿਆ। ਸੱਤ ਸਾਲ ਬਾਅਦ ਉਸ ਨੇ 'ਹੈਰੀ ਹੂਪਰ ਲਿਮਿਟਡ' ਨਾਂ ਦੀ ਵੈਨਕੂਵਰ ਦੀ ਪਹਿਲੀ ਟੈਕਸੀ ਕੰਪਨੀ ਸ਼ੁਰੂ ਕੀਤੀ। ਸੰਨ 1911 ਵਿੱਚ ਡੋਨਲਡ ਸੀ ਮੈਕਲੋਅਰ ਨੇ ਮੈਕਲੋਅਰਜ਼ ਕੈਬਸ ਨਾਂ ਦੀ ਕੰਪਨੀ ਸ਼ੁਰੂ ਕਰ ਲਈ। ਵੈਨਕੂਵਰ ਦੀ ਅੱਜ ਸਭ ਤੋਂ ਵੱਡੀ ਟੈਕਸੀ ਕੰਪਨੀ 'ਯੈਲੋ ਕੈਬ' ਨੇ 1920 ਵਿੱਚ ਇੱਕ ਕਾਰ ਨਾਲ ਕੰਮ ਸ਼ੁਰੂ ਕੀਤਾ ਸੀ। ਇਸ ਕਾਰ ਦਾ ਮਾਲਕ ਰੌਏ ਲੌਂਗ ਇੱਕ ਵਕੀਲ ਸੀ। 1930 ਵਿੱਚ ਬੀ ਸੀ ਇਲਕਟ੍ਰਿਕ ਨੇ ਇਹ ਕੰਪਨੀ ਖ਼੍ਰੀਦ ਲਈ। ਬੀ ਸੀ ਇਲਕਟ੍ਰਿਕ ਉਸ ਵੇਲੇ 'ਟਰਮੀਨਲ ਸਿਟੀ ਕੈਬਸ' ਨਾਂ ਹੇਠ ਟੈਕਸੀ ਕੰਪਨੀ ਚਲਾ ਰਹੀ ਸੀ। 1947 ਵਿੱਚ 31 ਕਾਰਾਂ ਵਾਲੀ 'ਯੈਲੋ' ਵਾਲਟਰ ਪੀ ਰੈਡਫੋਰਡ ਨੂੰ ਵੇਚ ਦਿੱਤੀ ਗਈ, ਜਿਹੜਾ ਉਸ ਵੇਲੇ ਏਡੀ ਹੀ ਕੰਪਨੀ 'ਸਟਾਰ ਕੈਬਸ' ਦਾ ਮਾਲਕ ਸੀ। ਸੱਤ ਸਾਲਾਂ ਦੀ ਗੱਲ-ਬਾਤ ਤੋਂ ਬਾਅਦ ਫਰਵਰੀ 1958 ਵਿੱਚ ਯੈਲੋ, ਸਟਾਰ ਅਤੇ ਚੈਕਰਸ ਕੈਬ ਦੇ 110 ਮਾਲਕ/ ਡਰਾਈਵਰਾਂ ਨੇ ਰਲ ਕੇ

85 ਕਾਰਾਂ ਵਾਲੀ 'ਯੈਲੋ ਕੈਬਸ ਕੰਪਨੀ' ਬਣਾਈ। ਯੈਲੋ ਕੈਬਸ ਨੇ 1977 ਵਿੱਚ 'ਫੋਰਮ ਇਮਪਰੈੱਸ ਟੈਕਸੀ' ਨੂੰ ਆਪਣੇ ਵਿੱਚ ਰਲਾ ਲਿਆ। 'ਫੋਰਮ ਇਮਪਰੈੱਸ' ਦੀਆਂ ਦਸ ਟੈਕਸੀਆਂ ਅਤੇ ਨੌਂ ਹੋਰ ਟੈਕਸੀ ਮਾਲਕਾਂ ਨੇ ਰਲ ਕੇ 1964 ਵਿੱਚ 'ਗਰੈਂਡਵਿਊ ਫੋਰਮ ਇਮਪਰੈੱਸ ਐਂਡ ਹੇਸਟਿੰਗਸ' ਦਾ ਸਮੂਹ ਬਣਾ ਲਿਆ ਸੀ। ਸੰਨ 1997 ਵਿੱਚ ਐਡਵਾਂਸ ਕੈਬਸ ਵੀ ਯੈਲੋ ਕੈਬਸ ਵਿੱਚ ਰਲ ਗਈ। ਵੈਨਕੂਵਰ ਦੀ ਦੂਜੀ ਵੱਡੀ ਟੈਕਸੀ ਕੰਪਨੀ 'ਬਲੈਕ ਟੌਪ' 1947 ਵਿੱਚ ਹੋਂਦ 'ਚ ਆਈ। ਇਸ ਨੂੰ ਸੱਤ ਸਾਬਕਾ ਫੌਜੀਆਂ(ਵਾਰ ਵੈਟਰਨ) ਨੇ ਰਲ ਕੇ ਬਣਾਇਆ। ਉਨ੍ਹਾਂ ਕੋਲ ਇੱਕ-ਇੱਕ ਕਾਰ ਸੀ। ਇਸ ਵਿੱਚ ਰੇਡੀਓ ਡਿਸਪੈਚ ਸਿਸਟਮ ਹੋਣ ਕਰਕੇ ਇਹ ਮਸ਼ਹੂਰ ਹੋ ਗਈ । 1960 ਤੱਕ ਇਸ ਕੰਪਨੀ ਦੀਆਂ 60 ਕਾਰਾਂ ਹੋ ਗਈਆਂ। ਬਲੂਅ ਕੈਬਸ ਦੀਆਂ 48 ਟੈਕਸੀਆਂ ਦੇ ਰਲਣ ਨਾਲ ਇਹ ਉਨ੍ਹਾਂ ਦਿਨਾਂ ਵਿੱਚ ਪੱਛਮੀ ਕਨੇਡਾ ਦੀ ਸਭ ਤੋਂ ਵੱਡੀ ਟੈਕਸੀ ਕੰਪਨੀ ਬਣ ਗਈ। ਬਲੂਅ ਕੈਬ 1935 ਵਿੱਚ ਏ ਪਾਸ਼ੋਸ ਨੇ ਸ਼ੁਰੂ ਕੀਤੀ ਸੀ।

ਫਰੇਜ਼ਰ ਦਰਿਆ ਦੇ ਦੂਜੇ ਪਾਸੇ ਵ੍ਹਾਈਟ ਰੌਕ ਵਿੱਚ ਜੌਰਜ ਹਕਿੰਨ ਮੈਕਲਾਗਲਿਨ ਟੈਕਸੀ ਚਲਾਉਂਦਾ ਸੀ। ਉਸ ਕੋਲ ਬਿਊਕ ਕਾਰ ਸੀ। ਇਸ ਉੱਪਰ 1915 ਦੀ ਲਾਈਸੈਂਸ ਪਲੇਟ ਲੱਗੀ ਹੈ। ਇਹ ਵ੍ਹਾਈਟ ਰੌਕ ਦੀ ਪਹਿਲੀ ਟੈਕਸੀ ਸੀ। 1920 ਵਿੱਚ ਇੱਡ ਡੂਪਰਜ਼ ਗਰਮੀਆਂ ਦੇ ਦਿਨਾਂ ਵਿੱਚ ਟੈਕਸੀ ਚਲਾਉਂਦਾ ਸੀ। ਇਸ ਸ਼ਹਿਰ ਵਿੱਚ ਦੂਜੇ ਸੰਸਾਰ ਯੁੱਧ ਤੋਂ ਥੋੜ੍ਹਾ ਪਹਿਲਾਂ ਹੀ ਪੂਰੀ ਤਰ੍ਹਾਂ ਟੈਕਸੀ ਦੀਆਂ ਸੇਵਾਵਾਂ ਸ਼ੁਰੂ ਹੋਈਆਂ। ਸਿਡ ਸੀਬਰੁੱਕ , ਸੀਬਰੁੱਕ ਕੈਫ਼ੇ ਤੋਂ ਸੀਬਰੁੱਕ ਟੈਕਸੀ ਚਲਾਉਂਦਾ ਸੀ। ਬਾਅਦ ਵਿੱਚ ਇਸ ਕੈਫ਼ੇ ਦਾ ਨਾਂ ਜੌਹਨੀਜ਼ ਕੈਫ਼ੇ ਬਣ ਗਿਆ। ਇਹ ਆਰਮੀ ਐਂਡ ਨੇਵੀ ਕਲੱਬ ਦੇ ਪੱਛਮ ਵਿੱਚ ਸੀ। ਰਿਗ ਟੇਲਰ ਅਤੇ ਜੇ ਡੀ ਮੈਕਮਿਲਨ 'ਟੇਲਰਸ ਟੈਕਸੀ' ਚਲਾਉਂਦੇ ਸਨ। ਉਨ੍ਹਾਂ ਦਾ ਅੱਡਾ ਸੈਮੀਆਮੋ ਸਟੇਜ ਡੀਪੂ ਸੀ, ਜਿਹੜਾ ਵ੍ਹਾਈਟ ਰੌਕ ਟਰੇਨ ਸਟੇਸ਼ਨ ਦੇ ਪੱਛਮ ਵਿੱਚ ਸੀ। ਬਿਲ ਮੋਫ਼ਟ ਵ੍ਹਾਈਟ ਰੌਕ ਦੇ ਪੂਰਬੀ ਹਿੱਸੇ 'ਚ ਬਣੇ ਪਾਰਕ ਕੈਫ਼ੇ ਤੋਂ 'ਵ੍ਹਾਈਟ ਰੌਕ ਟੈਕਸੀਜ਼' ਚਲਾਉਂਦਾ ਸੀ। ਹਰਲਡ ਮਕੈਨਜ਼ੀ ਅਤੇ ਸਟੈਨ ਮੈਕਲਿਊਡ ਬੈਨਟਸ ਕੈਫ਼ੇ ਤੋਂ ਟੈਕਸੀ ਚਲਾਉਂਦੇ ਸਨ। ਜੈਕ ਵ੍ਹਾਈਟ ਆਪਣੀ ਟੈਕਸੀ ਵ੍ਹਾਈਟਸ ਗਰੋਸਰੀ ਤੋਂ ਚਲਾਉਂਦਾ ਸੀ। ਇਨ੍ਹਾਂ ਡਰਾਈਵਰਾਂ ਦੀਆਂ ਆਪਣੀਆਂ ਕਾਰਾਂ ਸਨ ਤੇ ਇਨ੍ਹਾਂ ਨੂੰ ਨਗਰਪਾਲਿਕਾ ਨੇ ਆਪਣੇ-ਆਪਣੇ ਅੱਡੇ ਦਿੱਤੇ ਹੁੰਦੇ ਸਨ। ਉਹ ਉਸ ਅੱਡੇ ਤੋਂ ਹੀ ਕੰਮ ਕਰਦੇ। ਸਮੇਂ ਦੇ ਨਾਲ- ਨਾਲ ਇਨ੍ਹਾਂ ਡਰਾਈਵਰਾਂ ਨੇ ਇਕ-ਦੂਜੇ ਨਾਲ ਭਾਈਵਾਲੀ ਪਾਉਣੀ ਸ਼ੁਰੂ ਕਰ ਦਿੱਤੀ। ਉਹ ਇੱਕ-ਦੂਜੇ ਦੇ ਅੱਡੇ ਨੂੰ ਵਰਤਣ ਲਈ ਸੰਧੀ ਕਰ ਲੈਂਦੇ। ਫਿਰ ਕਈ ਵਾਰ ਇਸ ਤਰ੍ਹਾਂ ਹੁੰਦਾ ਕਿ ਕੋਈ ਟੈਕਸੀ ਵਾਲਾ ਦੂਜਿਆਂ ਨਾਲ ਗੁੱਸੇ ਹੋ ਜਾਂਦਾ ਤੇ ਉਹ ਆਪਣੇ ਨਾਲ ਹੋਰ ਭਾਈਬੰਦ ਰਲਾ ਲੈਂਦਾ ਤੇ ਉਹ ਆਪਣੀਆਂ ਟੈਕਸੀਆਂ ਕਿਸੇ ਹੋਰ ਨਾਲ ਰਲਾ ਲੈਂਦੇ। ਇਸ ਤਰ੍ਹਾਂ ਕੁਝ ਵੀ ਸਥਿਰ ਨਹੀਂ ਸੀ। ਜਿਸ ਕੰਪਨੀ ਨਾਲੋਂ ਉਹ ਪਾਸੇ ਹੋਏ ਹੁੰਦੇ, ਉਹ ਕੰਪਨੀ ਡਾਵਾਂਡੋਲ

ਹੋ ਜਾਂਦੀ। ਸਥਿਰਤਾ ਲਿਆਉਣ ਲਈ ਟੈਕਸੀ ਕੰਪਨੀਆਂ ਬਣਨੀਆਂ ਜ਼ਰੂਰੀ ਸਨ। ਕੁਝ ਟੈਕਸੀ ਵਾਲਿਆਂ ਨੇ ਰਲ ਕੇ ਕੰਪਨੀ ਬਣਾ ਲੈਣੀ। ਉਨ੍ਹਾਂ ਆਪਣੇ ਲਾਈਸੈਂਸ ਕੰਪਨੀ ਦੇ ਨਾਂ ਕਰ ਦੇਣੇ ਅਤੇ ਕੰਪਨੀ ਨੇ ਉਨ੍ਹਾਂ ਨੂੰ ਹਿੱਸੇ ਦੇ ਦੇਣੇ। ਇਸ ਨਾਲ ਜੇ ਕੋਈ ਹਿੱਸੇਦਾਰ ਦੂਜਿਆਂ ਨਾਲ ਨਾਰਾਜ਼ ਹੋ ਜਾਂਦਾ ਤਾਂ ਉਹ ਆਪਣਾ ਹਿੱਸਾ ਵੇਚ ਕੇ ਕਿਸੇ ਹੋਰ ਕੰਪਨੀ ਕੋਲੋਂ ਖ਼ਰੀਦ ਸਕਦਾ ਸੀ ਪਰ ਆਪਣੇ ਲਾਈਸੈਂਸ ਦੂਜੀ ਕੰਪਨੀ ਕੋਲ ਨਹੀਂ ਸੀ ਲਿਜਾ ਸਕਦਾ। ਇਸ ਤਰ੍ਹਾਂ ਟੈਕਸੀ ਕੰਪਨੀਆਂ ਹੋਂਦ ਵਿਚ ਆਉਣ ਲੱਗੀਆਂ। ਸੰਨ 1957 ਵਿੱਚ ਵ੍ਹਾਈਟ ਰੌਕ ਸ਼ਹਿਰ ਵਿੱਚ ਹੈਰਲਡ ਮਕੈਨਜ਼ੀ, ਬਿੱਲ ਮੌਫਟ, ਜੋਅ ਸ਼ੌਰਟਮੈਨ, ਜਿਮ ਤੇ ਵੀ ਫਰਗੂਸਨ ਅਤੇ ਵਿਲਫ ਸਜ਼ੈਲੀ(ਸਡਅਲੀ) ਨੇ ਰਲ ਕੇ 'ਵ੍ਹਾਈਟ ਰੌਕ ਰੇਡੀਓ ਕੈਬਸ' ਨਾਂ ਦੀ ਟੈਕਸੀ ਕੰਪਨੀ ਬਣਾ ਲਈ। ਸਰੀ ਵਿੱਚ 1948 ਦੇ ਇੱਕ ਇਸ਼ਤਿਹਾਰ ਤੋਂ ਚਾਰ ਟੈਕਸੀ ਕੰਪਨੀਆਂ ਦਾ ਪਤਾ ਲੱਗਦਾ ਹੈ। ਇਸ ਸਨ : ਟਰੈਮ ਟੈਕਸੀ, ਕਨੈਡੀ ਟੈਕਸੀ, ਸਰੀ ਟੈਕਸੀ ਅਤੇ ਨਿਊਟਨ ਟੈਕਸੀ। ਇਸ ਦੌਰਾਨ ਮੈਟਰੋ ਵੈਨਕੂਵਰ ਦੇ ਹੋਰ ਸ਼ਹਿਰਾਂ ਵਿੱਚ ਵੀ ਟੈਕਸੀ ਕੰਪਨੀਆਂ ਹੋਂਦ ਵਿੱਚ ਆ ਗਈਆਂ ਸਨ। ਜਿਵੇਂ ਬਰਨਬੀ ਵਿੱਚ ਬੌਨੀਜ਼ ਟੈਕਸੀ, ਨਿਊਵੈਸਟਮਿਨਿਸਟਰ ਵਿੱਚ ਰੌਇਲ ਸਿਟੀ ਟੈਕਸੀ ਤੇ ਕੁਈਨ ਸਿਟੀ ਟੈਕਸੀ, ਕੁਕਿਟਲਮ ਵਿੱਚ ਬਿੱਲ-ਏਅਰ ਟੈਕਸੀ ਆਦਿ।

ਜਿਵੇਂ-ਜਿਵੇਂ ਆਬਾਦੀ ਵਧਦੀ ਗਈ ਤਿਵੇਂ-ਤਿਵੇਂ ਟੈਕਸੀਆਂ ਦੀ ਗਿਣਤੀ ਵੀ ਵਧਦੀ ਗਈ। ਸਾਲ 1999 ਵਿੱਚ ਮੈਟਰੋ ਵੈਨਕੂਵਰ ਇਲਾਕੇ ਵਿੱਚ 25 ਟੈਕਸੀ ਕੰਪਨੀਆਂ ਸਨ, ਜਿਨ੍ਹਾਂ ਕੋਲ 1242 ਟੈਕਸੀਆਂ ਸਨ। ਸਾਲ 2010 ਤੱਕ ਟੈਕਸੀਆਂ ਦੀ ਗਿਣਤੀ 1519 ਹੋ ਗਈ। ਟੈਕਸੀਆਂ ਦੀ ਸੰਖਿਆ ਨੂੰ ਬੀ ਸੀ ਦਾ ਪੈਸਿੰਜਰ ਟਰਾਂਸਪੋਰਟ ਬੋਰਡ ਨਗਰ ਪਾਲਿਕਾ ਦੀ ਮੱਦਦ ਨਾਲ ਨਿਯਮਤ ਕਰਦਾ ਹੈ। ਵੈਨਕੂਵਰ ਵਿੱਚ ਵੀ ਉੱਤਰੀ ਅਮਰੀਕਾ ਦੇ ਹੋਰ ਸ਼ਹਿਰਾਂ ਵਾਂਗ ਟੈਕਸੀਆਂ ਦੀ ਸੰਖਿਆ ਨੂੰ ਨਿਯਮਬੱਧ ਕਰਨਾ 1930-40 ਵਿਆਂ ਵਿੱਚ ਸ਼ੁਰੂ ਹੋਇਆ। 1930 ਵਿਆਂ ਦੇ ਮੰਦਵਾੜੇ ਦੇ ਬੇਰੁਜ਼ਗਾਰਾਂ ਅਤੇ ਫਿਰ ਦੂਜੇ ਸੰਸਾਰ ਜੰਗ ਤੋਂ ਮੁੜੇ ਸੈਨਿਕਾਂ ਨੇ ਟੈਕਸੀਆਂ ਦਾ ਹੜ੍ਹ ਲਿਆ ਦਿੱਤਾ ਸੀ। ਟੈਕਸੀਆਂ ਦੀ ਬਹੁਤਾਤ ਹੋਣ ਕਾਰਨ ਨਿਯਮ ਬਣਾਏ ਗਏ। ਪਰ ਮਾਂਟਰੀਅਲ ਵਿੱਚ ਇਸਦੇ ਉਲਟ ਦੂਜੇ ਸੰਸਾਰ ਯੁੱਧ ਤੋਂ ਬਾਅਦ ਟੈਕਸੀਆਂ ਦੀ ਸੰਖਿਆਂ ਤੋਂ ਨਿਯਮ ਉਠਾ ਦਿੱਤੇ ਗਏ।ਜੇ ਇਹ ਨਿਯਮ ਨਾ ਹੋਣ ਤਾਂ ਟੈਕਸੀਆਂ ਦੀ ਗਿਣਤੀ ਵਧ ਜਾਵੇ ਅਤੇ ਡਰਾਈਵਰਾਂ ਦੀ ਕਮਾਈ ਬਹੁਤ ਘਟ ਜਾਵੇ। ਇਸੇ ਤਰ੍ਹਾਂ ਹੀ ਅਮਰੀਕਾ ਦੇ ਸ਼ਹਿਰ ਸਿਆਟਲ ਵਿੱਚ ਹੋਇਆ ਸੀ। 1979 ਵਿੱਚ ਸਿਆਟਲ ਅਤੇ ਕਿੰਗ ਕਾਊਂਟੀ ਨੇ ਟੈਕਸੀਆਂ ਲਈ ਮੰਡੀ ਖੁੱਲ੍ਹੀ ਕਰ ਦਿੱਤੀ। ਨਤੀਜੇ ਵਜੋਂ ਟੈਕਸੀਆਂ ਦੀ ਗਿਣਤੀ ਬਹੁਤ ਵਧ ਗਈ। ਇਸ ਨਾਲ ਗਾਹਕਾਂ ਲਈ ਉਡੀਕ ਦਾ ਸਮਾਂ ਤਾਂ ਬਹੁਤ ਘਟ ਗਿਆ ਪਰ ਡਰਾਈਵਰਾਂ ਨੂੰ ਬਹੁਤ ਲੰਮੇ ਘੰਟੇ ਕੰਮ ਕਰਨਾ ਪੈਂਦਾ ਅਤੇ ਉਨ੍ਹਾਂ ਦੀ ਕਮਾਈ ਘਟ ਗਈ। ਫਲਸਰੂਪ ਡਰਾਈਵਰਾਂ ਨੇ ਕਿਰਾਏ ਵਧਾਉਣੇ ਸ਼ੁਰੂ ਕਰ ਦਿੱਤੇ। ਨਵੇਂ ਅਤੇ ਬਿਨਾਂ

ਤਜ਼ਰਬੇ ਵਾਲੇ ਡਰਾਈਵਰਾਂ ਦੇ ਆਉਣ ਨਾਲ ਸੇਵਾਵਾਂ ਵਿੱਚ ਗਿਰਾਵਟ ਆਈ ਅਤੇ ਟੈਕਸੀ ਦੀ ਮੰਗ ਵਿੱਚ ਕਮੀ ਹੋ ਗਈ। ਨਤੀਜੇ ਵਜੋਂ ਉੱਥੇ ਮੁੜ 1991 ਤੋਂ ਟੈਕਸੀਆਂ ਦੀ ਗਿਣਤੀ ਨੂੰ ਨਿਯਮਬੱਧ ਕਰਨਾ ਪਿਆ।ਇਸ ਤਰ੍ਹਾਂ ਪਿਛਲੇ ਵੀਹ ਸਾਲਾਂ ਦੌਰਾਨ ਉੱਤਰੀ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਟੈਕਸੀਆਂ ਦੀ ਸੰਖਿਆ ਨੂੰ ਲੈ ਕੇ ਨਿਯਮ ਬਣਾਏ ਗਏ, ਫਿਰ ਹਟਾਏ ਗਏ ਤੇ ਮੁੜ ਤੋਂ ਬਣਾਏ ਗਏ। ਕਨੇਡਾ ਦੇ ਸੂਬੇ ਬ੍ਰਿਟਿਸ਼ ਕੁਲੰਬੀਆ ਵਿੱਚ ਟੈਕਸੀ ਸਨਅਤ ਨਾਲ ਸਬੰਧਤ ਨਿਯਮਾਂ ਦੀ ਘੜ-ਤੋੜ ਪੈਸਿੰਜਰ ਟਰਾਂਸਪੋਰਟ ਬੋਰਡ ਕਰਦਾ ਹੈ। ਹਰ ਟੈਕਸੀ ਉੱਪਰ ਇਸ ਬੋਰਡ ਵੱਲੋਂ ਦਿੱਤੀ ਗਈ ਪਲੇਟ ਅਤੇ ਨਗਰਪਾਲਿਕਾ ਦੀ ਪਲੇਟ ਲੱਗੀ ਹੁੰਦੀ ਹੈ। ਟੈਕਸੀ ਕੰਪਨੀਆਂ ਦੇ ਕਾਰਜ-ਖੇਤਰ ਦੀ ਹੱਦ-ਬੰਦੀ ਵੀ ਇਹੀ ਬੋਰਡ ਕਰਦਾ ਹੈ। ਆਮ ਤੌਰ 'ਤੇ ਇਹ ਹੱਦ ਨਗਰਪਾਲਿਕਾ ਦੀ ਹੀ ਹੱਦ ਹੁੰਦੀ ਹੈ । ਕਈ ਸ਼ਹਿਰਾਂ ਵਿੱਚ ਇੱਕ ਤੋਂ ਵਧੇਰੇ ਟੈਕਸੀ ਕੰਪਨੀਆਂ ਹਨ। ਕੁਝ ਕੰਪਨੀਆਂ ਨੂੰ ਇੱਕ ਤੋਂ ਵਧੇਰੇ ਸ਼ਹਿਰਾਂ ਵਿੱਚ ਕੰਮ ਕਰਨ ਦੀ ਆਗਿਆ ਹੁੰਦੀ ਹੈ ਜਿਵੇਂ ਨੌਰਥ ਸ਼ੋਰ ਟੈਕਸੀ ਨੌਰਥ ਵੈਨਕੂਵਰ ਅਤੇ ਵੈਸਟ ਵੈਨਕੂਵਰ ਵਿੱਚ ਸੇਵਾਵਾਂ ਦੇ ਸਕਦੀ ਹੈ। ਪੈਸਿੰਜਰ ਟਰਾਂਸਪੋਰਟ ਬੋਰਡ ਸਮੇਂ ਦੇ ਨਾਲ ਲੋੜ ਅਨੁਸਾਰ ਨਵੇਂ ਲਾਇਸੈਂਸ ਦਿੰਦਾ ਰਹਿੰਦਾ ਹੈ। ਕਈ ਵਾਰ ਆਰਜੀ ਲਾਈਸੈਂਸ ਵੀ ਦਿੱਤੇ ਜਾਂਦੇ ਹਨ ਜਿਵੇਂ ਜਨਵਰੀ 2010 ਤੋਂ ਮਾਰਚ 2010 ਤੱਕ ਉਲਪਿੰਕ ਖੇਡਾਂ ਕਾਰਣ ਵੈਨਕੂਵਰ ਦੀਆਂ ਟੈਕਸੀ ਕੰਪਨੀਆਂ ਨੂੰ ਟੈਕਸੀਆਂ ਦੇ ਆਰਜੀ ਲਾਈਸੈਂਸ ਦਿੱਤੇ ਗਏ। ਆਮ ਤੌਰ 'ਤੇ ਨਵੇਂ ਲਾਈਸੈਂਸ ਆਬਾਦੀ 'ਚ ਹੋਏ ਵਾਧੇ ਕਾਰਣ ਦਿੱਤੇ ਜਾਂਦੇ ਹਨ। ਮੈਟਰੋ ਵੈਨਕੂਵਰ ਵਿੱਚ ਟੈਕਸੀ ਅਤੇ ਜਨਸੰਖਿਆ ਦੀ ਅਨੁਪਾਤ 1:1381 ਹੈ। ਕਨੇਡਾ ਦੇ ਬਾਕੀ ਸ਼ਹਿਰਾਂ ਦੀ ਔਸਤ 1:714 ਹੈ। ਨਵੇਂ ਲਾਈਸੈਂਸ ਪਹਿਲਾਂ ਹੀ ਹੋਂਦ ਵਿੱਚ ਟੈਕਸੀ ਕੰਪਨੀਆਂ ਨੂੰ ਹੀ ਦਿੱਤੇ ਜਾਂਦੇ ਹਨ। ਜੇ ਕਿਸੇ ਸ਼ਹਿਰ ਵਿੱਚ ਹੋਰ ਟੈਕਸੀ ਕੰਪਨੀ ਦੀ ਜ਼ਰੂਰਤ ਹੋਵੇ ਤਾਂ ਕੁਝ ਲਾਈਸੈਂਸ ਉਸ ਨੂੰ ਦੇ ਕੇ ਨਵੀਂ ਕੰਪਨੀ ਵੀ ਸਥਾਪਤ ਕੀਤੀ ਜਾਂਦੀ ਹੈ। ਟੈਕਸੀ ਕੰਪਨੀਆਂ ਨਵੇਂ ਮਿਲੇ ਲਾਈਸੈਂਸ ਨੂੰ ਜਾਂ ਤਾਂ ਟੈਕਸੀ ਕੰਪਨੀ ਦੀ ਹੀ ਮਲਕੀਅਤ ਰਹਿਣ ਦਿੰਦੀਆਂ ਹਨ ਜਾਂ ਫਿਰ ਦੂਸਰੇ ਹਿੱਸੇਦਾਰਾਂ ਵਿੱਚ ਤਕਸੀਮ ਕਰ ਦਿੰਦੀਆਂ ਹਨ। ਇੱਕ ਲਾਈਸੈਂਸ ਦੇ ਦੋ ਹਿੱਸੇ ਹੁੰਦੇ ਹਨ ਜਾਂ ਕਹਿ ਲਵੋ ਕਿ ਇੱਕ ਟੈਕਸੀ ਦੇ ਦੋ ਹਿੱਸੇ (ਸ਼ੇਅਰ) ਹੁੰਦੇ ਹਨ। ਇਨ੍ਹਾਂ ਸ਼ੇਅਰਾਂ ਦੀ ਕੀਮਤ ਵੀ ਵਧਦੀ ਘਟਦੀ ਰਹਿੰਦੀ ਹੈ। ਵੈਨਕੂਵਰ ਦੀਆਂ ਟੈਕਸੀਆਂ ਦੇ ਸ਼ੇਅਰਾਂ ਦੀ ਕੀਮਤ ਉੱਤਰੀ ਅਮਰੀਕਾ ਦੇ ਸਾਰੇ ਵੱਡੇ ਸ਼ਹਿਰਾਂ ਦੀਆਂ ਟੈਕਸੀਆਂ ਦੇ ਸ਼ੇਅਰਾਂ ਨਾਲੋਂ ਜ਼ਿਆਦਾ ਹੈ। ਇਸਦਾ ਵੱਡਾ ਕਾਰਣ ਜਨਸੰਖਿਆ ਦੇ ਅਨੁਪਾਤ ਅਨੁਸਾਰ ਘੱਟ ਟੈਕਸੀਆਂ ਦਾ ਹੋਣਾ ਹੈ। ਮੈਟਰੋ ਵੈਨਕੂਵਰ ਵਿੱਚ 1999 ਵਿੱਚ ਇਹ ਕੀਮਤ 80,000 ਤੋਂ 210,000 ਸੀ। ਇਨ੍ਹਾਂ ਵਿੱਚੋਂ ਘੱਟ ਕੀਮਤ ਕੁਕਿਟਲਮ ਦੀਆਂ ਟੈਕਸੀਆਂ ਦੇ ਸ਼ੇਅਰਾਂ ਦੀ ਸੀ ਤੇ ਵੱਧ ਡਾਊਨ ਟਾਊਨ ਦੀਆਂ ਟੈਕਸੀਆਂ ਦੇ ਸ਼ੇਅਰਾਂ ਦੀ। ਸਾਲ 2010 ਤੱਕ ਡਾਊਨ ਟਾਊਨ ਦੀਆਂ ਟੈਕਸੀਆਂ ਦੇ ਸ਼ੇਅਰਾਂ ਦੀ

ਕੀਮਤ 300,000 ਤੱਕ ਪਹੁੰਚ ਗਈ ਹੈ। ਆਮ ਤੌਰ 'ਤੇ ਇੱਕ ਟੈਕਸੀ ਦੇ ਦੋ ਮਾਲਕ ਹੁੰਦੇ ਹਨ; ਇੱਕ ਕੋਲ ਦਿਨ ਦਾ ਹਿੱਸਾ ਹੁੰਦਾ ਹੈ ਤੇ ਦੂਜੇ ਕੋਲ ਰਾਤ ਦਾ। ਕਈਆਂ ਕੋਲ ਪੂਰੀ ਟੈਕਸੀ ਜਾਂ ਇੱਕ ਤੋਂ ਵੱਧ ਟੈਕਸੀਆਂ ਵੀ ਹੁੰਦੀਆਂ ਹਨ। ਅੰਦਾਜ਼ਨ 80-85% ਸ਼ੇਅਰਾਂ ਦੇ ਮਾਲਕ ਆਪ ਇੱਕ ਸ਼ਿਫ਼ਟ ਟੈਕਸੀ ਚਲਾਉਂਦੇ ਹਨ। ਜਿਨ੍ਹਾਂ ਕੋਲ ਆਪਣਾ ਸ਼ੇਅਰ ਨਹੀਂ ਹੁੰਦਾ, ਉਹ ਕਮਿਸ਼ਨ ਜਾਂ ਲੀਜ਼ 'ਤੇ ਟੈਕਸੀ ਚਲਾਉਂਦੇ ਹਨ। ਲੀਜ਼ ਅਤੇ ਕਮਿਸ਼ਨ ਦਾ ਰੇਟ ਵੱਖ-ਵੱਖ ਕੰਪਨੀਆਂ ਦਾ ਵੱਖਰੋ-ਵੱਖਰਾ ਹੁੰਦਾ ਹੈ। ਜਿਵੇਂ ਵੈਨਕੂਵਰ ਦੀ ਯੈਲੋ ਕੈਬ ਵਿੱਚ ਮੀਟਰ 'ਤੇ ਚੱਲੀ ਕਮਾਈ ਨੂੰ ਡਰਾਈਵਰ ਅਤੇ ਮਾਲਕ ਅੱਧੋ-ਅੱਧ ਵੰਡ ਲੈਂਦੇ ਹਨ। ਲੀਜ਼ ਦੀ ਕੀਮਤ 1500 ਤੋਂ 2000 ਡਾਲਰ ਤੱਕ ਪ੍ਰਤੀ ਸ਼ਿਫ਼ਟ ਪ੍ਰਤੀ ਮਹੀਨਾ ਹੁੰਦੀ ਹੈ। ਇਸ ਤੋਂ ਇਲਾਵਾ ਗੈਸ, ਬੀਮਾ, ਕਾਰ ਦੀ ਮੁਰੰਮਤ ਅਤੇ ਡਿਸਪੈਚ ਫ਼ੀਸ ਵੀ ਡਰਾਈਵਰ ਹੀ ਦਿੰਦਾ ਹੈ। ਇਹ ਖਰਚ ਤਕਰੀਬਨ 1950 ਡਾਲਰ ਪ੍ਰਤੀ ਸ਼ਿਫ਼ਟ ਹਰ ਮਹੀਨਾ ਹੁੰਦਾ ਹੈ। ਜੇ ਕਿਸੇ ਟੈਕਸੀ ਕੋਲ ਏਅਰਪੋਰਟ ਦੀ ਪਲੇਟ ਹੈ ਤਾਂ ਉਸ ਨੂੰ ਤਕਰੀਬਨ 150 ਡਾਲਰ ਪ੍ਰਤੀ ਸ਼ਿਫ਼ਟ ਹਰ ਮਹੀਨੇ ਏਅਰਪੋਰਟ ਫ਼ੀਸ ਦੇਣੀ ਪੈਂਦੀ ਹੈ। ਏਅਰਪੋਰਟ ਤੋਂ ਸਵਾਰੀ ਚੁੱਕਣ ਲਈ ਟੈਕਸੀ ਕੋਲ ਏਅਰਪੋਰਟ ਦੀ ਪਲੇਟ ਅਤੇ ਡਰਾਈਵਰ ਕੋਲ ਏਅਰਪੋਰਟ ਦਾ ਲਾਈਸੈਂਸ ਹੋਣਾ ਜ਼ਰੂਰੀ ਹੈ। ਸਾਲ 1968 ਤੋਂ 1980 ਤੱਕ ਸਿਰਫ਼ ਮੈਕਲੋਅਰਸ ਕੈਬ ਟੈਕਸੀ ਕੰਪਨੀ ਦੀਆਂ ਟੈਕਸੀਆਂ ਹੀ ਏਅਰਪੋਰਟ ਤੋਂ ਸਵਾਰੀ ਚੁੱਕ ਸਕਦੀਆਂ ਸਨ। ਅੱਜ ਮੈਟਰੋ ਵੈਨਕੂਵਰ ਦੀਆਂ ਸੋਲਾਂ ਟੈਕਸੀ ਕੰਪਨੀਆਂ ਏਅਰਪੋਰਟ ਤੋਂ ਸਵਾਰੀ ਚੁੱਕ ਸਕਦੀਆਂ ਹਨ। ਇਨ੍ਹਾਂ ਸੋਲ੍ਹਾਂ ਟੈਕਸੀ ਕੰਪਨੀਆਂ ਦੀਆਂ ਵੀ ਸਾਰੀਆਂ ਟੈਕਸੀਆਂ ਏਅਰਪੋਰਟ ਤੋਂ ਸਵਾਰੀ ਨਹੀਂ ਚੁੱਕ ਸਕਦੀਆਂ, ਸਿਰਫ਼ ਉਹੀ ਚੁੱਕ ਸਕਦੀਆਂ ਹਨ, ਜਿਨ੍ਹਾਂ ਕੋਲ ਏਅਰਪੋਰਟ ਦੀ ਪਲੇਟ ਹੋਵੇ। ਇਨ੍ਹਾਂ ਪਲੇਟਾਂ ਦੀ ਗਿਣਤੀ ਸਾਲ 1999 ਵਿੱਚ 386 ਸੀ ਅਤੇ ਸਾਲ 2010 ਵਿੱਚ ਇਹ ਗਿਣਤੀ 525 ਹੋ ਗਈ। ਸਾਲ 2009 ਵਿੱਚ ਏਅਰਪੋਰਟ ਨੂੰ ਸ਼ਹਿਰ ਨਾਲ ਜੋੜਣ ਲਈ ਰੇਲ ਦੇ ਚੱਲਣ ਨਾਲ ਏਅਰਪੋਰਟ ਦੀਆਂ ਟੈਕਸੀਆਂ ਦੇ ਕੰਮ 'ਤੇ ਚੋਖ਼ਾ ਅਸਰ ਪਿਆ ਹੈ। ਉਨ੍ਹਾਂ ਦੀ ਉਡੀਕ ਦਾ ਸਮਾਂ ਵਧ ਗਿਆ ਹੈ ਅਤੇ ਗੇੜਿਆਂ ਦੀ ਗਿਣਤੀ ਘਟ ਗਈ ਹੈ। ਏਅਰਪੋਰਟ ਦੀਆਂ ਟੈਕਸੀਆਂ ਦੀ ਗਿਣਤੀ ਨੂੰ ਗਰਾਊਂਡ ਟਰਾਂਸਪੋਰਟੇਸ਼ਨ ਬੋਰਡ ਹੀ ਏਅਰਪੋਰਟ ਦੇ ਟੈਕਸੀ ਵਿਭਾਗ ਦੀ ਸਹਾਇਤਾ ਨਾਲ ਕੰਟਰੋਲ ਕਰਦਾ ਹੈ।

ਮਹਿੰਗਾਈ ਦੇ ਵਧਣ ਦੇ ਨਾਲ ਟੈਕਸੀਆਂ ਦੇ ਕਿਰਾਏ ਵੀ ਵਧਦੇ ਰਹਿੰਦੇ ਹਨ। ਇਹ ਵਾਧਾ ਗਰਾਊਂਡ ਟਰਾਂਸਪੋਰਟੇਸ਼ਨ ਬੋਰਡ ਦੀ ਮਨਜ਼ੂਰੀ ਨਾਲ ਹੀ ਹੁੰਦਾ ਹੈ। ਨਵੇਂ ਭਾਅ ਅਨੁਸਾਰ ਮੀਟਰ ਸੈੱਟ ਕਰਕੇ ਸੀਲਬੰਦ ਕੀਤੇ ਜਾਂਦੇ ਹਨ। ਅਕਤੂਬਰ 1951 ਵਿੱਚ ਟੈਕਸੀ ਦਾ ਮੀਟਰ 45 ਸੈਂਟ ਤੋਂ ਸ਼ੁਰੂ ਹੁੰਦਾ ਸੀ। ਉਡੀਕ ਦਾ ਸਮਾਂ 3ਡਾਲਰ ਪ੍ਰਤੀ ਘੰਟਾ ਹੁੰਦਾ ਸੀ। ਸਾਲ 1996 ਤੱਕ ਉਡੀਕ ਦਾ ਕਿਰਾਇਆ ਵਧ ਕੇ 21 ਡਾਲਰ ਪ੍ਰਤੀ ਘੰਟਾ ਹੋ ਗਿਆ। ਮੀਟਰ 2ਡਾਲਰ 10 ਸੈਂਟ ਤੋਂ ਸ਼ੁਰੂ ਹੁੰਦਾ

ਸੀ ਅਤੇ 1ਡਾਲਰ 20 ਸੈਂਟ ਪ੍ਰਤੀ ਕਿਲੋਮੀਟਰ ਹੁੰਦਾ ਸੀ। ਸਾਲ 2010 ਦੇ ਜੁਲਾਈ ਮਹੀਨੇ ਤੋਂ ਇਹ ਰੇਟ 33ਡਾਲਰ 07 ਸੈਂਟ ਉਡੀਕ ਸਮਾਂ, ਮੀਟਰ ਦੀ ਸ਼ੁਰੂਆਤ 3 ਡਾਲਰ 20 ਸੈਂਟ ਅਤੇ 1 ਡਾਲਰ 85 ਸੈਂਟ ਪ੍ਰਤੀ ਕਿਲੋਮੀਟਰ ਹੋ ਗਏ ਹਨ। ਇਸ ਕਿਰਾਏ ਵਿੱਚ 12 % ਟੈਕਸ ਹੁੰਦਾ ਹੈ। ਇਹ ਟੈਕਸ ਅਗਾਂਹ ਸਰਕਾਰ ਨੂੰ ਦੇਣਾ ਪੈਂਦਾ ਹੈ।

ਹਰ ਟੈਕਸੀ ਕੰਪਨੀ ਆਪਣੇ ਕਾਰਜ-ਖੇਤਰ ਨੂੰ ਕਈ ਹਿੱਸਿਆ ਵਿੱਚ ਵੰਡ ਲੈਂਦੀ ਹੈ। ਇਸ ਨੂੰ ਜ਼ੋਨ ਆਖਦੇ ਹਨ। ਜ਼ੋਨ ਵਿੱਚ ਅੱਗੇ ਅੱਡੇ ਹੁੰਦੇ ਹਨ। ਇਹ ਅੱਡੇ ਕਿਸੇ ਹੋਟਲ, ਰੇਲ ਸਟੇਸ਼ਨ ਦੇ ਮੂਹਰੇ, ਕਿਸੇ ਮਾਲ ਵਿੱਚ ਜਾਂ ਕਿਸੇ ਅਜੇਹੇ ਥਾਂ ਹੁੰਦੇ ਹਨ, ਜਿੱਥੇ ਲੋਕਾਂ ਨੂੰ ਟੈਕਸੀ ਦੀ ਲੋੜ ਆਮ ਹੁੰਦੀ ਹੋਵੇ। ਡਰਾਈਵਰ ਆਪਣੀ ਟੈਕਸੀ ਨੂੰ ਜ਼ੋਨ ਅਤੇ ਫਿਰ ਅੱਡੇ ਉੱਪਰ ਬੁੱਕ ਕਰ ਦਿੰਦੇ ਹਨ। ਜਦੋਂ ਵੀ ਉਸ ਅੱਡੇ ਦੇ ਘੇਰੇ ਵਿੱਚੋਂ ਕਿਸੇ ਸਵਾਰੀ ਨੂੰ ਟੈਕਸੀ ਚਾਹੀਦੀ ਹੋਵੇ, ਡਿਸਪੈਚਰ ਉੱਥੇ ਪਹਿਲੀ ਟੈਕਸੀ ਨੂੰ ਭੇਜ ਦਿੰਦਾ ਹੈ। ਟੈਕਸੀ ਦੇ ਸਵਾਰੀ ਕੋਲ ਪਹੁੰਚਣ ਦਾ ਔਸਤਨ ਸਮਾਂ ਦਸ ਮਿੰਟ ਹੁੰਦਾ ਹੈ। ਬਹੁਤੇ ਵਾਰੀ ਟੈਕਸੀ ਇਸ ਤੋਂ ਘੱਟ ਸਮੇਂ ਵਿੱਚ ਹੀ ਸਵਾਰੀ ਕੋਲ ਪਹੁੰਚ ਜਾਂਦੀ ਹੈ। ਮੀਂਹ-ਕਣੀ, ਬਰਫ਼ਬਾਰੀ ਜਾਂ ਕਿਸੇ ਹੋਰ ਰੁਝੇਵੇਂ ਵਾਲੇ ਦਿਨ ਇਹ ਉਡੀਕ ਲੰਮੀ ਵੀ ਹੋ ਜਾਂਦੀ ਹੈ। ਵੈਨਕੂਵਰ ਸ਼ਹਿਰ ਦੀਆਂ ਟੈਕਸੀਆਂ ਲਈ ਮਈ ਤੋਂ ਸਤੰਬਰ ਤੱਕ ਰੁਝੇਵੇਂ ਵਾਲਾ ਸਮਾਂ ਹੁੰਦਾ ਹੈ। ਇਨ੍ਹਾਂ ਮਹੀਨਿਆਂ ਵਿੱਚ ਅਲਾਸਕਾ ਅਤੇ ਵੈਨਕੂਵਰ ਦੌਰਾਨ ਕਰੂਜ਼ਸ਼ਿੱਪ ਆਉਂਦੇ-ਜਾਂਦੇ ਹਨ, ਜਿਸ ਕਰਕੇ ਹਜ਼ਾਰਾਂ ਹੀ ਯਾਤਰੀ ਟੈਕਸੀ ਵਰਤਦੇ ਹਨ। ਇਸ ਤੋਂ ਬਿਨ੍ਹਾਂ ਸ਼ੁੱਕਰਵਾਰ ਤੇ ਸ਼ਨਿੱਚਰਵਾਰ ਦੀਆਂ ਰਾਤਾਂ ਨੂੰ ਪੱਬਾਂ ਦੇ ਬੰਦ ਹੋਣ ਸਮੇਂ (ਦੋ ਤੋਂ ਚਾਰ ਵਜੇ ਦਰਮਿਆਨ) ਵੀ ਟੈਕਸੀਆਂ ਲਈ ਕਮਾਈ ਦਾ ਸਮਾਂ ਹੁੰਦਾ ਹੈ।

ਅੱਜ ਮੈਟਰੋ ਵੈਨਕੂਵਰ ਦੀਆਂ ਤਕਰੀਬਨ ਸਾਰੀਆਂ ਹੀ ਵੱਡੀਆਂ ਟੈਕਸੀ ਕੰਪਨੀਆਂ ਕੰਪਿਊਟਰ ਡਿਸਪੈਚ ਸਿਸਟਮ ਵਰਤਦੀਆਂ ਹਨ। ਇਹ ਸਿਸਟਮ ਪਿਛਲੀ ਸਦੀ ਦੇ ਅੱਸੀਵਿਆਂ ਵਿੱਚ ਸ਼ੁਰੂ ਹੋਇਆ ਸੀ। ਉਸ ਤੋਂ ਪਹਿਲਾਂ ਰੇਡੀਓ ਡਿਸਪੈਚ ਸਿਸਟਮ ਸੀ। ਇਹ ਸਿਸਟਮ ਹਾਲੇ ਵੀ ਹਰ ਟੈਕਸੀ ਵਿੱਚ ਹੈ। ਕੰਮਪਿਊਟਰ ਦੇ ਖਰਾਬ ਹੋਣ ਦੀ ਸੂਰਤ ਵਿੱਚ ਜਾਂ ਡਿਸਪੈਚਰ ਨਾਲ ਗੱਲ-ਬਾਤ ਕਰਨ ਲਈ ਇਸ ਨੂੰ ਵਰਤਿਆ ਜਾਂਦਾ ਹੈ। ਕਈ ਛੋਟੀਆਂ ਕੰਪਨੀਆਂ ਹਾਲੇ ਵੀ ਸਿਰਫ਼ ਰੇਡੀਓ ਡਿਸਪੈਚ ਸਿਸਟਮ ਹੀ ਵਰਤਦੀਆਂ ਹਨ। 1950ਵਿਆਂ ਵਿੱਚ ਰੇਡੀਓ ਡਿਸਪੈਚ ਸਿਸਟਮ ਸ਼ੁਰੂ ਹੋਇਆ ਸੀ। ਉਸ ਤੋਂ ਪਹਿਲਾਂ ਟੈਕਸੀਆਂ ਨੂੰ ਸਵਾਰੀ ਲੈਣ ਲਈ ਅੱਡਿਆਂ 'ਤੇ ਜਾਣਾ ਪੈਂਦਾ ਸੀ। ਉਨ੍ਹਾਂ ਅੱਡਿਆਂ 'ਤੇ ਫ਼ੋਨ ਲੱਗੇ ਹੁੰਦੇ ਸਨ, ਜਿਹੜੇ ਟੈਕਸੀ ਦੇ ਦਫ਼ਤਰ ਨਾਲ ਜੁੜੇ ਹੁੰਦੇ। ਡਰਾਈਵਰ ਅੱਡੇ 'ਤੇ ਜਾ ਕੇ ਫੋਨ ਕਰਕੇ ਡਿਸਪੈਚਰ ਨੂੰ ਦੱਸ ਦਿੰਦਾ। ਸਵਾਰੀ ਨੂੰ ਉਤਾਰ ਕੇ ਡਰਾਈਵਰ ਨੂੰ ਅੱਡੇ ਵੱਲ ਜਾਣਾ ਪੈਂਦਾ ਇਸ ਤਰ੍ਹਾਂ ਸਮਾਂ ਬਹੁਤ ਖਰਾਬ ਹੁੰਦਾ ਸੀ। ਰੇਡੀਓ ਡਿਸਪੈਚ ਨਾਲ ਸਮੇਂ ਦੀ ਬੱਚਤ ਹੋਣ ਲੱਗ ਪਈ। ਹਰ ਟੈਕਸੀ ਵਿੱਚ ਆਪਣਾ ਦੋਪਾਸੜ ਰੇਡੀਓ

ਸੈੱਟ ਲੱਗ ਗਿਆ। ਸਮੇਂ ਦੇ ਨਾਲ ਨਾਲ ਟੈਕਸੀਆਂ ਦੀ ਗਿਣਤੀ ਵਧ ਗਈ। ਟੈਕਸੀਆਂ ਦੇ ਵਧਣ ਨਾਲ ਇੱਕ ਡਿਸਪੈਚਰ ਨੂੰ ਇੱਕੋ ਵੇਲੇ ਬਹੁਤ ਸਾਰੀਆਂ ਟੈਕਸੀਆਂ ਨੂੰ ਸੰਭਾਲਣਾ ਔਖਾ ਹੋਣ ਲੱਗਾ ਤਾਂ ਟੈਕਸੀ ਕੰਪਨੀਆਂ ਨਵੇਂ ਡਿਸਪੈਚ ਸਿਸਟਮ ਦੀ ਤਲਾਸ਼ ਕਰਨ ਲੱਗੀਆਂ। ਤਕਨਾਲੋਜੀ ਨੇ ਇਹ ਕੰਮ ਆਸਨ ਕਰ ਦਿੱਤਾ ਤੇ ਕੰਮਪਿਊਟਰ ਡਿਸਪੈਚ ਸਿਸਟਮ ਹੋਂਦ ਵਿੱਚ ਆ ਗਿਆ। ਤਕਨਾਲੋਜੀ ਨੂੰ ਸੁਰੱਖਿਆ ਲਈ ਵਰਤਿਆ ਜਾਣ ਲੱਗਾ। 'ਗਲੋਬਲ ਪੋਜ਼ੀਸ਼ਨਿੰਗ ਸਿਸਟਮ' ਦੇ ਹੋਂਦ ਵਿੱਚ ਆਉਣ ਕਾਰਣ ਹੁਣ ਲਾਪਤਾ ਹੋਈ ਟੈਕਸੀ ਦਾ ਪਤਾ ਲਗਾਇਆ ਜਾ ਸਕਦਾ ਹੈ। ਟੈਕਸੀਆਂ ਵਿੱਚ ਕੈਮਰੇ ਲੱਗ ਗਏ ਹਨ। ਉਹ ਸਵਾਰੀ ਦੀ ਤਸਵੀਰ ਖਿੱਚ ਲੈਂਦੇ ਹਨ। ਲੋੜ ਪੈਣ 'ਤੇ ਅਪਰਾਧੀ ਨੂੰ ਤਸਵੀਰ ਦੀ ਮੱਦਦ ਨਾਲ ਕਾਬੂ ਕੀਤਾ ਜਾ ਸਕਦਾ ਹੈ। ਇਸ ਨਾਲ ਲੁੱਟ-ਖੋਹ ਦੀਆਂ ਵਾਰਦਾਤਾਂ ਵਿੱਚ ਕਮੀ ਆਈ ਹੈ।

ਟੈਕਸੀ ਚਲਾਉਣ ਦਾ ਲਾਈਸੈਂਸ ਲੈਣ ਲਈ ਕਲਾਸ ਫੋਰ ਡਰਾਈਵਿੰਗ ਲਾਈਸੈਂਸ ਲੈਣਾ ਜ਼ਰੂਰੀ ਹੈ। ਆਮ ਕਾਰ ਚਲਾਉਣ ਲਈ ਕਲਾਸ ਫਾਈਵ ਹੁੰਦਾ ਹੈ। ਜਸਟਿਸ ਇੰਸਟੀਚਿਊਟ ਤੋਂ ਟੈਕਸੀ ਹੋਸਟ ਲੈਵਲ1 ਤੇ 2 ਕੋਰਸ ਕਰਨੇ ਜ਼ਰੂਰੀ ਹਨ। ਸਬੰਧਤ ਨਗਰਪਾਲਿਕਾ, ਜਿਸ ਅਧੀਨ ਟੈਕਸੀ ਕੰਪਨੀ ਹੁੰਦੀ ਹੈ, ਉਸ ਤੋਂ ਸ਼ੋਫ਼ਰ ਪਰਮਿਟ ਲੈਣਾ ਪੈਂਦਾ ਹੈ। ਨਗਰਪਾਲਿਕਾ ਵਾਲੇ ਪਰਮਿਟ ਦੇਣ ਸਮੇਂ ਟੈਕਸੀ ਕੰਪਨੀ ਤੋਂ ਜ਼ਾਮਿਨ ਚਿੱਠੀ, ਡਰਾਈਵਿੰਗ ਹਿਸਟਰੀ ਅਤੇ ਅਪਰਾਧੀ ਪਿਛੋਕੜ ਬਾਰੇ ਜਾਂਚ ਕਰਦੇ ਹਨ। ਏਅਰਪੋਰਟ ਤੋਂ ਸਵਾਰੀ ਚੁੱਕਣ ਲਈ ਡਰਾਈਵਰ ਕੋਲ ਏਅਰਪੋਰਟ ਦਾ ਪਛਾਣ ਪੱਤਰ ਹੋਣਾ ਜ਼ਰੂਰੀ ਹੈ। ਇਹ ਪਛਾਣ ਪੱਤਰ ਏਅਰਪੋਰਟ ਦਾ ਟੈਕਸੀ ਵਿਭਾਗ ਜਾਰੀ ਕਰਦਾ ਹੈ।

ਵੈਨਕੂਵਰ ਵਿੱਚ ਟੈਕਸੀ ਦੇ ਕਿੱਤੇ ਵਿੱਚ ਬਹੁਤਾ ਕਰਕੇ ਪ੍ਰਵਾਸੀ ਲੋਕਾਂ ਦੀ ਹੀ ਬਹੁਤਾਤ ਰਹੀ ਹੈ। ਸਥਾਪਤ ਲੋਕ ਅਤੇ ਪ੍ਰਵਾਸੀਆਂ ਦੀ ਅਗਲੀ ਪੀੜ੍ਹੀ ਇਸ ਕਿੱਤੇ ਵਿੱਚ ਨਹੀਂ ਪੈਂਦੀ। ਇਸਦਾ ਕਾਰਣ ਕੰਮ ਕਰਨ ਦੇ ਲੰਮੇ ਘੰਟੇ ਅਤੇ ਘੱਟ ਕਮਾਈ ਹੈ। ਟੈਕਸੀ ਚਲਾਉਣ ਦੀ ਇੱਕ ਸ਼ਿਫ਼ਟ ਬਾਰ੍ਹਾਂ ਘੰਟੇ ਦੀ ਹੁੰਦੀ ਹੈ। ਏਅਰਪੋਰਟ 'ਤੇ ਟੈਕਸੀ ਚਲਾਉਣ ਵਾਲੇ ਜਾਂ ਕਈ ਕੰਪਨੀਆਂ ਵਿੱਚ ਡਰਾਈਵਰ 16-16 ਘੰਟੇ ਟੈਕਸੀ ਚਲਾਉਂਦੇ ਹਨ। ਇਸ ਨੂੰ ਉਹ ਲੌਂਗ ਸ਼ਿਫ਼ਟ ਆਖਦੇ ਹਨ। ਸਵਾਰੀਆਂ ਵੱਲੋਂ ਜ਼ਿਆਦਾ ਕਰਕੇ ਨਗਦ ਰਾਸ਼ੀ ਵਿੱਚ ਭਾੜਾ ਦੇਣ ਕਰਕੇ ਡਰਾਈਵਰ ਟੈਕਸ ਵਿੱਚ ਹੇਠ-ਉੱਤਾ ਕਰਕੇ ਕੰਮ ਚਲਾਈ ਜਾਂਦੇ ਹਨ। ਕਨੇਡਾ ਵਿੱਚ ਜੰਮਿਆਂ-ਪਲਿਆਂ ਨੂੰ ਇਹ ਵਾਰਾ ਨਹੀਂ ਖਾਂਦਾ। ਭਾਰਤੀ ਲੋਕਾਂ ਤੋਂ ਪਹਿਲਾਂ ਇਟਾਲੀਅਨ ਅਤੇ ਗਰੀਕ ਮੂਲ ਦੇ ਪ੍ਰਵਾਸੀਆਂ ਦਾ ਇਸ ਕਿੱਤੇ 'ਤੇ ਗਲਬਾ ਸੀ। ਉਨ੍ਹਾਂ ਦੀ ਅਗਲੀ ਪੀੜ੍ਹੀ ਇਸ ਕਿੱਤੇ ਤੋਂ ਮੂੰਹ ਮੋੜ ਗਈ। ਵੈਨਕੂਵਰ ਵਿੱਚ 1962 ਵਿੱਚ ਅਜੀਤ ਸਿੰਘ ਥਾਂਦੀ ਪਹਿਲਾ ਪੰਜਾਬੀ ਸੀ, ਜਿਹੜਾ ਟੈਕਸੀ ਚਲਾਉਣ ਲੱਗਾ। ਉਹ ਸੋਲ੍ਹਾਂ ਸਾਲ ਦੀ ਉਮਰ ਵਿੱਚ ਕਨੇਡਾ ਆਇਆ ਸੀ। ਇੱਥੇ ਉਸ ਨੇ ਬਾਰ੍ਹਵੀਂ ਜਮਾਤ ਪਾਸ

ਕਰਨ ਤੋਂ ਬਾਅਦ ਆਟੋ ਮਕੈਨਿਕ ਦਾ ਕੋਰਸ ਕੀਤਾ ਅਤੇ ਫਿਰ ਲੱਕੜ ਮਿੱਲ ਵਿੱਚ ਕੰਮ ਕਰਨ ਲੱਗਾ। ਉਸ ਨੇ ਟੈਕਸੀ ਦਾ ਕੰਮ ਵੀਕਐਂਡ 'ਤੇ ਪਾਰਟ ਟਾਈਮ ਟੈਕਸੀ ਚਲਾਉਣ ਨਾਲ ਸ਼ੁਰੂ ਕੀਤਾ। ਉਸ ਨੂੰ ਇਹ ਕੰਮ ਭਾਅ ਗਿਆ ਤੇ ਉਹ ਪੱਕਾ ਹੀ ਟੈਕਸੀ ਚਲਾਉਣ ਲੱਗ ਪਿਆ। 1988 ਵਿੱਚ ਉਹ ਇਸ ਕਿੱਤੇ ਵਿੱਚੋਂ ਹੀ ਰੀਟਾਇਰ ਹੋਇਆ। ਅਜੀਤ ਸਿੰਘ ਥਾਂਦੀ ਤੋਂ ਬਾਅਦ ਸੱਠਵਿਆਂ ਵਿੱਚ ਇੱਕੜ-ਦੁੱਕੜ ਹੋਰ ਪੰਜਾਬੀ ਵੀ ਇਸ ਕਿੱਤੇ ਵਿੱਚ ਆਏ। ਸੱਤਰਵਿਆਂ ਵਿੱਚ, ਜਦੋਂ ਕਨੇਡਾ ਦੀ ਪ੍ਰਵਾਸੀਆਂ ਲਈ ਨੀਤੀ ਵਿੱਚ ਬਦਲਾਅ ਹੋਇਆ ਤਾਂ ਵੱਡੀ ਗਿਣਤੀ ਵਿੱਚ ਪੰਜਾਬੀ ਲੋਕ ਵੈਕਨੂਵਰ ਆਉਣ ਲੱਗੇ। ਇਹ ਲੋਕ ਪਹਿਲਾਂ ਆਏ ਪੰਜਾਬੀਆਂ ਦੀ ਬਨਿਸਬਤ ਵਧੇਰੇ ਪੜ੍ਹੇ-ਲਿਖੇ ਸਨ। ਉਹ ਅੰਗ੍ਰੇਜ਼ੀ ਬੋਲ-ਸਮਝ ਸਕਦੇ ਸਨ। ਹੋਰ ਭਾਰੇ ਕੰਮਾਂ ਵਾਲੀ ਮਜ਼ਦੂਰੀ ਨਾਲੋਂ ਉਨ੍ਹਾਂ ਨੇ ਟੈਕਸੀ ਦੇ ਕਿੱਤੇ ਨੂੰ ਪਹਿਲ ਦਿੱਤੀ। ਅੱਸੀਵਿਆਂ ਵਿੱਚ ਪੰਜਾਬੀਆਂ ਦੀ ਤਦਾਦ ਵਧ ਗਈ।ਉਹ ਕਮਿਸ਼ਨ ਅਤੇ ਠੇਕੇ 'ਤੇ ਟੈਕਸੀ ਚਲਾਉਣ ਨਾਲੋਂ ਆਪਣੀ ਟੈਕਸੀ ਖ਼ਰੀਦਣ ਨੂੰ ਤਰਜੀਹ ਦਿੰਦੇ ਸਨ। ਟੈਕਸੀਆਂ ਦੇ ਭਾਅ ਵਧ ਗਏ। ਇਟਾਲੀਅਨ ਅਤੇ ਗਰੀਕ ਮੂਲ ਦੇ ਲੋਕਾਂ ਨੇ ਟੈਕਸੀਆਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਜਿੱਥੇ ਪਹਿਲਾਂ ਇੱਕ ਜਣੇ ਕੋਲ ਕਈ-ਕਈ ਟੈਕਸੀਆਂ ਹੁੰਦੀਆਂ ਸਨ, ਉੱਥੇ ਇੱਕੋ ਟੈਕਸੀ ਦੇ ਦੋ-ਦੋ ਮਾਲਕ ਬਨਣੇ ਸ਼ੁਰੂ ਹੋ ਗਏ। ਕਨੇਡਾ ਵਿੱਚ ਹਾਲੇ ਵੀ ਪੰਜਾਬੀਆਂ ਦਾ ਪ੍ਰਵਾਸ ਜ਼ੋਰਾਂ 'ਤੇ ਹੈ ਅਤੇ ਟੈਕਸੀ ਦੇ ਕਿੱਤੇ ਵਿੱਚ ਵੀ ਉਨ੍ਹਾਂ ਦੀ ਬਹੁਤਾਤ ਹੈ। ਪੰਜਾਬੀਆਂ ਦੀ ਦੂਜੀ ਪੀੜ੍ਹੀ ਇਸ ਕਿੱਤੇ ਵੱਲ ਨਹੀਂ ਆ ਰਹੀ। ਪਿਛਲੇ ਕੁਝ ਸਾਲਾਂ ਤੋਂ ਇਰਾਨੀ ਮੂਲ ਦੇ ਪ੍ਰਵਾਸੀ ਇਸ ਕਿੱਤੇ ਵੱਲ ਆਉਣੇ ਸ਼ੁਰੂ ਹੋ ਗਏ ਹਨ।

ਆਓ ਮੈਟਰੋ ਵੈਨਕੂਵਰ ਦੀਆਂ ਟੈਕਸੀ ਕੰਪਨੀਆਂ ਬਾਰੇ ਵੀ ਸੰਖੇਪ ਵਿੱਚ ਜਾਣ ਲਈਏ। ਅੱਜ ਸੰਨ 2010 ਵਿੱਚ ਮੈਟਰੋ ਵੈਨਕੂਵਰ ਵਿੱਚ ਹੇਠ ਦਿੱਤੀਆਂ ਟੈਕਸੀ ਕੰਪਨੀਆਂ ਸੇਵਾਵਾਂ ਦੇ ਰਹੀਆਂ ਹਨ:

ਯੈਲੋ ਕੈਬ ਕੰਪਨੀ:

ਇਹ ਟੈਕਸੀ ਕੰਪਨੀ ਵੈਨਕੂਵਰ ਦੇ ਇਲਾਕੇ ਵਿੱਚ 1921 ਤੋਂ ਇਸ ਨਾਂ ਹੇਠ ਸੇਵਾਵਾਂ ਦੇ ਰਹੀ ਹੈ। ਇਸ ਕੰਪਨੀ ਦੇ 260 ਹਿੱਸੇਦਾਰ ਹਨ ਅਤੇ ਇਸ ਕੋਲ 249 ਟੈਕਸੀਆਂ ਹਨ। ਇਸ ਕੰਪਨੀ ਦਾ ਕਾਰਜ-ਖੇਤਰ ਵੈਨਕੂਵਰ ਸ਼ਹਿਰ ਹੈ।

ਬਲੈਕ ਟੌਪ:

ਬਲੈਕ ਟੌਪ ਕੰਪਨੀ 1947 ਵਿੱਚ ਹੋਂਦ 'ਚ ਆਈ। ਇਸ ਕੰਪਨੀ ਕੋਲ 197 ਟੈਕਸੀਆਂ

ਹਨ। ਇਸ ਕੰਪਨੀ ਦਾ ਘੇਰਾ ਵੈਨਕੂਵਰ ਸ਼ਹਿਰ ਹੈ।

**ਮੈਕਲੋਅਰਜ਼ ਕੈਬ:**

ਇਸ ਕੰਪਨੀ ਦੇ ਪਹਿਲੇ ਮਾਲਕ ਡੋਨਲਡ ਮੈਕਲੋਅਰ ਨੇ 1911 ਵਿੱਚ ਟੈਕਸੀ ਚਲਾਉਣੀ ਸ਼ੁਰੂ ਕੀਤੀ ਸੀ। ਸੰਨ 1968 ਤੋਂ 1980 ਤੱਕ ਇਹ ਇਕੱਲੀ ਟੈਕਸੀ ਕੰਪਨੀ ਸੀ, ਜਿਸ ਕੋਲ ਏਅਰਪੋਰਟ ਤੋਂ ਸਵਾਰੀ ਚੁੱਕਣ ਦਾ ਠੇਕਾ ਸੀ। ਅੱਜ ਇਸ ਕੰਪਨੀ ਕੋਲ 65 ਟੈਕਸੀਆਂ ਹਨ। ਇਹ ਕੰਪਨੀ ਵੈਨਕੂਵਰ ਸ਼ਹਿਰ ਵਿੱਚ ਸੇਵਾਵਾਂ ਦਿੰਦੀ ਹੈ।

**ਵੈਨਕੂਵਰ ਟੈਕਸੀ:**

ਵੈਨਕੂਵਰ ਟੈਕਸੀ ਦਾ ਘੇਰਾ ਵੈਨਕੂਵਰ ਸ਼ਹਿਰ ਹੈ। ਇਸ ਕੋਲ 77 ਟੈਕਸੀਆਂ ਹਨ।

**ਬੌਨੀਜ਼ ਟੈਕਸੀ:**

ਇਹ ਟੈਕਸੀ ਕੰਪਨੀ 1943 ਵਿੱਚ ਸ਼ੁਰੂ ਹੋਈ ਸੀ। ਬਾਅਦ ਵਿੱਚ ਕੈਪੀਟਲ ਹਿੱਲ ਤੇ ਬਰਨਬੀ ਇਲੀਟ ਟੈਕਸੀ ਕੰਪਨੀਆਂ ਇਸ ਵਿੱਚ ਰਲ ਗਈਆਂ। ਇਸ ਕੰਪਨੀ ਦਾ ਕਾਰਜ-ਖੇਤਰ ਬਰਨਬੀ ਸ਼ਹਿਰ ਹੈ। ਨਿਊਵੈਸਮਨਿਸਟਰ ਸ਼ਹਿਰ ਦੀ ਕੁਈਨ ਸਿਟੀ ਟੈਕਸੀ ਕੰਪਨੀ ਦੇ ਰਲੇਵੇਂ ਕਾਰਣ ਇਸ ਕੰਪਨੀ ਦੇ ਘੇਰੇ ਵਿੱਚ ਨਿਊਵੈਸਟਮਨਿਸਟਰ ਸ਼ਹਿਰ ਵੀ ਆ ਗਿਆ ਹੈ। ਬੌਨੀਜ਼ ਟੈਕਸੀ ਦੇ 218 ਹਿੱਸੇਦਾਰ ਹਨ ਅਤੇ ਇਸ ਕੋਲ 115 ਟੈਕਸੀਆਂ ਹਨ।

**ਬਰਨਬੀ ਸੀਲੈਕਟ ਮੈਟਰੋਟਾਊਨ ਟੈਕਸੀ ਲਿਮਿਟਡ:**

ਬਰਨਬੀ ਸ਼ਹਿਰ ਦੀ ਇਹ ਕੰਪਨੀ ਡਗਲਸ ਓਲਡਮ ਨੇ 1985 ਵਿੱਚ 2 ਟੈਕਸੀਆਂ ਨਾਲ ਸ਼ੁਰੂ ਕੀਤੀ ਸੀ। ਇਹ ਦੋ ਟੈਕਸੀਆਂ ਉਸ ਨੇ ਬੌਨੀਜ਼ ਟੈਕਸੀ ਨਾਲੋਂ ਵੱਖ ਕਰ

ਲਈਆਂ ਸਨ। ਅੱਜ ਉਸ ਕੋਲ 4 ਟੈਕਸੀਆਂ ਹਨ ਅਤੇ ਉਹ ਮੁੜ ਬੌਨੀਜ਼ ਟੈਕਸੀ ਨੂੰ ਵੇਚ ਰਿਹਾ ਹੈ।

ਰੌਇਲ ਸਿਟੀ ਟੈਕਸੀ: ਨਿਊਵੈਸਟਮਨਿਸਟਰ ਸ਼ਹਿਰ ਦੀ ਇਹ ਟੈਕਸੀ ਕੰਪਨੀ 1930ਵਿਆਂ ਵਿੱਚ ਹੌਵਰਡ ਪਾਲ ਨੇ ਸ਼ੁਰੂ ਕੀਤੀ ਸੀ। ਦੂਜੇ ਸੰਸਾਰ ਯੁੱਧ ਤੋਂ ਬਾਅਦ ਨਿਊਵੈਸਮਨਿਸਟਰ ਸ਼ਹਿਰ ਦੇ ਬਹੁਤ ਸਾਰੇ ਸਾਬਕਾ ਫੌਜੀਆਂ ਨੂੰ ਟੈਕਸੀਆਂ ਦੇ ਲਾਈਸੈਂਸ ਮਿਲੇ ਸਨ। ਹੌਲੀ-ਹੌਲੀ ਉਹ ਇਸ ਕੰਪਨੀ ਦੇ ਹਿੱਸੇਦਾਰ ਬਣਦੇ ਗਏ। ਸੰਨ 1973 ਵਿੱਚ ਇਹ ਕੰਪਨੀ ਡਾਅਰਟ ਮਕਲੀਨ ਨੂੰ ਵੇਚ ਦਿੱਤੀ ਗਈ। ਫਿਰ ਸੰਨ 1991 ਵਿੱਚ ਇਸ ਕੰਪਨੀ ਵਿੱਚ ਫੇਰ-ਬਦਲ ਹੋਇਆ ਤੇ ਇਹ ਮਾਲਕ/ ਡਰਾਈਵਰ ਬਣ ਗਈ। ਅੱਜ ਰੌਇਲ ਸਿਟੀ ਟੈਕਸੀ ਕੋਲ 52 ਟੈਕਸੀਆਂ ਹਨ।

ਕੁਈਨ ਸਿਟੀ ਟੈਕਸੀ: ਇਸ ਕੰਪਨੀ ਦਾ ਘੇਰਾ ਨਿਊਵਿਸਟਮਿਨਿਸਟਰ ਸ਼ਹਿਰ ਹੈ। ਇਸ ਕੰਪਨੀ ਕੋਲ 11 ਟੈਕਸੀਆਂ ਹਨ ਅਤੇ ਇਹ ਕੰਪਨੀ ਬੌਨੀਜ਼ ਟੈਕਸੀ ਦਾ ਹਿੱਸਾ ਹੈ।

ਸਰਡਲ ਕੈਨੇਡੀ ਟੈਕਸੀ ਲਿਮਿਟਡ: ਇਹ ਟੈਕਸੀ ਕੰਪਨੀ ਸਰੀ ਅਤੇ ਡੈੱਲਟਾ ਸ਼ਹਿਰਾਂ ਵਿੱਚ ਕਾਰਜਸ਼ੀਲ ਹੈ। ਸਰਡਲ ਟੈਕਸੀ ਸੰਨ 1977 ਵਿੱਚ ਹੋਂਦ 'ਚ ਆਈ। ਸੰਨ 1992 ਵਿੱਚ ਸਰਡਲ ਟੈਕਸੀ ਲਿਮਿਟਡ ਅਤੇ ਕੈਨੇਡੀ ਟੈਕਸੀ ਲਿਮਿਟਡ(1980) ਨੇ ਰਲ ਕੇ ਇਕ ਨਵੀ ਕੰਪਨੀ ਸਰਡਲ ਕੈਨੇਡੀ ਟੈਕਸੀ ਲਿਮਿਟਡ ਬਣਾ ਲਈ। ਅੱਜ ਇਸ ਕੰਪਨੀ ਕੋਲ 69

ਟੈਕਸੀਆਂ ਹਨ। ਇਨ੍ਹਾਂ ਵਿੱਚੋਂ 40 ਟੈਕਸੀਆਂ ਕੋਲ ਏਅਰਪੋਰਟ ਦੀ ਪਲੇਟ ਹੈ। ਇਸ ਕੰਪਨੀ ਵਿੱਚ 250 ਕੁੱਲ ਵਕਤੀ ਤੇ ਪਾਰਟ ਟਾਈਮ ਡਰਾਈਵਰ ਕੰਮ ਕਰਦੇ ਹਨ।

**ਨਿਊਟਨ ਵਾਲ਼ੀ ਹਾਈ-ਵੇ ਟੈਕਸੀ ਲਿਮਿਟਡ:** ਇਹ ਕੰਪਨੀ ਸਰੀ, ਡੈੱਲਟਾ ਅਤੇ ਵਾਈਟ ਰੌਕ ਸ਼ਹਿਰਾਂ ਵਿੱਚ ਕੰਮ ਕਰਦੀ ਹੈ। ਇਸ ਕੰਪਨੀ ਕੋਲ 70 ਟੈਕਸੀਆਂ ਹਨ। ਇਹ ਕੰਪਨੀ 1941 ਵਿੱਚ ਸ਼ੁਰੂ ਹੋਈ। ਸੰਨ 2010 ਵਿੱਚ ਇਸ ਕੰਪਨੀ ਨੇ ਆਪਣੀ ਇੱਕ ਹੋਰ ਸ਼ਾਖ ਬਣਾ ਲਈ ਹੈ, ਜਿਸਦਾ ਨਾਂ ਮੇਨਲੈਂਡ ਟੈਕਸੀ ਰੱਖਿਆ ਹੈ।

**ਗਿਲਫਰਡ ਕੈਬਸ 1993 ਲਿਮਿਟਡ:** ਇਹ ਕੰਪਨੀ 1993 ਵਿੱਚ ਸ਼ੁਰੂ ਹੋਈ। ਇਸ ਕੋਲ 50 ਟੈਕਸੀਆਂ ਹਨ। ਇਹ ਕੰਪਨੀ ਸਰੀ ਅਤੇ ਨੌਰਥ ਡੈੱਲਟਾ ਵਿੱਚ ਸੇਵਾਵਾਂ ਦਿੰਦੀ ਹੈ।

**ਪੈਸੇਫਿਕ ਕੈਬਸ:** ਇਸ ਕੰਪਨੀ ਦਾ ਘੇਰਾ ਸਰੀ, ਵਾਈਟ ਰੌਕ ਅਤੇ ਲੈਂਗਲੀ ਸ਼ਹਿਰ ਹਨ। ਇਸ ਕੰਪਨੀ ਕੋਲ 63 ਟੈਕਸੀਆਂ ਹਨ। ਸੰਨ 1990 ਵਿੱਚ ਵਾਈਟ ਰੌਕ ਟੈਕਸੀ, ਕਲੋਵਰ ਕੈਬਸ, ਲੈਂਗਲੀ ਕੈਬਸ ਤੇ ਕੈਨੀਅਨ ਕੈਬਸ ਨੂੰ ਮਿਲਾ ਕੇ 'ਵਾਈਟ ਰੌਕ ਸਾਊਥ ਸਰੀ ਟੈਕਸੀ ਲਿਮਿਟਡ' ਨਾਂ ਦੀ ਟੈਕਸੀ ਕੰਪਨੀ ਹੋਂਦ ਵਿੱਚ ਆਈ। ਸੰਨ 1994 ਵਿੱਚ ਇਸ ਕੰਪਨੀ ਦਾ ਨਾਂ ਪਸੇਫਿਕ ਕੈਬਸ ਹੋ ਗਿਆ। ਇਸ ਕੰਪਨੀ ਦੇ 100 ਦੇ ਕਰੀਬ ਹਿੱਸੇਦਾਰ ਹਨ, ਜਿਨ੍ਹਾਂ ਵਿੱਚੋਂ 70 ਟੈਕਸੀ ਚਲਾਉਂਦੇ ਹਨ।

**ਡੈੱਲਟਾ ਸੰਨਸ਼ਾਈਨ ਟੈਕਸੀ (1972)ਲਿਮਿਟਡ ਐਂਡ ਟਵਾਸਨ ਟੈਕਸੀ ਲਿਮਿਟਡ:** ਡੈੱਲਟਾ ਸੰਨਸ਼ਾਈਨ ਤੇ ਟਵਾਸਨ ਟੈਕਸੀ ਨੇ ਰਲ ਕੇ ਇੱਕ ਕੰਪਨੀ ਬਣਾ ਲਈ।ਡੈੱਲਟਾ ਸਨਸ਼ਾਈਨ ਕੋਲ 40 ਟੈਕਸੀਆਂ ਹਨ ਅਤੇ ਟਵਾਸਨ ਟੈਕਸੀ ਕੋਲ 28। ਇਸ ਕੰਪਨੀ ਕੋਲ ਕੁੱਲ 68 ਟੈਕਸੀਆਂ ਹਨ। ਹੁਣ ਇਸਦਾ ਨਾਂ ਗਰੀਨ ਕੈਬਸ ਹੋ ਗਿਆ ਹੈ। ਇਸਦਾ ਕਾਰਜ-ਖੇਤਰ ਡੈੱਲਟਾ, ਟਵਾਸਨ, ਲਾਡਨਰ, ਟਵਾਸਨ ਫੈਰੀ ਤੇ ਸਰੀ ਹੈ।

**ਕੋਰਲ ਕੈਬਸ ਲਿਮਿਟਡ:** ਰਿਚਮੰਡ ਸ਼ਹਿਰ ਦੀ ਇਸ ਕੰਪਨੀ ਕੋਲ 19 ਟੈਕਸੀਆਂ ਹਨ।

**ਰਿਚਮੰਡ ਕੈਬਸ:** ਇਸ ਕੰਪਨੀ ਦਾ ਘੇਰਾ ਰਿਚਮੰਡ ਸ਼ਹਿਰ ਹੈ। ਇਸ ਕੰਪਨੀ ਕੋਲ 64 ਟੈਕਸੀਆਂ ਹਨ।

**ਕਿੰਬਰ ਕੈਬਸ:** ਇਹ ਟੈਕਸੀ ਕੰਪਨੀ 1982 ਵਿੱਚ ਮਿਸਟਰ ਕਿੰਬਰ ਨੇ ਸ਼ੁਰੂ ਕੀਤੀ। ਇਸ ਕੋਲ 18 ਵ੍ਹੀਲ ਚੇਅਰ ਚੜ੍ਹਾਉਣ ਵਾਲੀਆਂ ਵੈਨਾਂ ਹਨ। ਇਹ ਮੈਟਰੋ ਵੈਨਕੂਵਰ ਦੀ ਪਹਿਲੀ ਵ੍ਹੀਲ ਚੇਅਰ ਵਾਲੀ ਟੈਕਸੀ ਸੀ। ਇਹ ਰਿਚਮੰਡ ਸ਼ਹਿਰ ਦੀ ਕੰਪਨੀ ਹੈ। ਇਸ ਵਿੱਚ ਰੇਡੀਓ ਡਿਸਪੈਚ ਸਿਸਟਮ ਹੈ।

**ਗਾਰਡਨ ਸਿਟੀ ਕੈਬਸ:** ਰਿਚਮੰਡ ਸ਼ਹਿਰ ਦੀ ਇਹ ਟੈਕਸੀ ਕੰਪਨੀ 2008 ਵਿੱਚ ਹੋਂਦ 'ਚ ਆਈ। ਇਸ ਕੋਲ 30 ਟੈਕਸੀਆਂ ਹਨ।

**ਸਨਸ਼ਾਈਨ ਕੈਬਸ ਲਿਮਿਟਡ:** ਇਹ ਕੰਪਨੀ 1981 ਵਿੱਚ ਬਣੀ। ਇਸ ਦਾ ਕਾਰਜ-ਖੇਤਰ ਨੌਰਥ-ਸ਼ੋਰ ਹੈ। ਇਸ ਕੰਪਨੀ ਕੋਲ 48 ਟੈਕਸੀਆਂ ਹਨ।

| | |
|---|---|
| ਨੌਰਥ ਸ਼ੋਰ ਟੈਕਸੀ: | ਸੰਨ 1966 ਵਿੱਚ ਬਣੀ ਇਸ ਟੈਕਸੀ ਕੰਪਨੀ ਕੋਲ 125 ਟੈਕਸੀਆਂ ਹਨ। ਇਹ ਕੰਪਨੀ ਨੌਰਥ-ਸ਼ੋਰ ਵਿੱਚ ਕੰਮ ਕਰਦੀ ਹੈ। |
| ਕੁਕਿਟਲਮ ਟੈਕਸੀ (1977) ਲਿਮਿਟਡ: | ਇਹ ਟੈਕਸੀ ਕੰਪਨੀ ਪੋਰਟਮੂਡੀ, ਕੁਕਿਟਲਮ ਤੇ ਪੋਰਟ ਕੁਕਿਟਲਮ ਸ਼ਹਿਰਾਂ ਵਿੱਚ ਸੇਵਾਵਾਂ ਦਿੰਦੀ ਹੈ। ਇਸ ਕੰਪਨੀ ਦੀਆਂ 31 ਟੈਕਸੀਆਂ ਹਨ। |
| ਬਿੱਲ-ਏਅਰ ਟੈਕਸੀ (1982) ਲਿਮਿਟਡ: | 46 ਟੈਕਸੀਆਂ ਵਾਲੀ ਇਹ ਕੰਪਨੀ ਕੁਕਿਟਲਮ, ਪੋਰਟ ਕੁਕਿਟਲਮ ਤੇ ਪੋਰਟ ਮੂਡੀ ਸ਼ਹਿਰਾਂ ਵਿੱਚ ਸੇਵਾਵਾਂ ਦਿੰਦੀ ਹੈ। |
| ਐਲੀਟ ਟੈਕਸੀ: | ਇਸ ਕੰਪਨੀ ਕੋਲ 10 ਟੈਕਸੀਆਂ ਹਨ ਅਤੇ ਇਸਦਾ ਕਾਰਜ-ਖੇਤਰ ਮੇਪਲਰਿੱਜ਼ ਤੇ ਪਿਟਮੀਡੋਜ਼ ਨਗਰਪਾਲਿਕਾਵਾਂ ਹਨ। |
| ਰਿੱਜ ਮੀਡੋਜ਼ ਟੈਕਸੀ: | ਇਸ ਟੈਕਸੀ ਕੰਪਨੀ ਦੀਆਂ 10 ਟੈਕਸੀਆਂ ਹਨ ਅਤੇ ਇਹ ਮੇਪਲਰਿੱਜ ਤੇ ਪਿਟਮੀਡੋਜ਼ ਵਿੱਚੋਂ ਸਵਾਰੀਆਂ ਚੁੱਕਦੀ ਹੈ। |
| ਸਿਡਸ ਟੈਕਸੀ: | ਇਹ ਕੰਪਨੀ ਮੇਪਲਰਿੱਜ ਤੇ ਪਿੱਟਮੀਡੋਜ਼ ਵਿੱਚ ਕੰਮ ਕਰਦੀ ਹੈ ਅਤੇ ਇਸ ਕੰਪਨੀ ਕੋਲ 10 ਟੈਕਸੀਆਂ ਹਨ। |